# ਗੁਰੂ ਘੰਟਾਲ ਮੇਰੇ ਪਿੰਡ ਦੇ



ਬਲਵਿੰਦਰ ਸਿੰਘ ਫ਼ਤਹਿਪੁਰੀ

891.428 ** ☺ ☺ ☺
**Fatehpuri, Balvinder Singh**

Guru ghantal : mere pind de / Balvinder Singh Fatehpuri. - Chandigarh : Tarlochan Publishers, 2009. - 111 p. ; 23 cm.
ISBN: 9788171428342
Panjabi text; Pen portraits of chieftains in the author's village.
CILLA: vz09300147
Star Books ; 093/14 ; £6.25
FEB 2010

ADULT
LENDING
LIBRARY

29 MAY 2018

25 JUL 2018

26 OCT 2018

| | |
|---|---|
| Lending Services | 552027 |
| [redacted] | [redacted] |
| 24hr Renewal Hotline | 552500 |

Please return/renew this item by the last date shown
Thank you for using your library

**Wolverhampton Libraries**

LS 1636 6.11

X000000120874

# ਗੁਰੂ ਘੰਟਾਲ ਮੇਰੇ ਪਿੰਡ ਦੇ

• *ਲੇਖਕ ਦੀਆਂ ਹੋਰ ਰਚਨਾਵਾਂ :*

*ਕਾਵਿ-ਸੰਗ੍ਰਹਿ*

- *ਲੁੱਟੇ ਗਏ*

*ਨਿਬੰਧ*

- ਖਰੀਆਂ ਖਰੀਆਂ
- ਸੱਚੀਆਂ ਸੱਚੀਆਂ
- ਮੇਰਾ ਕੁਫ਼ਰਸਤਾਨ
- ਮੇਰੇ ਵਤਨ ਦੇ ਲੋਕੋ

*ਰੇਖਾ ਚਿਤਰ*

- ਮੇਰੇ ਪਿੰਡ ਦਾ ਸ਼ੁਗਲਸਤਾਨ
- ਮੇਰੇ ਪਿੰਡ ਦੇ ਭੱਦਰ ਪੁਰਸ਼
- ਮੇਰੇ ਪਿੰਡ ਦੇ ਗੁਰੂ ਘੰਟਾਲ
- ਮਜਾਜਣਾਂ ਮੇਰੇ ਪਿੰਡ ਦੀਆਂ

# ਗੁਰੂ ਘੰਟਾਲ ਮੇਰੇ ਪਿੰਡ ਦੇ

ਬਲਵਿੰਦਰ ਸਿੰਘ ਫ਼ਤਹਿਪੁਰੀ

09300147

WOLVERHA... LIBRARIES

ALIS

X000000120874

PUN 891.428 FAT

10725

**Guru Gantal Mere Pind De**

*by*

**Balwinder Singh Fatehpuri**

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*©2009*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

*ਧਰਤੀ ਦੇ ਉਨ੍ਹਾਂ ਮਹਾਨ ਵਿਅਕਤੀਆਂ ਨੂੰ ਜਿਹੜੇ ਬਗ਼ੈਰ ਕਿਸੇ ਦੰਭ-ਪਾਖੰਡ ਜਾਂ ਮਖੌਟੇ-ਮੁਲੰਮੇ ਦੇ, ਪੂਰਨ ਸਵੈ-ਵਿਸ਼ਵਾਸ ਤੇ ਸਿਦਕ ਨਾਲ, ਆਪਣੀ ਜੀਵਨ ਬੇੜੀ ਨੂੰ ਅਡੋਲ ਵੀ ਰੱਖਦੇ ਹਨ ਤੇ ਮਾਰੂ ਮੰਝਧਾਰਾਂ ਵਿਚੋਂ ਚੀਰ ਕੇ ਲੰਘ ਜਾਣ ਦੀ ਅਦੁੱਤੀ ਸਮਰੱਥਾ ਵੀ। ਉਨ੍ਹਾਂ ਨੂੰ ਸਮਾਜ ਦੇ 'ਗੁਰੂ ਘੰਟਾਲਾਂ, ਚੌਧਰੀਆਂ ਤੇ ਪਤਵੰਤਿਆਂ' ਵਾਂਗ ਦੋਹਰੇ-ਚੌਹਰੇ ਮਾਪਦੰਡਾਂ ਦੀ ਆੜ ਨਹੀਂ ਲੈਣੀ ਪੈਂਦੀ। ਉਨ੍ਹਾਂ ਦਾ ਜੀਵਨ ਇਕ ਪਵਿੱਤਰ ਸਰੋਵਰ ਦੀ ਨਿਆਈਂ ਹੁੰਦਾ ਹੈ। ਜਿਸ ਵਿਚੋਂ ਕੋਈ ਵੀ ਪੰਖੇਰੂ ਮਨਮਰਜ਼ੀ ਨਾਲ ਉਤਸ਼ਾਹ ਰੂਪੀ ਚਰਨਾਮਤ ਲੈ ਕੇ ਮੁਕਤੀ ਲਈ ਪਰਵਾਜ਼ ਭਰ ਸਕਦਾ ਹੈ।*

# ਤਰਤੀਬ


| | |
|---|---|
| ਬਾਗਾ ਘੈਂਟ | 9 |
| ਤਰਲੋਕਾ ਤੋਪ | 14 |
| ਵੱਸਣ ਵਹਿਮੀ | 18 |
| ਮਾਸਟਰ ਮੋਤਾ ਸਿੰਘ | 22 |
| ਜੋਗਾ ਜੁਗਾੜੀ | 26 |
| ਸਿਆਣਪ ਦਾ ਸਮੁੰਦਰ | 30 |
| ਮਾਸਟਰ ਮਿੱਠਾ ਸਿੰਘ ਤੂੰਆਂ | 34 |
| ਅੜਬੇ ਆਜ਼ਮ ਤੇਜਾ ਸਿੰਘ | 39 |
| ਜਗੀਰਾ ਜਾਲ | 43 |
| ਜੈਮਲ ਸਿੰਘ | 47 |
| ਜੱਗਾ ਪਟਵਾਰੀ | 52 |
| ਬਾਬਾ ਕਲਜੁਗ | 58 |
| ਰਾਜੂ ਰੰਘਰੇਟਾ | 62 |
| ਜੀਤਾ ਨਿਹੰਗ | 66 |
| ਬਾਟੀ ਭਲਵਾਨ | 70 |
| ਬਾਬਾ ਟੀਨੋਪਾਲ | 76 |
| ਉਜਾਗਰ ਪਹਿਲਵਾਨ | 80 |
| ਅਫ਼ਸਰ ਸਾਹਿਬ | 81 |
| ਬਾਬਾ ਭਗੌੜਾ | 88 |
| ਪੂਰਨ ਪੰਗੇਬਾਜ਼ | 92 |
| ਛੜਾ ਮਾਸਟਰ | 96 |
| ਭਾਊ ਪੈਦਲ ਸਿੰਘ | 100 |
| ਸ਼ਿਵ ਦਿਆਲ ਸਿੰਘ | 105 |
| ਲੇਕਿਨ ਸਾਹਿਬ | 108 |

# ਇਨ੍ਹਾਂ ਮਹਾਪੁਰਸ਼ਾਂ ਬਾਰੇ

ਸਾਧਾਰਨ ਭਾਸ਼ਾ ਵਿਚ ਆਮ ਲੋਕਾਂ ਵਿਚੋਂ ਜਿਹੜੇ ਚੁਸਤ-ਚਲਾਕ, ਜੁਗਤੀ-ਜਗਾੜੀ ਜਾਂ ਚਲਦੇ ਪੁਰਜ਼ੇ ਹੁੰਦੇ ਹਨ, ਪੇਂਡੂ ਬੋਲੀ ਵਿਚ ਉਨ੍ਹਾਂ ਨੂੰ ਘੈਂਟ ਬੰਦੇ ਜਾਂ ਗੁਰੂ ਘੰਟਾਲ ਆਖਿਆ ਜਾਂਦਾ ਹੈ। ਬਹੁਤ ਬੰਦਿਆਂ ਦੀ ਇਹ ਫ਼ਿਤਰਤ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਘੈਂਟ ਅਖਵਾ ਕੇ ਪ੍ਰਸੰਨ ਹੁੰਦੇ ਹਨ। ਅਜਿਹੇ ਲੋਕ ਬੜੀ ਸੰਜੀਦਗੀ ਨਾਲ ਤਾਂਘਦੇ ਹਨ ਕਿ ਆਲੇ-ਦੁਆਲੇ ਵਿਚ ਉਨ੍ਹਾਂ ਦਾ ਪੂਰਾ ਮਾਣ ਤਾਣ ਹੋਵੇ, ਟੌਹਰ ਟਪੱਕਾ ਹੋਵੇ। ਉਨ੍ਹਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਪਰੇ-ਪੰਚਾਇਤ ਅਤੇ ਸਾਕ-ਸੰਬੰਧੀਆਂ ਵਿਚ ਉਨ੍ਹਾਂ ਦੀ ਪੂਰੀ ਤੂਤੀ ਬੋਲੇ ਅਤੇ ਲੋਕ ਉਨ੍ਹਾਂ ਨੂੰ ਕਹਿੰਦੇ-ਕਹਾਉਂਦੇ, ਖਾਂਦੇ-ਪੀਂਦਿਆਂ ਤੇ ਪਤਵੰਤਿਆਂ ਵਿਚ ਸ਼ੁਮਾਰ ਕਰਨ।

ਹਰ ਪਿੰਡ ਦੇ ਛੋਟੇ ਜਿਹੇ ਮਿੰਨੀ ਸਮਾਜ ਵਿਚ ਦਰਜਨਾਂ ਬੰਦੇ ਇਸ ਦੌੜ ਵਿਚ ਸ਼ਾਮਲ ਹੁੰਦੇ ਹਨ। ਓੜਕ ਚੰਦ ਕੁ ਮਾਈ ਦੇ ਲਾਲ ਘੈਂਟਾਂ ਦੀ ਨਗਰੀ ਵਿਚ ਪ੍ਰਵੇਸ਼ ਪਾ ਸਕਦੇ ਹਨ। ਪਿੰਡਾਂ ਵਿਚ ਅਣਖ ਨਾਲ ਜਿਊਣ ਦੀ ਲਾਲਸਾ ਸ਼ਹਿਰੀਆਂ ਨਾਲੋਂ ਕਿਤੇ ਵਧੇਰੇ ਹੁੰਦੀ ਹੈ। ਕੋਈ ਨਹੀਂ ਚਾਹੁੰਦਾ ਕਿ ਲੋਕੀ ਉਹਨੂੰ ਠੇਠਰ ਜਾਂ ਪਾਜੀ ਆਖਣ। ਪਿੰਡ ਵਿਚ ਬਹੁਤ ਸਾਰੇ ਲਾਕੜੀਆਂ, ਚੌਧਰੀਆਂ ਅਤੇ ਚੋਬਰਾਂ ਦੀ ਇਹ ਖਾਹਸ਼ ਹੁੰਦੀ ਹੈ ਕਿ ਉਹ ਆਪਣੇ ਸ਼ਰੀਕਾਂ ਤੇ ਦੋਖੀਆਂ ਨੂੰ ਆਪਣੀਆਂ ਲੱਤਾਂ ਹੇਠੋਂ ਲੰਘਾਉਣ ਅਤੇ ਪਿੰਡ ਦੀਆਂ ਗਲੀਆਂ ਬਾਜ਼ਾਰਾਂ ਵਿਚ ਮੁੱਛਾਂ ਨੂੰ ਅਕੜਾ ਕੇ, ਆਕੜ ਕੇ, ਨਿਸ਼ੰਗ ਹੋ ਕੇ ਲੰਘ ਸਕਣ। ਇਨ੍ਹਾਂ ਤੋਂ ਕੰਮ ਲੈਣ ਜਾਂ ਗਰਜ ਪੂਰੀ ਕਰਨ ਲਈ ਲੋਕ ਇਨ੍ਹਾਂ ਨੂੰ ਗੁਰੂ ਜੀ ਜਾਂ 'ਘੈਂਟ ਭਾ ਜੀ' ਕਹਿ ਕੇ ਪੁਕਾਰਦੇ ਹਨ ਤਾਂ ਖ਼ੁਸ਼ੀ ਨਾਲ ਇਨ੍ਹਾਂ ਦੇ ਪੈਰ ਭੁੰਜੇ ਨਹੀਂ ਲੱਗਦੇ।

ਗੁਰੂ ਘੰਟਾਲ ਬਣਨਾ ਦਲੇਰੀ ਦਾ ਕੰਮ ਹੈ। ਪਿੰਡ ਦੇ ਨੱਥੂ ਖਹਿਰੇ ਜਾਂ ਲੰਡੀ ਬੁੱਚੀ ਇਸ ਰੁਤਬੇ ਨੂੰ ਗ੍ਰਹਿਣ ਨਹੀਂ ਕਰ ਸਕਦੇ। ਆਪਣਾ ਜਲਵਾ ਵਿਖਾਉਣ ਲਈ ਇਹ ਲੋਕ ਇਕ ਪਾਸਿਓਂ ਚਾਦਰ ਚੁੱਕ ਕੇ, ਪਗੜੀ ਨੂੰ ਟੇਢਾ ਕਰ ਕੇ, ਤੁਰਰਾ ਕੱਢ ਕੇ ਮੁੱਛਾਂ ਨੂੰ ਵੱਟ ਦੇ ਕੇ, ਲਿਸ਼ਕਵੇਂ ਕੁੜਤੇ ਉਪਰ ਅਤਰ ਫੁਲੇਲ ਛਿੜਕ ਕੇ ਜਦੋਂ ਘਰੋਂ ਬਾਹਰ ਨਿਕਲਦੇ ਹਨ ਤਾਂ ਪਰਲੋ ਆ ਜਾਂਦੀ ਹੈ। ਇਹ ਲੋਕ ਜਾਇਜ਼ ਨਜਾਇਜ਼ ਤਰੀਕੇ ਨਾਲ, ਅਲਟੀ-ਪਲਟੀ ਮਾਰ ਕੇ, ਚੌਧਰ ਨੂੰ ਕਿਸੇ ਕੀਮਤ ਵੀ ਹੱਥੋਂ ਛੱਡਣਾ ਨਹੀਂ ਚਾਹੁੰਦੇ। ਇਨ੍ਹਾਂ ਦੇ ਗੁਮਾਸ਼ਤੇ ਤੇ ਚੇਲੇ-ਚਾਂਟੇ ਮੋਢਿਆਂ 'ਤੇ ਡਾਂਗਾ ਉਲਾਰ ਕੇ, ਇਨ੍ਹਾਂ ਦੇ ਇਰਦ-ਗਿਰਦ ਲਮਕਦੇ ਫਿਰਦੇ ਹਨ। ਜਿੰਨੀ ਵੱਡੀ ਕਿਸੇ ਦੀ ਢਾਣੀ ਹੋਵੇ, ਓਨਾ ਵੱਡਾ ਹੀ ਉਹ ਘੈਂਟ ਹੋਵੇਗਾ। ਇਨ੍ਹਾਂ ਘੰਟਾਲਾਂ

ਨੂੰ ਪਿੰਡੋਂ ਬਾਹਰ ਭਾਵੇਂ ਕਾਲੀ ਕੁੱਤੀ ਨਾ ਜਾਣਦੀ ਹੋਵੇ ਪਰ ਆਪਣੇ ਪਿੰਡ ਵਿਚ ਉਨ੍ਹਾਂ ਦਾ ਪੂਰਾ-ਪੂਰਾ ਜਬਾ-ਜਲੌਅ ਹੁੰਦਾ ਹੈ।

ਸ਼ਹਿਰੀਕਰਨ ਦੀ ਕਾਲੀ ਬੋਲੀ ਹਨੇਰੀ ਸਦਕਾ ਗੁਰੂ ਘੰਟਾਲਾਂ ਦੀ ਨਸਲ ਅਲੋਪ ਹੁੰਦੀ ਜਾ ਰਹੀ ਹੈ। ਜੀਵਨ ਦੇ ਨਿਰੰਤਰ ਸੰਘਰਸ਼ ਨੇ ਬਹੁਤਿਆਂ ਨੂੰ ਆਰਥਿਕ ਚੱਕੀ ਵਿਚ ਪੀਸ ਦਿੱਤਾ ਹੈ। ਘੈਂਟ-ਪੁਣੇ ਦਾ ਸ਼ੌਕ ਪਾਲਣਾ ਦੁਸ਼ਵਾਰ ਤੇ ਫਿੱਕਾ ਪੈ ਗਿਆ ਹੈ। ਮਨੁੱਖ ਰੀਝਾਂ ਤੇ ਰੁਝੇਵੇਂ ਪਲ-ਪਲ ਆਪਣਾ ਰੂਪ ਵਟਾ ਰਹੇ ਹਨ। ਮੁਕਾਬਲੇਬਾਜ਼ੀ ਦੇ ਚੰਦਰੇ ਚੱਕਰ ਨੇ ਪੇਂਡੂ ਨੌਜਵਾਨਾਂ ਨੂੰ ਰੋਜ਼ੀ ਰੋਟੀ ਦੀ ਭੱਠੀ ਵਿਚ ਝੋਕ ਦਿੱਤਾ ਹੈ। ਪੇਂਡੂ ਚਾਅਵਾਂ ਤੇ ਮਲ੍ਹਾਰਾਂ ਦੀ ਆਧੁਨਿਕਤਾ ਦੀ ਹਨੇਰੀ ਨੇ ਪੈਰ ਉਖਾੜ ਦਿੱਤੇ ਹਨ। ਭਵਿੱਖ ਵਿਚ ਇਸਦਾ ਮੂੰਹ-ਮੁਹਾਂਦਰਾ ਕਿਹੋ ਜਿਹਾ ਹੋਵੇਗਾ, ਅੱਲਾ ਹੀ ਜਾਣਦਾ ਹੈ—ਬੰਦਾ ਨਹੀਂ।

ਹਰ ਮਨੁੱਖ ਦੀ ਇਹ ਪ੍ਰਬਲ ਖਾਹਸ਼ ਹੁੰਦੀ ਹੈ ਕਿ ਉਹ ਪਤਵੰਤਾ ਜਾਂ ਚੌਧਰੀ ਅਖਵਾਵੇ। ਲੋਕੀ ਉਹਦੇ ਕੋਲੋਂ ਪੁੱਛ ਪ੍ਰਤੀਤਾਂ ਕਰਨ ਅਤੇ ਉਹਦੇ ਮਸ਼ਵਰੇ ਲਈ ਲੋਕ ਵਹੀਰਾਂ ਘੱਤਣ। ਉਹ ਲੋਕਾਂ ਨੂੰ ਆਧੀਆਂ-ਪਆਧੀਆਂ ਤੋਂ ਨਿਜ਼ਾਤ ਦਵਾਉਣ। ਗੁਰੂ ਘੰਟਾਲ ਦੱਸਦੇ ਹਨ ਕਿ ਕਿਵੇਂ ਕਿਸੇ ਦੀ ਝੌਰ ਮੱਠੀ ਕਰਨੀ ਹੈ। ਕਿਵੇਂ ਕਿਸੇ ਦੀ ਫੱਟੀ ਪੋਚਣੀ ਤੇ ਘੀਸੀ ਕਰਾਉਣੀ ਹੈ ਜਾਂ ਫੁੱਲ ਚੁਗਣੇ ਹਨ ਜਾਂ ਕਿਵੇਂ ਕਿਸੇ ਦੇ ਜੋੜਾਂ ਵਿਚ ਬੈਠਣਾ ਹੈ। ਇਹ ਘੰਟਾਲਾਂ ਦਾ ਖੱਬੇ ਹੱਥ ਦਾ ਕੰਮ ਹੈ। ਇਸੇ ਵਿਧੀ ਨਾਲ ਗੁਰੂ ਘੰਟਾਲ ਦੁਸ਼ਮਣਾਂ ਨੂੰ ਲੱਤਾਂ ਹੇਠੋਂ ਲੰਘਾਉਂਦੇ ਹਨ ਅਤੇ ਸੱਜਣਾਂ ਨੂੰ ਤੱਤੀ 'ਵਾਅ ਨਹੀਂ ਲੱਗਣ ਦੇਂਦੇ। ਇਹ ਇਕ ਅਜਿਹੀ ਜੀਵਨ ਸ਼ੈਲੀ ਹੈ ਜਿਸਦਾ ਬਹੁਤੀ ਦੁਨੀਆ ਦਮ ਭਰਦੀ ਹੈ। ਇਸ ਪੁਸਤਕ ਵਿਚ ਅਜਿਹੇ ਕੁਝ ਵਿਅਕਤੀਆਂ ਦਾ ਵਰਨਣ ਕੀਤਾ ਹੈ, ਜਿਨ੍ਹਾਂ ਦੀ ਪੂਰੀ ਤੂਤੀ ਵੱਜਦੀ ਹੈ ਅਤੇ ਉਹ ਇਸੇ ਖ਼ੁਮਾਰ ਵਿਚ ਨਿਧੜਕ ਹੋ ਕੇ ਆਪਣੀ ਇਸ ਤਲਿੱਸਮੀ ਕਲਾ ਦਾ ਪ੍ਰਯੋਗ ਕਰੀ ਜਾ ਰਹੇ ਹਨ।

*-ਲੇਖਕ*

# ਬਾਗਾ ਘੈਂਟ

ਦਿਲਬਾਗ ਸਿੰਘ ਸਾਡੇ ਪਿੰਡ ਦੇ ਨੰਬਰਦਾਰ ਵਧਾਵਾ ਸਿੰਘ ਦਾ ਲੜਕਾ ਸੀ। ਉਹ ਕੰਬੋਜ ਜਾਤੀ ਨਾਲ ਸੰਬੰਧ ਰੱਖਦਾ ਸੀ। ਜਦੋਂ ਉਹ ਸਕੂਲ ਪੜ੍ਹਦਾ ਸੀ ਤਾਂ ਖ਼ਾਲਸਾ ਕਾਲਜ ਵਿਚ ਉਸਦੀ ਜਮਾਤ ਦੇ ਬਹੁਤੇ ਮੁੰਡੇ ਜੱਟਾਂ ਦੇ ਸਨ। ਸਕੂਲ ਵਿਚ ਪੂਰੀ ਜੱਟਾ-ਸ਼ਾਹੀ ਚਲਦੀ ਸੀ। ਹੋਰ ਕਿਸੇ ਜਾਤੀ ਨੂੰ ਉਹ ਕੁਸਕਣ ਨਹੀਂ ਸਨ ਦੇਂਦੇ। ਜਿਸ ਨੂੰ ਵੀ ਉਨ੍ਹਾਂ ਨੇ ਜ਼ਲੀਲ ਕਰਨਾ ਹੁੰਦਾ, ਉਹ ਜਾਤੋ-ਜਾਤੀ ਹੋ ਜਾਂਦੇ ਸਨ। 'ਕੁੱਤਾ ਕਮੋ, ਕੁੱਤਾ ਮਹਿਰਾ, ਕੁੱਤਾ ਤਰਖਾਣ, ਕੁੱਤਾ ਕਰਾੜ ਤੇ ਕੁੱਤਾ ਬਾਹਮਣ'। ਉਹ ਸਭਨਾਂ ਜਾਤੀਆਂ ਨੂੰ ਆਪਣੀ ਪਰਜਾ ਹੀ ਸਮਝਦੇ ਸਨ। ਜੇਕਰ ਕੋਈ ਅਧਿਆਪਕ ਨੀਵੀਂ ਜਾਤੀ ਵਿਚੋਂ ਹੁੰਦਾ ਤਾਂ ਉਹ ਆਖਦੇ—"ਇਨ੍ਹਾਂ ਟੁੱਟੀਆਂ-ਭੱਜੀਆਂ ਜਾਤਾਂ ਨੇ ਕੀ ਪੜ੍ਹਾਉਣਾ ਏ ? ਇਹ ਜਾ ਕੇ ਗੁੱਲੀਆਂ ਘੜਨ। ਇਹ ਜਾ ਕੇ ਭਾਂਡੇ ਮਾਂਜਣ। ਇਹ ਜਾ ਕੇ ਤਕੜੀ ਫੜਨ, ਏਥੇ ਸਕੂਲ ਕੀ ਲੈਣ ਆਏ ਨੇ ?" ਜੇਕਰ ਕੋਈ ਬਹਾਦਰੀ ਦਾ ਕੰਮ ਕਰਦਾ ਤਾਂ ਜੱਟ ਹੋਵੇਗਾ, ਜੇਕਰ ਕੋਈ ਢੂਈ ਵਿਖਾ ਗਿਆ ਤਾਂ ਉਹ ਕੋਈ ਵੱਢੀ ਟੁੱਕੀ ਜਾਤ ਹੋਵੇਗਾ। ਦਿਲਬਾਗ ਜਦੋਂ ਅਜਿਹੀਆਂ ਗੱਲਾਂ ਕੰਨਾਂ ਨਾਲ ਸੁਣਦਾ ਤਾਂ ਉਸਦੇ ਕੰਨ ਸੜ ਜਾਂਦੇ। ਉਸ ਨੂੰ ਬਹੁਤ ਵੱਟ ਚੜ੍ਹਦਾ ਪਰ ਉਹ ਚੁੱਪ ਕਰ ਰਹਿੰਦਾ।

ਇਕ ਦਿਨ ਉਸਦੀ ਜਮਾਤ ਦੇ ਇਕ ਜੱਟਾਂ ਦੇ ਮੁੰਡੇ ਬਿੰਦਰ ਨੇ ਉਸਦੀ ਜਾਤੀ ਬਾਰੇ ਕੋਈ ਚੁਭਵੀਂ ਗੱਲ ਆਖੀ। ਉਹ ਪਹਿਲਾਂ ਹੀ ਭਰਿਆ ਪੀਤਾ ਸੀ। ਦਿਲਬਾਗ ਨੂੰ ਮੁੰਡੇ ਕੇਵਲ ਬਾਗਾ ਹੀ ਆਖਦੇ ਸਨ। ਉਸਨੇ ਅੱਗੋਂ ਬਿੰਦਰ ਨੂੰ ਕਿਹਾ—"ਕੀ ਇਰਾਦਾ ਏ ਤੇਰਾ ਕੁੱਤਿਆ ਜੱਟਾ ? ਜਾਨ ਨਹੀਂ ਲੋੜੀਦੀ ਤੈਨੂੰ ?" ਬਿੰਦਰ ਨੇ ਬੜੀ ਦਲੇਰੀ ਨਾਲ ਉਸ ਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢੀਆਂ ਤੇ ਦੋਵੇਂ ਗੁੱਥਮ-ਗੁੱਥਾ ਹੋ ਗਏ। ਵਾਹਵਾ ਪੰਜ ਕੁ ਮਿੰਟ ਆਪਸ ਵਿਚ ਘਸੁੰਨ-ਮੁੱਕੀ ਹੁੰਦੇ ਰਹੇ ਤੇ ਫਿਰ ਮੁੰਡਿਆਂ ਨੇ ਵਿਚ ਪੈ ਕੇ ਛੁਡਾ ਦਿੱਤਾ। ਛੁਡਾਉਣ ਵਾਲੇ ਇਕ ਨੇ ਬਾਗੇ ਨੂੰ ਆਖਿਆ—"ਜਿੰਨੀ ਕੁ ਕੁੱਤੀ ਹੋਵੇ, ਓਨਾ ਕੁ ਹੱਡ ਚੁੱਕਣਾ ਚਾਹੀਦਾ ਆ। ਐਵੇਂ ਜੱਟਾਂ ਨਾਲ ਪੰਗੇ ਨਾ ਲਿਆ ਕਰ।" ਬਾਗੇ ਨੇ ਗ਼ੁੱਸੇ ਵਿਚ ਆ ਕੇ ਉਹਨੂੰ ਵੀ ਦੋ ਹੱਥ ਕਰਨ ਲਈ ਆਖਿਆ। ਉਹ ਅੱਗੋ ਠਠੰਬਰ ਗਿਆ। ਬਾਗਾ ਬੜੇ ਟੌਹਰ ਨਾਲ ਉਹਨੂੰ ਅੱਖਾਂ ਵਿਖਾਉਂਦਾ ਆਪਣੀ ਜਮਾਤ ਵਿਚ ਚਲਾ ਗਿਆ।

ਸਾਰੀ ਛੁੱਟੀ ਵੇਲੇ ਬਾਗੇ ਦੇ ਸਾਥੀ ਵੀ ਉਸ ਕੋਲ ਇਕੱਠੇ ਹੋ ਕੇ ਪੁੱਛਣ ਲੱਗੇ ਕਿ ਅੱਧੀ ਛੁੱਟੀ ਕੀ ਗੱਲ ਹੋਈ ਸੀ ? ਉਧਰੋਂ ਬਿੰਦਰ ਦੇ ਯਾਰ ਬੇਲੀ ਵੀ ਸਕੂਲੋਂ ਬਾਹਰ ਬਾਗੇ ਨੂੰ ਫੜਨ ਲਈ ਤਿਆਰ-ਬਰ-ਤਿਆਰ ਸਨ। ਜਦੋਂ ਇਕ ਦੂਜੇ ਦੇ ਸਾਹਮਣੇ ਆਏ ਤਾਂ ਗਾਲ੍ਹਾਂ ਦੀਆਂ

ਬੁਛਾੜਾਂ ਪੈਣ ਲੱਗੀਆਂ। ਫਿਰ ਡਾਂਗ ਸੋਟਾ ਚੱਲਣ ਲੱਗਾ। ਬਾਗੇ ਨੇ ਬਿੰਦਰ ਨੂੰ ਫੜ ਕੇ ਬਹੁਤ ਮਧੋਲਿਆ ਪਰ ਉਸਦੇ ਸਾਥੀਆਂ ਨੇ ਬਾਗੇ ਨੂੰ ਉੱਤੋਂ ਡਾਂਗਾਂ ਮਾਰ ਕੇ ਲਾਹ ਲਿਆ ਤੇ ਬਿੰਦਰ ਹੇਠੋਂ ਨਿਕਲ ਪਰ੍ਹੇ ਦੌੜ ਗਿਆ। ਦੋਵੇਂ ਪਾਸੇ ਖ਼ੂਬ ਠਾਹ-ਠਾਹ ਹੋਈ। ਤਾੜ-ਤਾੜ ਡਾਂਗਾਂ ਸੋਟੇ ਚੱਲੇ ਤੇ ਫਿਰ ਜਦੋਂ ਸਕੂਲੇ ਮਾਸਟਰਾਂ ਨੂੰ ਪਤਾ ਲੱਗਾ ਤਾਂ ਉਹ ਇਕ ਦੂਜੇ ਨੂੰ ਉਥੇ ਹੀ ਛੱਡ ਕੇ ਭੱਜ ਗਏ। ਮੈਦਾਨ ਖ਼ਾਲੀ ਹੋ ਗਿਆ। "ਨਲਾਇਕ ਨਾ ਹੋਣ ਤਾਂ! ਕੁੱਤੇ ਹਰਾਮੀ!" ਮਾਸਟਰ ਖਿਝ ਕੇ ਆਖਣ ਲੱਗੇ।

ਅਗਲੇ ਦਿਨ ਸਵੇਰੇ ਹੈੱਡਮਾਸਟਰ ਨੇ ਦੋਹਾਂ ਗਰੁੱਪਾਂ ਨੂੰ ਦਫ਼ਤਰੇ ਪੇਸ਼ ਹੋਣ ਲਈ ਆਖਿਆ। ਉਨ੍ਹਾਂ ਦੀਆਂ ਗੱਲਾਂ-ਬਾਤਾਂ ਸੁਣੀਆਂ ਤੇ ਦੋਵੇਂ ਧੜਿਆਂ ਦੇ ਲੀਡਰਾਂ ਨੂੰ ਦਸ-ਦਸ ਬੈਂਤ ਤੇ ਬਾਕੀਆਂ ਨੂੰ ਪੰਜ-ਸੱਤ ਬੈਂਤ ਮਾਰੇ। ਉਨ੍ਹਾਂ ਨੂੰ ਅਗਾਂਹ ਤੋਂ ਨਾ ਲੜਨ ਦੀ ਹਦਾਇਤ ਕੀਤੀ ਗਈ। ਜੇਕਰ ਉਹ ਦੋਬਾਰਾ ਲੜੇ ਤਾਂ ਸਕੂਲੋਂ ਕੱਢ ਦਿੱਤੇ ਜਾਣਗੇ। ਇਸ ਲਈ ਮੁੜ ਕੇ ਬਿੰਦਰ ਤੇ ਬਾਗੇ ਦੀ ਦੋਬਾਰਾ ਲੜਾਈ ਤਾਂ ਨਾ ਹੋਈ ਪਰ ਨੋਕ-ਝੋਕ ਹੁੰਦੀ ਰਹਿੰਦੀ ਸੀ। ਬਾਗੇ ਦੀ ਜੁਰਅਤ ਵੇਖ ਕੇ ਉਸ ਦੇ ਜਮਾਤੀ ਉਸ ਨੂੰ ਬਾਗਾ ਘੈਂਟ ਆਖਣ ਲੱਗ ਪਏ ਸਨ। ਜਦੋਂ ਉਸ ਨੂੰ ਮੁੰਡੇ ਘੈਂਟ ਆਖ ਕੇ ਬੁਲਾਉਂਦੇ ਤਾਂ ਉਹ ਹੋਰ ਚੌੜਾ ਹੋ ਜਾਂਦਾ ਸੀ। ਪਰ ਇਹ ਲੜਾਈ ਸਕੂਲ ਤੋਂ ਪਿੰਡ ਵਿਚ ਜਾ ਪਹੁੰਚੀ। ਜਦੋਂ ਉਨ੍ਹਾਂ ਦੇ ਵੱਡਿਆਂ ਨੂੰ ਪਤਾ ਲੱਗਾ ਤਾਂ ਉਹ ਬਜਾਇ ਕਿ ਉਨ੍ਹਾਂ ਨੂੰ ਵਰਜਣ, ਉਨ੍ਹਾਂ ਨੂੰ ਲੜਨ ਲਈ ਉਕਸਾਉਣ ਲੱਗੇ। ਭਾਵੇਂ ਪਿੰਡ ਦੇ ਦਾਨਿਆਂ ਬਜ਼ੁਰਗਾਂ ਨੂੰ ਇਹ ਗੱਲ ਚੰਗੀ ਨਾ ਲੱਗੀ ਪਰ ਹੁਣ ਜਾਤੀਵਾਦ ਸਿਰ ਚੁੱਕ ਰਿਹਾ ਸੀ। ਵੋਟਾਂ ਦੀ ਸਿਆਸਤ ਵੀ ਜਾਤੀਆਂ ਦੇ ਹਿਸਾਬ ਨਾਲ ਹੋਣ ਲੱਗੀ। ਉਨ੍ਹਾਂ ਨੇ ਮੁੰਡਿਆਂ ਨੂੰ ਮਗਰ ਲਾ ਕੇ ਇਕ ਦੂਜੇ ਦੇ ਵਿਆਹ ਸ਼ਾਦੀ ਜਾਂ ਮਰਗ 'ਤੇ ਜਾਣਾ ਘੱਟ ਕਰ ਦਿੱਤਾ। ਮੁੰਡੇ ਕਈ ਵਾਰੀ ਨਿਗੂਣੀਆਂ ਗੱਲਾਂ ਤੇ ਇਕ ਦੂਜੇ ਨੂੰ ਜਾਤੀ ਮਿਹਣੇ ਦੇਣ ਲੱਗ ਪੈਂਦੇ। ਫਿਰਕੂ ਭਾਈਚਾਰਾ ਤੇ ਸਦਭਾਵਨਾ ਦਿਨੋ-ਦਿਨ ਫਿੱਕੀ ਪੈਂਦੀ ਜਾ ਰਹੀ ਸੀ।

ਪਰ ਹੁਣ ਤਾਂ ਤੂੜੀ ਦੀ ਪੰਡ ਖੁੱਲ੍ਹ ਗਈ ਸੀ। ਪਹਿਲਾਂ ਪਿੰਡ ਵਿਚ ਸਭ ਦਾ ਸਾਂਝਾ ਇਕੋ ਗੁਰਦੁਆਰਾ ਸੀ ਜਿਥੇ ਸ਼ਾਦੀਆਂ ਪੁਰਬਾਂ ਤੇ ਲੋਕ ਹੁੰਮ-ਹੁੰਮਾ ਕੇ ਲੋਕ ਪਹੁੰਚਦੇ ਸਨ ਪਰ ਪਿੰਡ ਦੇ ਕੰਬੋਜ ਸਿੱਖਾਂ ਨੇ ਆਪਣਾ ਨਵਾਂ ਗੁਰਦੁਆਰਾ ਬਣਾ ਲਿਆ। ਵੱਡੇ ਗੁਰਦੁਆਰੇ ਵਿਚ ਕੇਵਲ ਜੱਟ ਸਿੱਖ ਤੇ ਦੂਜੇ ਵਿਚ ਬਾਕੀ ਸਾਰਾ ਪਿੰਡ ਜਾਣ ਲੱਗਾ। ਵੱਖੋ-ਵੱਖਰੇ ਗੁਰਪੁਰਬ ਮਨਾਏ ਜਾਣ ਲੱਗੇ। ਵੱਖਰੇ-ਵੱਖਰੇ ਲੰਗਰ ਲੱਗਣ ਲੱਗੇ। ਜੱਟ ਕਿਉਂਕਿ ਹਰੀਜਨਾਂ ਦੇ ਆਉਣ ਨਾਲ ਨੱਕ-ਮੂੰਹ ਵੱਟਦੇ ਸਨ, ਇਸ ਲਈ ਹਰੀਜਨਾਂ ਨੇ ਕੰਬੋਜਾਂ ਦੇ ਭਾਈ ਮਨੀ ਸਿੰਘ ਵਾਲੇ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ। ਜੱਟ ਬਿਲਕੁਲ ਵੱਖਰੇ ਤੇ ਅਲੱਗ ਹੋ ਗਏ। ਇਹ ਬਿਮਾਰੀ ਮੜ੍ਹੀਆਂ ਤਕ ਪਹੁੰਚ ਗਈ। ਜੱਟਾਂ ਨੇ ਬਾਕੀਆਂ ਨੂੰ ਆਪਣੀਆਂ ਮੜ੍ਹੀਆਂ ਵਿਚ ਆਉਣੋਂ ਰੋਕ ਦਿੱਤਾ।

ਸਭ ਤੋਂ ਪਹਿਲਾਂ ਕੰਬੋਜ ਜ਼ਿਮੀਂਦਾਰਾਂ ਨੇ ਆਪਣੀਆਂ ਵੱਖਰੀਆਂ ਮੜ੍ਹੀਆਂ ਉਸਾਰ ਲਈਆਂ। ਬਾਕੀ ਜਾਤਾਂ ਉਥੇ ਹੀ ਜਾਣ ਲੱਗੀਆਂ। ਇਸ ਤਰ੍ਹਾਂ ਮੁਰਦੇ ਤੇ ਜੀਊਂਦੇ ਸਭ ਵੰਡੇ

ਗਏ। ਸਾਰਾ ਪਿੰਡ ਸਹਿਮ ਗਿਆ ਤੇ ਪਿਛਲੀਆਂ ਭਲੇ ਜ਼ਮਾਨੇ ਦੀਆਂ ਗੱਲਾਂ ਕਰਨ ਲੱਗਾ। ਇਸ ਰੁਝਾਨ ਦੇ ਵਿਰੁੱਧ ਕਈ ਲੋਕ ਬੋਲ ਰਹੇ ਸਨ ਪਰ ਇਸ ਨੂੰ ਰੋਕਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਇਸ ਤਰ੍ਹਾਂ ਪਿੰਡ ਵਿਚ ਨਫ਼ਰਤ ਦੀ ਹਨੇਰੀ ਵਗਣ ਲੱਗੀ ਤੇ ਪਿਆਰ ਮੁਹੱਬਤ ਕੇਵਲ ਆਪਣੀ ਜਾਤੀ ਤਕ ਹੀ ਮਹਿਦੂਦ ਹੋ ਗਿਆ। ਹਰ ਕੋਈ ਆਪਣੀ ਡਫਲੀ ਵਜਾਉਣ ਲੱਗਾ। ਬੱਲੇ ਸ਼ੇਰੋ !

ਪਹਿਲਾਂ ਪਿੰਡ ਵਿਚ ਸਰਬ-ਸੰਮਤੀ ਨਾਲ ਪੰਚਾਇਤੀ ਚੋਣਾਂ ਹੁੰਦੀਆਂ ਸਨ। ਹੁਣ ਲੋਕ ਖਖੜੀ-ਖਖੜੀ ਹੋਣ ਕਰਕੇ ਸਰਬ-ਸੰਮਤੀ ਅਸੰਭਵ ਸੀ। ਪੰਚਾਇਤੀ ਚੋਣਾਂ ਆਈਆਂ। ਬਿੰਦਰ ਦਾ ਪਹਿਲਾਂ ਬਾਪ ਸਰਪੰਚ ਸੀ, ਐਦਕੀਂ ਬਿੰਦਰ ਧੱਕੇ ਨਾਲ ਖਲੋ ਗਿਆ। ਉਸਨੇ ਸਰਬਸੰਮਤੀ ਦੀ ਗੱਲ ਨੂੰ ਠਕਰਾ ਕੇ ਚੋਣਾਂ ਦਾ ਬਿਗਲ ਵਜਾ ਦਿੱਤਾ। ਦੂਜੇ ਪਾਸੇ ਬਾਗਾ ਘੈਂਟ ਖਲੋ ਗਿਆ। ਪਰ ਪਿੰਡ ਦੀ ਜਾਤੀ ਵੰਡ ਕਾਰਨ, ਬਹੁਗਿਣਤੀ ਬਾਗੇ ਨਾਲ ਸੀ। ਬਿੰਦਰ ਨਾਲ ਕੇਵਲ ਜੱਟ ਬਰਾਦਰੀ ਸੀ। ਇਸ ਲਈ ਭਾਵੇਂ ਬਿੰਦਰ ਨੇ ਕਈ ਚਾਲਾਂ ਚਲੀਆਂ, ਸਾਜਸ਼ਾਂ ਰਚੀਆਂ, ਨਵੀਆਂ ਜਾਤੀਆਂ ਨੂੰ ਆਪਣੇ ਨਾਲ ਗੰਢਣ ਦੀ ਕੋਸ਼ਿਸ਼ ਕੀਤੀ ਪਰ ਉਹ ਵੰਡ ਪੱਕੀ ਵੀ ਉਹਨੇ ਆਪ ਹੀ ਕੀਤੀ ਸੀ। ਇਸ ਲਈ ਬਾਗੇ ਘੈਂਟ ਦੀ ਬਹੁਗਿਣਤੀ ਨਾਲ ਜਿੱਤ ਹੋਈ। ਜਦੋਂ ਬਿੰਦਰ ਹਾਰ ਗਿਆ ਤਾਂ ਉਸਨੇ ਬੁਖਲਾ ਕੇ ਬਾਗੇ ਨੂੰ ਗਾਲ੍ਹਾਂ ਕੱਢੀਆਂ ਤੇ ਵੰਗਾਰਿਆ ਪਰ ਬਾਗੇ ਨੇ ਸਿਆਸਤ ਤੋਂ ਕੰਮ ਲੈਂਦੇ ਹੋਏ ਇਸ ਲੜਾਈ ਨੂੰ ਟਾਲ ਦਿੱਤਾ ਤੇ ਆਪਣੇ ਬੰਦੇ ਲੈ ਕੇ ਚੁੱਪ-ਚਾਪ ਆਪਣੇ ਸਾਥੀਆਂ ਨਾਲ ਆਪਣੀ ਹਵੇਲੀ ਚਲਾ ਗਿਆ। ਇਹ ਚੋਣਾਂ ਵੀ ਪਿੰਡਾਂ ਵਿਚ ਪੁਆੜੇ ਦੀ ਜੜ ਹਨ। ਚੋਣਾਂ ਵੇਲੇ ਲੋਕ ਜਾਤ ਬਰਾਦਰੀਆਂ ਤੇ ਧਰਮਾਂ ਵਿਚ ਵੰਡੇ ਜਾਂਦੇ ਹਨ। ਲੜਾਈ ਝਗੜਿਆਂ ਤੇ ਕਤਲਾਂ ਤਕ ਨੌਬਤ ਪਹੁੰਚ ਜਾਂਦੀ ਹੈ। ਉਮਰਾਂ ਦੇ ਫ਼ਾਸਲੇ ਤੇ ਤਰੇੜੀਆਂ ਪੈ ਜਾਂਦੀਆਂ ਹਨ। ਪੰਜਾਂ ਸਾਲਾਂ ਦੌਰਾਨ ਜੇਕਰ ਪਿੰਡ ਦੇ ਦਾਨੇ ਬੰਦੇ ਉਨ੍ਹਾਂ ਨੂੰ ਰਾਹ ਰਾਸ ਤੇ ਲਿਆਉਣ ਦੀ ਖੇਚਲ ਕਰਦੇ ਹਨ ਤਾਂ ਚੋਣਾਂ ਫਿਰ ਆ ਕੇ ਉਹੀ ਸਿਆਪੇ ਫਿਰ ਪਾ ਜਾਂਦੀਆਂ ਹਨ। ਇਸ ਗਧੀ-ਗੇੜੇ ਵਿਚੋਂ ਪੇਂਡੂ ਸਮਾਜ ਦਾ ਨਿਕਲਣਾ ਕਠਿਨ ਹੈ।

ਵਿਧਾਨ ਸਭਾ ਦੀਆਂ ਚੋਣਾਂ ਵੀ ਆਈਆਂ। ਬਾਗਾ ਤੇ ਉਸਦਾ ਗਰੁੱਪ ਕਾਂਗਰਸ ਪੱਖੀ ਸਨ। ਬਿੰਦਰ ਅਕਾਲੀਆਂ ਨਾਲ ਸੀ। ਐਤਕੀਂ ਹਵਾ ਵੀ ਅਕਾਲੀਆਂ ਤੇ ਹੱਕ ਵਿਚ ਸੀ। ਬਿੰਦਰ ਤੇ ਉਹਦੀ ਪਾਰਟੀ ਨੇ ਧੱਕੇ ਅਤੇ ਧੋਖੇ ਨਾਲ ਵੋਟ ਅਕਾਲੀਆਂ ਨੂੰ ਵੋਟ ਪਾ ਆਏ ਭਾਵੇਂ ਉਨ੍ਹਾਂ ਦੀ ਹਮਦਰਦੀ ਕਾਂਗਰਸ ਨਾਲ ਸੀ। ਉਸਨੇ ਪੈਸੇ ਦੇ ਲਾਲਚ ਨੇ ਬਹੁਤ ਸਾਰੇ ਕਮਜ਼ੋਰ ਵਰਗਾਂ ਦੇ ਵੋਟ ਖਰੀਦ ਕੇ ਅਕਾਲੀਆਂ ਨੂੰ ਪਵਾਏ। ਵਿਧਾਇਕ ਵੀ ਅਕਾਲੀਆਂ ਦਾ ਤੇ ਸਮੁੱਚੀ ਸਰਕਾਰ ਵੀ ਅਕਾਲੀਆਂ ਦੀ ਹੀ ਬਣ ਗਈ। ਬਿੰਦਰ ਦੀ ਅਕਾਲੀਆਂ ਵਿਚ ਬਹੁਤ ਪੁੱਛਗਿੱਛ ਸੀ। ਉਹਨੇ ਬੀ.ਡੀ.ਓ. ਕੋਲ ਬਾਗੇ ਦੀ ਸ਼ਿਕਾਇਤ ਕੀਤੀ ਕਿ ਉਹਨੇ ਪੰਚਾਇਤ ਦੇ ਫੰਡਾਂ ਦੀ ਹੇਰਾ-ਫੇਰੀ ਕੀਤੀ ਹੈ। ਉਸ ਵਿਰੁੱਧ ਪੰਚਾਇਤ ਸਕੱਤਰ ਤੇ ਦੋ ਮੈਂਬਰਾਂ ਨੇ ਵੀ ਝੂਠੇ ਬਿਆਨ ਦਿੱਤੇ। ਮਾਮੂਲੀ ਦੋਸ਼ਾਂ ਤਹਿਤ ਉਸ ਵਿਰੁੱਧ ਕੇਸ ਦਰਜ ਹੋ ਗਿਆ ਤਾਂ ਉਹ

ਮੁਅੱਤਲ ਹੋ ਗਿਆ। ਕੰਮ ਚਲਾਊ ਸਰਪੰਚ ਬਿੰਦਰ ਨੂੰ ਬਣਾਇਆ ਗਿਆ। ਉਸਨੇ ਬਾਕੇ ਨੂੰ ਜ਼ੀਰੋ ਕਰਨ ਲਈ ਬੜੇ ਉਪਰਾਲੇ ਕੀਤੇ। ਉਸਨੇ ਕੰਬੋਜਾਂ ਦੀ ਪੱਤੀ ਦੀਆਂ ਗਲੀਆਂ ਤੇ ਨਾਲੀਆਂ ਛੱਡ ਕੇ ਬਾਕੀ ਸਾਰੇ ਪਿੰਡ ਦੀਆਂ ਗਲੀਆਂ-ਨਾਲੀਆਂ ਪੱਕੀਆਂ ਕਰਵਾ ਦਿੱਤੀਆਂ। ਉਸਨੇ ਹਰੀਜਨਾਂ ਲਈ ਵੱਖਰੀ ਧਰਮਸ਼ਾਲਾ ਬਣਵਾ ਦਿੱਤੀ ਅਤੇ ਉਨ੍ਹਾਂ ਨੂੰ ਬੁਢਾਪਾ ਪੈਨਸ਼ਨਾਂ ਤੇ ਵਿਧਵਾ ਪੈਨਸ਼ਨਾਂ ਦਿਵਾ ਕੇ ਆਪਣੇ ਨਾਲ ਗੰਢ ਲਿਆ। ਭੁੱਖਾ ਕੀ ਭਾਲੇ ਦੋ ਰੋਟੀਆਂ ?

ਬਿੰਦਰ ਨੇ ਬਾਗੇ ਦੇ ਹਮਾਇਤੀ ਮੈਂਬਰ ਤੋੜ ਕੇ ਆਪਣੇ ਨਾਲ ਗੰਢ ਲਏ। ਬਾਗੇ ਨਾਲ ਕੇਵਲ ਬਰਾਦਰੀ ਦੇ ਹੀ ਦੋ ਮੈਂਬਰ ਰਹਿ ਗਏ। ਉਸਦਾ ਕੋਰਮ ਪੂਰਾ ਸੀ ਤੇ ਉਹ ਤਿੰਨ ਸਾਲ ਬੜੀ ਸ਼ਾਨ ਨਾਲ, ਮਨਮਰਜ਼ੀ ਨਾਲ ਪੰਚਾਇਤ ਚਲਾਉਂਦਾ ਰਿਹਾ। ਚੌਥੇ ਸਾਲ ਬਾਗਾ ਬਹਾਲ ਹੋ ਗਿਆ। ਉਹ ਫਿਰ ਸਰਪੰਚ ਬਣ ਗਿਆ। ਪੰਚਾਇਤੀ ਚੋਣਾਂ ਅਜੇ ਛੇ ਮਹੀਨਿਆਂ ਨੂੰ ਹੋਣੀਆਂ ਸਨ। ਇਸ ਵਕਤ ਉਸ ਨਾਲ ਕੇਵਲ ਆਪਣੀ ਬਰਾਦਰੀ ਤੇ ਕੁਝ ਮਜ਼੍ਹਬੀਆਂ ਤੇ ਤਰਖਾਣਾਂ ਦੇ ਘਰ ਸਨ। ਉਸ ਨੂੰ ਪਤਾ ਸੀ ਕਿ ਬਹੁਤੇ ਮਜ਼੍ਹਬੀ ਵੀ ਬਿੰਦਰ ਦੀਆਂ ਲੂੰਬੜ ਚਾਲਾਂ ਤੋਂ ਉਸ ਨਾਲ ਖ਼ਫ਼ਾ ਸਨ। ਉਹ ਆਪੇ ਅੱਗ ਲਾ ਕੇ ਆਪੇ ਬੁਝਾਉਣ ਜਾਂਦਾ। ਲੋਕਾਂ ਨੂੰ ਉਸ ਦੀਆਂ ਚੋਰ-ਚਾਲਾਂ ਦੀ ਸਮਝ ਆਉਣੀ ਸ਼ੁਰੂ ਹੋ ਗਈ ਸੀ।

ਇਨ੍ਹੀਂ ਦਿਨੀਂ ਪਿੰਡ ਵਿਚ ਇਕ ਘਟਨਾ ਘਟੀ, ਜਿਸ ਨੇ ਪਿੰਡ ਦੀ ਸਾਰੀ ਸਿਆਸਤ ਬਦਲ ਕੇ ਰੱਖ ਦਿੱਤੀ। ਇਕ ਦਿਨ ਬਿੰਦਰ ਦਾ ਡਰਾਈਵਰ ਸ਼ੰਮਾ ਜੋ ਕਿ ਉਸ ਨਾਲ ਬੜੇ ਸਮੇਂ ਤੋਂ ਕੰਮ ਕਰ ਰਿਹਾ ਸੀ ਤੇ ਉਸਦੇ ਇਤਬਾਰੀਆਂ ਵਿਚੋਂ ਇਕ ਸੀ, ਜਦੋਂ ਕੰਮ ਤੋਂ ਵਿਹਲਾ ਹੋ ਕੇ ਘਰ ਆਇਆ ਤਾਂ ਕੀ ਵੇਖਦਾ ਹੈ ਕਿ ਬਿੰਦਰ ਉਸ ਦੀ ਮਾਂ ਨਾਲ ਲੰਮਾ ਪਿਆ ਸੀ। ਸ਼ੰਮੇ ਨੂੰ ਵੇਖ ਕੇ ਉਹ ਕਾਹਲੀ ਨਾਲ ਉਸਦੇ ਘਰੋਂ ਨਿਕਲ ਗਿਆ। ਸ਼ੰਮਾ ਬਿੰਦਰ ਨੂੰ ਤਾਂ ਕੁਝ ਕਹਿ ਨਾ ਸਕਿਆ। ਉਸਨੇ ਸਾਰਾ ਗ਼ੁੱਸਾ ਆਪਣੀ ਮਾਂ 'ਤੇ ਕੱਢਿਆ। ਉਸ ਦੀ ਭੈਣ ਬਾਹਰ ਬੈਠੀ ਸੀ। ਉਸਨੇ ਆਪਣੀ ਭੈਣ 'ਤੇ ਵੀ ਸ਼ੱਕ ਕੀਤਾ ਤੇ ਉਸ ਨੂੰ ਗਾਲ੍ਹਾਂ ਦਾ ਚਾਟਾ ਛਕਾਇਆ। ਉਸੇ ਦਿਨ ਤੋਂ ਉਸਨੇ ਬਿੰਦਰ ਦੀ ਨੌਕਰੀ ਛੱਡ ਦਿੱਤੀ। ਉਹ ਬਾਗੇ ਸਰਪੰਚ ਕੋਲ ਗਿਆ ਤੇ ਉਸ ਨੂੰ ਸਾਰੀ ਵਿਥਿਆ ਰੋ-ਰੋ ਕੇ ਸੁਣਾਈ। ਬਾਗੇ ਨੇ ਉਸਦੀ ਪੂਰੀ ਮਦਦ ਕਰਨ ਦਾ ਭਰੋਸਾ ਦਿਵਾਇਆ। ਬਾਗੇ ਨੇ ਪਹਿਲਾਂ ਬਿੰਦਰ ਨੂੰ ਪੰਚਾਇਤ ਵਿਚ ਬੁਲਾਇਆ ਤੇ ਸਫ਼ਾਈ ਦੇਣ ਲਈ ਆਖਿਆ। ਉਹ ਪੰਚਾਇਤ ਸਾਹਮਣੇ ਪੇਸ਼ ਨਾ ਹੋਇਆ। ਸਗੋਂ ਉਸ ਨੇ ਚੌਂਕੀਦਾਰ ਨੂੰ ਗਾਲ੍ਹਾਂ ਕੱਢੀਆਂ ਤੇ ਬਾਗੇ ਨੂੰ ਬੁਰਾ ਭਲਾ ਆਖਿਆ। ਬਾਗੇ ਨੇ ਦੋ-ਤਿੰਨ ਗਵਾਹ ਲੈ ਕੇ ਬਿੰਦਰ ਵਿਰੁੱਧ ਠਾਣੇ ਸ਼ਿਕਾਇਤ ਕੀਤੀ। ਦੋ ਦੀ ਜਗ੍ਹਾ ਚਾਰ ਗਵਾਹਾਂ ਨੇ ਬਿੰਦਰ ਵਿਰੁੱਧ ਠੋਕ ਕੇ ਗਵਾਹੀ ਦਿੱਤੀ। ਬਿੰਦਰ ਉਨ੍ਹਾਂ ਦੇ ਘਰਾਂ ਵਿਚ ਹਨੇਰੇ ਸਵੇਰੇ ਆਉਂਦਾ ਜਾਂਦਾ ਸੀ।

ਸ਼ੰਮੇ ਦਾ ਜਦੋਂ ਝਾਕਾ ਖੁੱਲ੍ਹ ਗਿਆ ਤਾਂ ਉਸਨੇ ਬਾਕੀਆਂ ਵਾਂਗ ਬਿੰਦਰ ਦੀਆਂ ਗੁੱਝੀਆਂ ਚਾਲਾਂ ਤੋਂ ਪਰਦਾ ਲਾਹਿਆ। ਬਿੰਦਰ ਮਜ਼੍ਹਬੀ ਸਿੰਘ ਕੋਲੋਂ ਆਪੇ ਭੱਠੀ ਲਵਾਉਂਦਾ ਸੀ ਤੇ

ਆਪੇ ਹੀ ਪੁਲਿਸ ਦੀ ਮੁਖ਼ਬਰੀ ਕਰਕੇ ਉਨ੍ਹਾਂ ਨੂੰ ਫੜਾ ਦਿੰਦਾ। ਫਿਰ ਉਹ ਪੁਲਿਸ ਨੂੰ ਪੈਸੇ ਦੇ ਕੇ ਛੁਡਾ ਵੀ ਲੈਂਦਾ। ਇਸ ਤਰ੍ਹਾਂ ਉਸਨੇ ਕਈ ਮਜ਼੍ਹਬੀ ਸਿੱਖ ਆਪਣੇ ਥੱਲੇ ਲਾਏ ਹੋਏ ਸਨ। ਇਸ ਤਰ੍ਹਾਂ ਉਹ ਕਈਆਂ ਨੂੰ ਚੋਰੀ ਕਰਨ ਲਈ ਪ੍ਰੇਰਦਾ। ਫਿਰ ਮੁਖਬਰੀ ਕਰਕੇ ਉਨ੍ਹਾਂ ਨੂੰ ਫੜਾ ਦਿੰਦਾ, ਫਿਰ ਛੁਡਵਾ ਦਿੰਦਾ। ਇਹ ਉਸਦੀ ਗੁੱਝੀ ਚਾਲ ਸੀ, ਜਿਸ ਨਾਲ ਉਸਨੇ ਬਹੁਤ ਸਾਰੇ ਮਜ਼੍ਹਬੀ ਤੇ ਮਹਿਰੇ ਆਪਣੇ ਨਾਲ ਨਰੜ ਕੀਤੇ ਸਨ। ਇਹੀ ਉਸਦੀ ਸਿਆਸੀ ਕਾਮਯਾਬੀ ਦਾ ਰਾਜ਼ ਸੀ। ਕੁੱਛੜ ਕੁੜੀ ਸ਼ਹਿਰ ਢੰਡੋਰਾ।

ਸਰਪੰਚ ਬਾਗੇ ਕੋਲ ਕਈ ਬੰਦੇ ਆਏ, ਜਿਹੜੇ ਕਿ ਬਿੰਦਰ ਦੇ ਸਤਾਏ ਹੋਏ ਸਨ। ਕਈਆਂ ਵਿਰੁੱਧ ਭੱਠੀ ਤੇ ਚੋਰੀ ਦੇ ਕੇਸ ਚੱਲ ਰਹੇ ਸਨ। ਉਨ੍ਹਾਂ ਨੂੰ ਬਿੰਦਰ ਦੀਆਂ ਕੀਮੀਨੀਆਂ ਚਾਲਾਂ ਦੀ ਸਮਝ ਆ ਚੁੱਕੀ ਸੀ। ਉਹ ਵਾਪਸ ਬਾਗੇ ਘੈਂਟ ਨਾਲ ਪਰਤ ਆਏ। ਉਨ੍ਹਾਂ ਸੁਖ ਦਾ ਸਾਹ ਲਿਆ। ਬਾਗੇ ਨੇ ਪੁਲਿਸ ਨਾਲ ਮਿਲ ਕੇ ਕਈ ਸਰਕਾਰੀ ਗਵਾਹਾਂ ਨੂੰ ਬਿਠਾ ਕੇ, ਕਈਆਂ ਦੇ ਕੇਸ ਰਫ਼ਾ-ਦਫ਼ਾ ਕਰਵਾਏ। ਇਹ ਸਾਰੇ ਬੰਦੇ ਹੁਣ ਬਾਗੇ ਨਾਲ ਬੱਝ ਗਏ। ਇਹ ਲੋਕ ਬਿੰਦਰ ਦੇ ਪੱਕੇ ਦੁਸ਼ਮਣ ਬਣ ਗਏ। ਬਣਨੇ ਹੀ ਸਨ।

ਪੰਚਾਇਤੀ ਚੋਣਾਂ ਦਾ ਫਿਰ ਬੁਘਚੂ ਵੱਜ ਗਿਆ। ਐਤਕੀਂ ਹਵਾ ਕਾਂਗਰਸ ਦੇ ਹੱਕ ਵਿਚ ਸੀ। ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਜਿੱਤ ਗਈ ਸੀ। ਪਿੰਡ ਦੇ ਲੋਕ ਬਿੰਦਰ ਦੀਆਂ ਕਮੀਨੀਆਂ ਤੇ ਘਿਣਾਉਣੀਆਂ ਚਾਲਾਂ ਬਾਰੇ ਸੁਣ ਕੇ ਉਸ ਨਾਲ ਬਦਜ਼ਨ ਹੋ ਗਏ ਸਨ। ਜੱਟਾਂ ਦੇ ਬਹੁਤੇ ਘਰ ਟੁੱਟ ਕੇ ਸਮੇਂ ਦੀ ਹਵਾ ਵੇਖ ਕੇ ਬਾਗੇ ਨਾਲ ਆ ਜੁੜੇ। ਲੋਕਾਂ ਨੇ ਬਥੇਰਾ ਖੱਜਲ ਖਵਾਰ ਹੋ ਕੇ ਵੇਖ ਲਿਆ ਸੀ। ਉਨ੍ਹਾਂ ਨੇ ਜਾਤੋ-ਜਾਤੀ ਹੋ ਕੇ ਪਿੰਡ ਨੂੰ ਨਰਕ ਬਣਾ ਲਿਆ ਸੀ। ਹੁਣ ਸਾਰੇ ਲੋਕ ਫਿਰ ਵੱਡੇ ਗੁਰਦੁਆਰੇ ਜਾਣੇ ਸ਼ੁਰੂ ਹੋ ਗਏ ਤੇ ਪਹਿਲੀਆਂ ਮੜ੍ਹੀਆਂ ਵੱਲ ਹੀ ਬਹੁਤੇ ਜਾਣ ਲੱਗੇ। ਹਰ ਕੋਈ ਇਕ ਦੂਜੇ ਦੇ ਨੇੜੇ ਆਉਣਾ ਚਾਹੁੰਦਾ ਸੀ। ਬਿੰਦਰ ਦਾ ਪਰਿਵਾਰ ਪਿੰਡ ਵਿਚ ਅਲੱਗ-ਥਲੱਗ ਹੋ ਗਿਆ ਸੀ। ਲੋਕੀ ਬਾਗੇ ਘੈਂਟ ਦੇ ਸ਼ੁਕਰ ਗੁਜ਼ਾਰ ਸਨ ਕਿ ਉਸਨੇ ਦੁਬਾਰਾ ਸਰਪੰਚ ਬਣ ਗੇ ਪਿੰਡ ਦੇ ਸਦੀਆਂ ਪੁਰਾਣੇ ਭਾਈਚਾਰੇ ਨੂੰ ਫਿਰ ਬਹਾਲ ਕਰ ਦਿੱਤਾ ਸੀ। ਸਦਕੇ ਤੇਰੀ ਜੰਮਣ ਵਾਲੀ ਦੇ।

# ਤਰਲੋਕਾ ਤੋਪ

ਜੱਗੇ ਡਾਕੂ, ਜੀਊਣਾ ਮੋੜ ਜਾਂ ਦੁੱਲੇ ਭੱਟੀ ਬਾਰੇ ਤਾਂ ਅਸਾਂ ਬੜੀ ਦੰਦ ਕਥਾ ਸੁਣੀ ਸੀ ਕਿ ਉਹ ਅਮੀਰਾਂ ਨੂੰ ਲੁੱਟਦੇ ਅਤੇ ਗ਼ਰੀਬਾਂ ਤੇ ਨਿਮਾਣਿਆਂ ਦੀ ਹਿਫ਼ਾਜ਼ਤ ਕਰਦੇ ਸਨ। ਉਨ੍ਹਾਂ ਨਾਲ ਰਲਦਾ-ਮਿਲਦਾ ਇਕ ਯੋਧਾ ਸਾਡੇ ਨਗਰ ਵੀ ਹੋਇਆ ਹੈ ਜਿਸਨੇ ਪਿੰਡ ਬਦਲੇ ਪਿੰਡ ਦੀ ਆਨ ਤੇ ਆਬਰੂ ਪਿੱਛੇ ਆਪਣੀ ਜਾਨ ਦੀ ਬਾਜੀ ਲਗਾ ਦਿੱਤੀ ਸੀ।

ਉਹ ਇਕ ਸਾਧਾਰਨ ਪਰਿਵਾਰ ਵਿਚ ਪੈਦਾ ਹੋਇਆ ਸੀ। ਉਨ੍ਹਾਂ ਦੇ ਘਰ ਇਕ ਵਾਰੀ ਡਾਕਾ ਪਿਆ। ਘਰਦਿਆਂ ਦੀ ਡਾਕੂਆਂ ਨਾਲ ਸਿੱਧੀ ਮੁੱਠਭੇੜ ਹੋ ਗਈ ਸੀ। ਦੁਵੱਲੀ ਲੜਾਈ ਵਿਚ ਇਕ ਡਾਕੂ ਮਾਰਿਆ ਗਿਆ ਸੀ ਤੇ ਦੂਜਾ ਤਰਲੋਕੇ ਦਾ ਪਿਉ। ਉਸ ਵਕਤ ਤਰਲੋਕਾ ਹਾਲੇ ਅੱਠਾਂ ਦਸਾਂ ਵਰ੍ਹਿਆਂ ਦਾ ਸੀ। ਉਸਨੇ ਇਹ ਲੜਾਈ ਆਪਣੇ ਅੱਖੀਂ ਵੇਖੀ ਸੀ। ਉਸਦਾ ਪਿਉ ਭਲਾ ਪੁਰਸ਼ ਸੀ। ਜਿਹੜਾ ਕਿ ਘਰ ਨੂੰ ਬਚਾਉਂਦਾ ਡਾਕੂਆਂ ਹੱਥੋਂ ਮਾਰਿਆ ਗਿਆ ਸੀ। ਉਹ ਵੱਡਾ ਹੋ ਕੇ ਆਪਣੇ ਪਿਉ ਦਾ ਬਦਲਾ ਲੈਣਾ ਚਾਹੁੰਦਾ ਸੀ। ਉਹ ਡਾਕੂਆਂ ਦੇ ਗਰੋਹ ਨੂੰ ਜਾਣਦਾ ਸੀ। ਉਸਦੀ ਮਾਂ ਵੀ ਉਸਨੂੰ ਬਦਲਾ ਲੈਣ ਲਈ ਪ੍ਰੇਰਦੀ ਸੀ। ਜਦੋਂ ਉਹ ਜਵਾਨ ਹੋ ਗਿਆ ਤਾਂ ਘਰ ਵਾਲਿਆਂ ਉਸਦਾ ਵਿਆਹ ਕਰਨਾ ਚਾਹਿਆ। ਉਸਨੇ ਘਰ ਦਿਆਂ ਨੂੰ ਸਾਫ਼ ਕਹਿ ਦਿੱਤਾ ਸੀ ਕਿ ਜਿੰਨਾ ਚਿਰ ਉਹ ਦੱਸੇ ਡਾਕੂ ਨੂੰ (ਉਸ ਨੇ ਉਸਦੇ ਪਿਉ ਦੇ ਸਿਰ ਵਿਚ ਗੋਲੀ ਮਾਰੀ ਸੀ) ਮਾਰ-ਮੁਕਾ ਨਹੀਂ ਲੈਂਦਾ, ਓਨਾ ਚਿਰ ਉਹ ਵਿਆਹ ਦੇ ਚੱਕਰਾਂ ਵਿਚ ਨਹੀਂ ਪਏਗਾ। ਇਕ ਵਾਰੀ ਉਹਦੀ ਮਾਂ ਤਰਲੋਕੇ ਦੇ ਪਿਉ ਦੀ ਬਰਸੀ ਤੇ ਰੋਂਦੀ ਚੁੱਪ ਨਹੀਂ ਸੀ ਕਰ ਰਹੀ ਤਾਂ ਉਸਨੇ ਮਾਂ ਦਾ ਹੱਥ ਆਪਣੇ ਸਿਰ 'ਤੇ ਰੱਖਦੇ ਹੋਇਆ ਆਖਿਆ ਸੀ—"ਮਾਂ ਤੇਰੇ ਦੁੱਧ ਦੀ ਕਸਮ, ਮੈਂ ਦੇਸੇ ਡਾਕੂ ਨੂੰ ਮਾਰ ਕੇ ਤੇਰੇ ਦੁੱਧ ਦਾ ਕਰਜ਼ ਉਤਾਰੂਗਾ।"

ਤਰਲੋਕੇ ਨੇ ਆਪਣੀ ਜੁਰਮ ਯਾਤਰਾ ਆਪਣੇ ਫੁੱਫੜ ਦੇ ਘਰ ਚੋਰੀ ਕਰਕੇ ਆਰੰਭ ਕੀਤੀ। ਤਰਲੋਕੇ ਨੇ ਫੁੱਫੜ ਦੇ ਘਰ ਨੂੰ ਇਸ ਕਰਕੇ ਲੁੱਟਿਆ ਕਿ ਉਹ ਦੇਸੇ ਦੇ ਘਰ ਆਉਂਦਾ ਜਾਂਦਾ ਸੀ ਤੇ ਦੇਸਾ ਵੀ ਉਸਦੇ ਘਰ ਆਮ ਆਇਆ ਰਹਿੰਦਾ ਸੀ। ਤਰਲੋਕੇ ਨੇ ਆਪਣੇ ਫੁੱਫੜ ਦਾ ਬਾਈਕਾਟ ਕੀਤਾ ਹੋਇਆ ਸੀ। ਇਸੇ ਲਈ ਉਸਨੇ ਉਸਦਾ ਝੁੱਗਾ ਲੁੱਟ ਕੇ ਉਸਨੂੰ ਡਾਹਢਾ ਪਰੇਸ਼ਾਨ ਕੀਤਾ। ਜਦੋਂ ਉਸਨੇ ਇਸ ਚੋਰੀ ਬਾਰੇ ਆਪਣੀ ਮਾਂ ਨੂੰ ਦੱਸਿਆ ਤਾਂ ਉਹ ਬਹੁਤ ਖ਼ੁਸ਼ ਹੋਈ ਤੇ ਉਸਨੇ ਤਰਲੋਕੇ ਨੂੰ ਸਾਬਾਸ਼ ਦਿੱਤੀ।

ਉਸਦੀ ਆਵਾਜ਼ ਬੜੀ ਬੁਲੰਦ ਸੀ। ਉਸ ਕੋਲ ਇਕ ਦੇਸੀ ਬਾਰਾਂ ਬੋਰ ਦਾ ਪਸਤੌਲ ਸੀ। ਜਦੋਂ ਇਹ ਪਸਤੌਲ ਚਲਦਾ ਤਾਂ ਗੜਗੜ ਦੀ ਆਵਾਜ਼ ਆਉਂਦੀ। ਇਹ ਆਵਾਜ਼

ਤੋਪ ਨਾਲ ਰਲਦੀ ਮਿਲਦੀ ਸੀ। ਲੋਕੀ ਉਸਦੇ ਡੱਫਲ ਜਿਹੇ ਪਸਤੌਲ ਨੂੰ ਹੀ ਤੋਪ ਸਮਝਦੇ ਸਨ। ਇਸ ਲਈ ਉਸਦਾ ਹੌਲੀ-ਹੌਲੀ ਨਾਮ ਤਰਲੋਕਾ ਤੋਪਾ ਪੈ ਗਿਆ। ਉਸ ਦਾ ਪਸਤੌਲ ਤੋਪ ਦਾ ਮੁਕਾਬਲਾ ਕਰਦਾ ਸੀ। ਜਦੋਂ ਉਹ ਕੋਈ ਗੱਲ ਕਰਦਾ ਤਾਂ ਆਪਣੇ ਸਾਥੀ ਨੂੰ ਹੌਂਸਲਾ ਦੇਣ ਲਈ ਆਖਦਾ—"ਤੋਪ ਨਹੀਂ ਚੱਲੀ !" ਕਿਸੇ ਦਾ ਡਰ ਲਾਹੁਣ ਲਈ ਉਹ ਅਕਸਰ ਤੋਪ ਦਾ ਜ਼ਿਕਰ ਕਰਦਾ। ਇਸ ਲਈ ਲੋਕਾਂ ਨੇ ਉਸ ਨੂੰ ਤਰਲੋਕਾ ਤੋਪ ਕਹਿਣਾ ਹੀ ਸੀ।

ਉਨ੍ਹੀਂ ਦਿਨੀਂ ਸਾਡੇ ਨਗਰ ਵਿਚ ਬਹੁਤ ਚੋਰੀਆਂ ਹੁੰਦੀਆਂ ਸਨ। ਕਦੀ-ਕਦੀ ਸੰਨ੍ਹ ਵੀ ਲੱਗ ਜਾਂਦੀ ਜਾਂ ਡਾਕਾ ਵੀ ਪੈ ਜਾਂਦਾ ਸੀ। ਜਦੋਂ ਤਰਲੋਕਾ ਤੋਪ ਜਵਾਨ ਹੋਇਆ ਤਾਂ ਉਸਨੇ ਪਿੰਡ ਵਾਲਿਆਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਅੱਗੇ ਤੋਂ ਪਿੰਡ ਵਿਚ ਕਿਸੇ ਚੋਰ ਨੂੰ ਵੜਨ ਨਹੀਂ ਦੇਵੇਗਾ। ਉਸਨੇ ਇਸ ਕੰਮ ਲਈ ਕਈਆਂ ਨੂੰ ਸੁਨੇਹੇ ਭੇਜੇ ਅਤੇ ਧਮਕੀਆਂ ਵੀ ਦਿੱਤੀਆਂ ਪਰ ਚੋਰ ਕਿਥੇ ਕਾਬੂ ਆਉਂਦੇ ਨੇ। ਇਕ ਵਾਰੀ ਤਰਲੋਕੇ ਨੂੰ ਲੱਤ ਹੇਠੋਂ ਕੱਢਣ ਲਈ ਚੋਰਾਂ ਦੇ ਇਕ ਗਰੋਹ ਨੇ ਉਸਦੇ ਪਿੰਡ ਚੋਰੀ ਕੀਤੀ। ਤਰਲੋਕੇ ਨੂੰ ਇਸ ਦੀ ਸੂਹ ਲੱਗ ਗਈ ਸੀ। ਉਸਨੇ ਆਪਣੇ ਭਤੀਜੇ ਹੱਥ ਚੋਰਾਂ ਦੇ ਪਿੰਡ ਸੁਨੇਹਾ ਭੇਜਿਆ ਕਿ ਚੋਰੀ ਦਾ ਮਾਲ ਵਾਪਸ ਕਰਨ ਨਹੀਂ ਤਾਂ ਸਜ਼ਾ ਭੁਗਤਣ ਲਈ ਤਿਆਰ ਰਹਿਣਾ ਉਨ੍ਹਾਂ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਉਹ ਕਿਸੇ ਕੁੱਤੇ ਬਿੱਲੇ ਦੀ ਪਰਵਾਹ ਨਹੀਂ ਕਰਦੇ।

ਤਰਲੋਕੇ ਨੇ ਇਕ ਥਾਣੇਦਾਰ ਦੀ ਮਦਦ ਨਾਲ ਸਵੈਰਖਿਆ ਲਈ ਇਕ ਥ੍ਰੀ-ਨਾਟ-ਥ੍ਰੀ ਦੀ ਬੰਦੂਕ ਦਾ ਲਸੰਸ ਲੈ ਲਿਆ ਸੀ। ਨਜ਼ਾਇਜ ਹਥਿਆਰ ਤਾਂ ਉਹ ਕਿਸੇ ਲੁਹਾਰ ਤੋਂ ਬਣਵਾ ਲੈਂਦਾ ਸੀ। ਉਸਦੇ ਟੋਲੇ ਵਿਚ ਦੋ ਉਸਦੇ ਸੀਰੀ ਤੇ ਇਕ ਭਤੀਜਾ ਵੀ ਸ਼ਾਮਲ ਹੋ ਚੁੱਕਾ ਸੀ। ਤਰਲੋਕੇ ਦਾ ਇਕ ਅਸੂਲ ਸੀ ਕਿ ਚੋਰੀ ਜਾਂ ਡਾਕਾ ਕਿਸੇ ਤਗੜੇ ਜਾਂ ਖੌਰ ਵਾਲੇ ਘਰ ਹੀ ਮਾਰਦਾ ਸੀ। ਗ਼ਰੀਬ ਲੋਕ ਤਾਂ ਲੋੜਾਂ ਵਾਸਤੇ ਉਹਦੇ ਦਵਾਰੇ ਆਉਂਦੇ ਜਾਂਦੇ ਸਨ। ਇਕ ਦਿਨ ਉਸਨੂੰ ਸੂਹ ਮਿਲੀ ਕਿ ਫੀਰਾ ਜਿਸ ਨੇ ਪਿਛਲੇ ਸਾਲ ਉਸਦੇ ਪਿੰਡ ਚੋਰੀ ਕੀਤੀ ਸੀ, ਉਹ ਕਿਸੇ ਕੰਮ ਪਟਿਆਲੇ ਗਿਆ ਹੋਇਆ ਸੀ। ਤਰਲੋਕੇ ਨੇ ਆਪਣੇ ਸਾਥੀ ਲੈ ਕੇ ਇਕ ਕਾਲੀ ਬੋਲੀ ਰਾਤ ਨੂੰ ਉਸਦੇ ਘਰ ਸੰਨ੍ਹ ਲਾਈ। ਜਦੋਂ ਕਹਿੰਦੇ ਹਨ, ਉਹ ਸੰਨ ਲਾ ਕੇ ਅੰਦਰ ਗਿਆ ਤਾਂ ਫੀਰੇ ਦੀ ਘਰ ਵਾਲੀ ਉੱਠ ਪਈ। ਉਹਨੇ ਉਸ ਨੂੰ ਪਸਤੌਲ ਦੀ ਨੋਕ ਨਾਲ ਚੁੱਪ ਕਰਾ ਦਿੱਤਾ ਤੇ ਆਪ ਉਹ ਕਾਫ਼ੀ ਸਾਜ਼ੋ-ਸਾਮਾਨ ਲੈ ਕੇ ਚਲਦੇ ਬਣੇ। ਜਾਂਦੀ ਵਾਰ ਉਸਨੇ ਆਪਣੇ ਮੂੰਹ ਤੋਂ ਕੱਪੜਾ ਹਟਾਉਂਦੇ ਹੋਏ ਆਖਿਆ—"ਕਹਿ ਦੇਵੀਂ ਆਪਣੇ ਖਸਮ ਨੂੰ, ਤਰਲੋਕਾ ਤੋਪ ਆਇਆ ਸੀ।"

ਅਗਲੇ ਦਿਨ ਉਸਨੇ ਕੁਝ ਸਮਾਨ ਤੇ ਪੈਸੇ, ਆਪਣੇ ਪਿੰਡੇ ਦੇ ਬੂੜੀ ਸ਼ਾਹ ਨੂੰ ਘਰ ਬੁਲਾ ਕੇ ਦਿੱਤੇ। ਬੂੜੀ ਸ਼ਾਹ ਦੇ ਘਰ ਹੀ ਫੀਰੀ ਬਦਮਾਸ਼ ਨੇ ਚੋਰੀ ਕੀਤੀ ਸੀ। ਇਸ ਕਾਰਜ ਨਾਲ ਉਸਦੀ ਪਿੰਡ ਵਿਚ ਇੱਜ਼ਤ ਵਧਣ ਲੱਗੀ। ਚੋਰੀ ਹੋਇਆਂ ਤਰਲੋਕੇ ਦੇ ਪਿੰਡ ਦੋ ਸਾਲ ਹੋ ਚੁੱਕੇ ਸਨ। ਲੋਕੀ ਚੈਨ ਦੀ ਨੀਂਦ ਸੌਣ ਲੱਗ ਪਏ ਸਨ। ਉਹਨੇ ਤੜਕੇ, ਇਕ ਦਿਨ ਇਕ ਪਰ੍ਹੇ ਵਿਚ ਇਥੋਂ ਤਕ ਕਹਿ ਦਿੱਤਾ ਸੀ ਕਿ ਜੇਕਰ ਸਾਡੇ ਪਿੰਡ ਵਿਚ ਅੱਗੇ ਤੋਂ ਚੋਰੀ ਹੋਈ

ਤਾਂ ਉਸਦਾ ਹਰਜਾਨਾ ਉਹ ਭਰੇਗਾ। ਪਿੰਡ ਦੇ ਬਜ਼ੁਰਗਾਂ ਨੇ ਉਸਦੇ ਮੋਢੇ 'ਤੇ ਹੱਥ ਰੱਖ ਕੇ ਸ਼ਾਬਾਸ਼ ਦਿੱਤੀ ਅਤੇ ਅੱਗੇ ਤੋਂ ਸਾਵਧਾਨ ਹੋ ਕੇ ਚੱਲਣ ਲਈ ਨਸੀਹਤ ਦਿੱਤੀ। ਪਹਿਲਾਂ ਤਾਂ ਕਈ ਸਾਲ ਪਿੰਡ ਵਾਲਿਆਂ ਨੂੰ ਪਤਾ ਹੀ ਨਹੀਂ ਸੀ ਕਿ ਤਰਲੋਕ ਚੋਰੀਆਂ ਵੀ ਕਰਦਾ ਏ। ਪਰ ਹੌਲੀ-ਹੌਲੀ ਇਲਾਕੇ ਦੀਆਂ ਗੱਲਾਂ-ਬਾਤਾਂ ਤੋਂ ਕਈਆਂ ਨੂੰ ਮਲੂਮ ਹੋ ਗਿਆ ਸੀ। ਉਸ ਦਿਨ ਤਾਂ ਸਾਰਿਆਂ ਨੂੰ ਪਤਾ ਲੱਗ ਗਿਆ ਜਿੱਦਣ ਉਸਦਾ ਭਤੀਜਾ ਤੇ ਇਕ ਸਾਥੀ ਇਕ ਸੰਨ੍ਹ ਵਿਚ ਘਿਰ ਗਏ ਅਤੇ ਫੜੇ ਗਏ। ਤਰਲੋਕੇ ਦੀ ਪੁਲਿਸ ਵਾਲਿਆਂ ਨਾਲ ਗੂੜ੍ਹੀ ਸਾਂਝ ਸੀ। ਉਸਨੇ ਖਰਚਾ ਲਾ ਕੇ ਆਪਣੇ ਦੋਵੇਂ ਬੰਦੇ ਛੁਡਾ ਲਏ ਸਨ। ਉਨ੍ਹਾਂ ਦੀ ਠਾਣੇ ਵਿਚ ਹੀ ਕੱਚੀ ਜਮਾਨਤ ਲਈ ਗਈ ਤੇ ਚਿਤਾਵਨੀ ਦੇ ਕੇ ਉਨ੍ਹਾਂ ਨੂੰ ਛੱਡਿਆ ਗਿਆ ਸੀ।

ਇਸ ਵਾਰਦਾਤ ਨਾਲ ਤਰਲੋਕੇ ਦੀ ਪਿੰਡ ਵਿਚ ਹੇਠੀ ਹੋਈ ਸੀ। ਲੋਕੀ ਭਾਂਤ-ਭਾਂਤ ਦੀਆਂ ਗੱਲਾਂ ਕਰਨ ਲੱਗੇ। ਉਸਦੇ ਘਰ ਲੋਕੀ ਆਉਣ ਤੋਂ ਘਬਰਾਉਣ ਲੱਗੇ।ਉਹ ਜਦੋਂ ਪਿੰਡ ਵਿਚੋਂ ਲੰਘਦਾ ਤਾਂ ਲੋਕੀ ਵੇਖ ਕੇ ਅਗਾਂਹ-ਪਿਛਾਂਹ ਹੋ ਜਾਂਦੇ। ਉਸਦੇ ਮੱਥੇ ਲੱਗਣ ਤੋਂ ਕਤਰਾਉਣ ਲੱਗੇ। ਉਸਦੇ ਕਈ ਰਿਸ਼ਤੇਦਾਰ ਵੀ ਉਸ ਕੋਲ ਨਸੀਹਤਾਂ ਦੇਣ ਆਏ ਤੇ ਉਸ ਨੂੰ ਇਹ ਧੰਦਾ ਛੱਡਣ ਲਈ ਪ੍ਰੇਰਿਆ। ਤਰਲੋਕੇ ਨੂੰ ਖ਼ੁਦ ਆਪਣੇ ਆਪ ਉਪਰ ਅਫ਼ਸੋਸ ਆ ਰਿਹਾ ਸੀ ਕਿ ਲੋਕ ਕਿਧਰੇ ਉਸ ਨੂੰ ਤਰਲੋਕੇ ਤੋਪ ਤੋਂ ਚੋਰ ਨਾ ਕਹਿਣਾ ਸ਼ੁਰੂ ਕਰ ਦੇਣਾ। ਉਸਦੀ ਮਾਂ ਨੇ ਵੀ ਉਸਨੂੰ ਚੋਰੀ ਤੋਂ ਬਾਜ ਆਉਣ ਲਈ ਝਿੜਕਿਆ। ਉਸਦੇ ਚਾਚੇ ਦਾ ਪੋਤਰਾ ਜਿਹੜਾ ਫੜਿਆ ਗਿਆ ਸੀ, ਉਹ ਵੀ ਠਾਣਿਓਂ ਵਾਪਸ ਆ ਕੇ ਉਸ ਤੋਂ ਪਿੱਛੇ ਹਟਣ ਲੱਗਾ। ਇਕ ਦਿਨ ਉਸਨੇ ਆਪਣੀ ਮਾਂ ਨੂੰ ਆਖਿਆ—"ਮਾਂ ! ਮੈਨੂੰ ਆਪਣੀ ਸੌਂਹ ਦਾ ਚੇਤਾ ਨਹੀਂ ਭੁੱਲਾ। ਮੈਂ ਮੌਕੇ ਦੀ ਤਾੜ ਵਿਚ ਵਾਂ। ਕਿਸੇ ਦਿਨ ਮੈਂ ਇਹ ਵਾਅਦਾ ਪੂਰਾ ਕਰਕੇ ਵਿਖਾਵਾਂਗਾ। ਤੇਰੀ ਸੌਂਹ ਖਾ ਕੇ ਆਖਦਾ ਵਾਂ, ਮੈਂ ਅੱਜ ਤੋਂ ਚੋਰੀ ਨਹੀਂ ਕਰਾਂਗਾ।" ਮਾਂ ਆਪਣੀ ਚੁੰਨੀ ਨਾਲ ਅੱਖਾਂ ਪੂੰਝਦੀ ਉਸਦੇ ਰੋਹ ਭਰੇ ਮੂੰਹ ਵੱਲ ਤੱਕ ਰਹੀ ਸੀ।

ਹਾਲੇ ਵੀ ਪਿੰਡ ਵਿਚ ਤਰਲੋਕੇ ਦੇ ਸਮਰਥਕਾਂ ਦੀ ਬਹੁਗਿਣਤੀ ਸੀ। ਉਸਦੇ ਨਾਲ ਨਾਲ ਉਸਦੇ ਪਿੰਡ ਨੂੰ ਯਾਦ ਕੀਤਾ ਜਾਂਦਾ ਸੀ। ਪਿੰਡ ਵਿਚ ਕੋਈ ਚੋਰੀ-ਚੱਕਾਰੀ ਹੋਇਆਂ ਵਰ੍ਹੇ ਬੀਤ ਚੁੱਕੇ ਸਨ। ਫੀਰਾ ਦੇਸੇ ਬਦਮਾਸ਼ ਦਾ ਰਿਸ਼ਤੇਦਾਰ ਸੀ। ਫੀਰੇ ਨੇ ਦੇਸੇ ਨੂੰ ਸੰਨ੍ਹ ਬਾਰੇ ਦੱਸਿਆ ਸੀ ਤੇ ਦੋਵਾਂ ਵਿਚ ਕੋਈ ਗੱਲਬਾਤ ਹੋਈ ਸੀ। ਤਰਲੋਕੇ ਨੂੰ ਵੀ ਇਨ੍ਹਾਂ ਦੀਆਂ ਸਰਗਰਮੀਆਂ ਦਾ ਪਤਾ ਲੱਗਦਾ ਰਹਿੰਦਾ ਸੀ। ਦੋਵੇਂ ਧਿਰਾਂ ਬਿਆਨਬਾਜ਼ੀ ਤੋਂ ਪਰਹੇਜ਼ ਕਰ ਰਹੀਆਂ ਸਨ। ਦੋਵੇਂ ਪਾਸੇ ਵਿਚੇ ਵਿਚ ਸਕੀਮਾਂ ਬਣਦੀਆਂ ਰਹਿੰਦੀਆਂ ਤੇ ਟੁੱਟਦੀਆਂ ਰਹਿੰਦੀਆਂ ਸਨ। ਤਰਲੋਕੇ ਨੇ ਦੋ ਸਾਲ ਹੋਏ, ਕੋਈ ਵਾਰਦਾਤ ਨਹੀਂ ਸੀ ਕੀਤੀ। ਉਸਨੇ ਹੁਣ ਗੁਰਦੁਆਰੇ ਵੀ ਨਿੱਤ ਜਾਣਾ ਸ਼ੁਰੂ ਕਰ ਦਿੱਤਾ ਸੀ। ਲੋਕੀ ਸਮਝਣ ਲੱਗ ਪਏ ਸਨ ਕਿ ਤਰਲੋਕਾ ਹੁਣ ਭਗਤ ਬਣ ਗਿਆ ਹੈ ਪਰ ਉਸਦੇ ਨਜ਼ਦੀਕੀਆਂ ਨੂੰ ਪਤਾ ਸੀ ਕਿ ਉਹ ਭਰਿਆ-ਪੀਤਾ ਫਿਰ ਰਿਹਾ ਏ ਤੇ ਉਸ ਵਿਚੋਂ ਲਾਵਾ ਕਿਸੇ ਵੇਲੇ ਵੀ ਫੁੱਟ ਸਕਦਾ ਏ। ਉਸਦੇ ਘਰ ਉਪਰੇ ਬੰਦੇ ਆਉਂਦੇ ਜਾਂਦੇ ਸਨ।

ਇਕ ਦਿਨ ਉਹ ਆਪਣੀ ਹਵੇਲੀ ਵਿਚ ਬੈਠਾ ਪਿੰਡ ਦੇ ਸ਼ਾਹ ਨਾਲ ਕੋਈ ਹਿਸਾਬ-ਕਿਤਾਬ ਕਰ ਰਿਹਾ ਸੀ। ਚਾਣਚੱਕ ਇਕ ਜੀਪ ਉਹਦੀ ਹਵੇਲੀ ਵਿਚ ਸਿੱਧੀ ਆਣ ਖਲੋਤੀ। ਉਸ ਵਿਚੋਂ ਤਿੰਨ ਹਥਿਆਰਬੰਦ ਬੰਦੇ ਨਿਕਲ ਕੇ ਸਿੱਧੇ ਤਰਲੋਕੇ ਵੱਲ ਵਧੇ। ਤਰਲੋਕਾ ਵੇਖ ਕੇ ਘਰ ਵੱਲ ਭੱਜਾ। ਉਨ੍ਹਾਂ ਭੱਜੇ ਜਾਂਦੇ ਉਪਰ ਫਾਇਰ ਕੀਤੇ ਪਰ ਨਿਸ਼ਾਨੇ ਤੋਂ ਖੁੰਝ ਗਏ। ਤਰਲੋਕਾ ਆਪਣੀ ਬੰਦੂਕ ਨਾਲ ਅੰਦਰੋਂ ਫਾਇਰ ਕਰਨ ਲੱਗਾ। ਇਹ ਜੀਪ ਵਾਲਾ ਦੇਸਾ ਫੀਰਾ ਤੇ ਇਕ ਹੋਰ ਸੀ। ਖੜਾਕ ਸੁਣ ਕੇ ਇਕ ਨੌਕਰ ਭੱਜਾ ਆਇਆ। ਦੇਸੇ ਨੇ ਉਸ ਨੂੰ ਉਥੇ ਹੀ ਚਿਤ ਕਰ ਦਿੱਤਾ। ਤਿੰਨ ਜਣੇ ਜੀਪ ਉਹਲੇ ਹੋ ਕੇ ਫਾਇਰ ਕਰਨ ਲੱਗੇ। ਅੱਗੋਂ ਤਰਲੋਕਾ ਫਾਇਰ ਤੇ ਫਾਇਰ ਕਰੀ ਜਾ ਰਿਹਾ ਸੀ। ਉਸਦੀ ਮਾਂ ਨੇ ਉਸ ਨੂੰ ਕਾਰਤੂਸਾਂ ਵਾਲਾ ਝੋਲਾ ਪੇਟੀ ਵਿਚੋਂ ਕੱਢ ਕੇ ਦਿੱਤਾ ਸੀ। ਖੜਾਕ ਸੁਣ ਕੇ ਉਸਦੇ ਭਤੀਜੇ ਨੇ ਵੀ ਹਵੇਲੀ ਦੇ ਗੇਟ ਤੋਂ ਜੀਪ ਵੱਲ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਮੌਕਾ ਤਾੜ ਕੇ ਤਰਲੋਕੇ ਨੇ ਦੇਸੇ ਦੀ ਪਿੱਠ ਵਿਚ ਗੋਲੀ ਮਾਰੀ ਜੋ ਹਵੇਲੀ ਦੇ ਗੇਟ ਵੱਲ ਫਾਇਰ ਕਰ ਰਿਹਾ ਸੀ। ਦੇਸਾ ਢੇਰੀ ਹੋ ਗਿਆ ਤੇ ਬਾਕੀ ਦੋਹਾਂ ਨੇ ਹੱਥ ਖੜੇ ਕਰ ਦਿੱਤੇ। ਉਸਦੇ ਭਤੀਜੇ ਨੇ ਭੱਜ ਕੇ ਦੋਹਾਂ ਨੂੰ ਦਬੋਚ ਲਿਆ। ਉਨ੍ਹਾਂ ਕੋਲ ਸ਼ਾਇਦ ਅਸਲਾ ਵੀ ਮੁੱਕ ਚੁੱਕਾ ਸੀ। ਤਰਲੋਕੇ ਨੇ ਭੱਜ ਕੇ ਦੇਸੇ ਦੀ ਲਾਸ਼ ਨੂੰ ਜਾ ਘੇਰਿਆ। ਉਹ ਉੱਚੀ-ਉੱਚੀ ਕਹਿਣ ਲੱਗਾ—"ਮਾਂ ਅੱਜ ਤੇਰਾ ਕਰਜ਼ ਵੀ ਲਾਹ ਦਿੱਤਾ ਈ। ਏਸੇ ਪਾਪੀ ਨੇ ਤੇਰੇ ਸੁਹਾਗ ਨੂੰ ਲੁੱਟਿਆ ਸੀ।" ਉਹ ਉੱਚੀ-ਉੱਚੀ ਹੱਸ ਰਿਹਾ ਸੀ ਤੇ ਲਾਸ਼ ਨੂੰ ਪੈਰਾਂ ਨਾਲ ਲਤਾੜ ਰਿਹਾ ਸੀ। ਉਸਦੀ ਮਾਂ ਖ਼ੁਸ਼ੀ ਨਾਲ ਖੀਵੀ ਹੋਈ ਉਸਦਾ ਮੂੰਹ ਚੁੰਮ ਰਹੀ ਸੀ ਤੇ ਸਾਰੇ ਪਿੰਡ ਵਾਲੇ ਤਰਲੋਕੇ ਦੀ ਬਹਾਦਰੀ ਤੇ ਸੂਰਮਗਤੀ ਦੇ ਗੁਣ ਗਾ ਰਹੇ ਸਨ। ਤਰਲੋਕਾ ਇਕ ਵੇਰੀ ਫਿਰ ਚੋਰ ਤੋਂ ਤੋਪ ਬਣ ਗਿਆ ਸੀ।

# ਵੱਸਣ ਵਹਿਮੀ

ਕੁਝ ਲੋਕ ਅਜਿਹੇ ਹੁੰਦੇ ਨੇ ਜਿਹੜੇ ਆਪਣੇ ਵਕਤ ਤੋਂ ਪਹਿਲਾਂ ਜਨਮਦੇ ਹਨ। ਉਹ ਆਪਣੇ ਜੀਵਨ ਕਾਲ ਵਿਚ ਨਾ ਆਪ ਖ਼ੁਸ਼ ਰਹਿੰਦੇ ਹਨ ਤੇ ਨਾ ਹੀ ਕਿਸੇ ਨੂੰ ਰਹਿਣ ਦੇਂਦੇ ਹਨ। ਇਸੇ ਤਰ੍ਹਾਂ ਕੁਝ ਹੋਰ ਲੋਕ ਆਪਣੇ ਸਮੇਂ ਤੋਂ ਕਈ ਸਦੀਆਂ ਬਾਅਦ ਪੈਦਾ ਹੁੰਦੇ ਹਨ। ਉਨ੍ਹਾਂ ਦੀ ਵੀ ਅਜੋਕੇ ਸਮਾਜ ਨਾਲ ਨਹੀਂ ਬਣਦੀ ਤੇ ਨਾ ਹੀ ਆਮ ਲੋਕ ਉਨ੍ਹਾਂ ਨਾਲ ਬਣਾ ਕੇ ਖ਼ੁਸ਼ ਹੁੰਦੇ ਹਨ। ਵੱਸਣ ਸਿੰਘ ਨਾਲ ਗੱਲਬਾਤ ਕਰੋ ਤਾਂ ਇੰਜ ਲੱਗਦਾ ਸੀ ਜਿਵੇਂ ਇਹ ਬੰਦਾ ਸਾਡੇ ਪਿੰਡ ਪੰਦਰਵੀਂ ਸਦੀ ਦਾ ਪੈਦਾ ਹੋ ਗਿਆ ਸੀ। ਉਸਨੂੰ ਵਰਤਮਾਨ ਦੀ ਕੋਈ ਚੀਜ਼ ਚੰਗੀ ਨਹੀਂ ਸੀ ਲਗਦੀ। ਉਹ ਹਮੇਸ਼ਾ ਪੁਰਾਣੇ ਜਾਂ ਬੀਤੇ ਜ਼ਮਾਨੇ ਦੀ ਗੱਲ ਕਰਕੇ ਖ਼ੁਸ਼ ਹੁੰਦਾ ਸੀ। ਉਹ ਹਰ ਗੱਲ ਤੇ ਵਹਿਮ ਕਰਦਾ ਸੀ। ਇਸ ਲਈ ਉਸ ਨੂੰ ਵਹਿਮੀ ਵੀ ਕਹਿਣ ਲੱਗ ਪਏ।

ਬਾਕੀ ਲੋਕਾਂ ਵਾਂਗ ਉਹ ਵੀ ਸੰਨ ਸੰਤਾਲੀ ਬਾਅਦ ਉੱਜੜ ਕੇ ਆਇਆ ਸੀ। ਉਹ ਪਿੰਡ ਦੇ ਬਾਹਰ ਇਕ ਪਿੱਪਲ ਥੱਲੇ ਮੰਜਾ ਡਾਹ ਕੇ ਬੈਠ ਜਾਂਦਾ ਤੇ ਆਉਂਦੇ ਜਾਂਦੇ ਨਾਲ ਉਹ ਆਪਣਾ ਦੁਖ-ਸੁਖ ਫੋਲਦਾ। ਪਿੰਡ ਦੇ ਮੁੰਡੇ-ਖੁੰਡੇ ਜਦ ਉਸਦਾ ਹਾਲ ਪੁੱਛਦੇ ਤਾਂ ਉਹ ਆਖਦਾ—"ਪੁੱਤਰੋ ਹਾਲ ਕਾਹਦਾ ਹੋਣਾ ਏ, ਐਵੇਂ ਦਿਨ ਕਟੀ ਕਰ ਰਹੇ ਆਂ। ਹੁਣ ਤਾਂ ਕਲਜੁਗ ਆ ਗਿਆ ਐ। ਕੋਈ ਵੱਡੇ ਛੋਟੇ ਨੂੰ ਨਹੀਂ ਵੇਖਦਾ। ਸਭ ਨੂੰ ਆਪਣੀ-ਆਪਣੀ ਪਈ ਐ। ਸਾਡੇ ਵੇਲੇ ਲੋਕ ਬਜ਼ੁਰਗਾਂ ਦਾ ਆਦਰ ਮਾਣ ਕਰਦੇ ਸਨ। ਜਦੋਂ ਕੋਈ ਆਪ ਤੋਂ ਵੱਡਾ ਰਾਹ ਜਾਂਦੇ ਮਿਲਦਾ ਤਾਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦੇ ਸਨ। ਜੇਕਰ ਕੋਈ ਮੇਰੀ ਉਮਰ ਦਾ ਹੁੰਦਾ ਤਾਂ ਪੈਰੀਂ ਪੈਣਾ ਕਰਦੇ ਸਨ। ਅੱਜ ਕੱਲ੍ਹ ਦੇ ਮੁੰਡੇ ਵੇਖੋ, ਜਦੋਂ ਮਿਲਦੇ ਨੇ ਤਾਂ ਮੂੰਹ ਚੁੱਕ ਕੇ ਲੰਘ ਜਾਂਦੇ ਨੇ। ਕੋਈ ਅੱਖ ਦੀ ਸ਼ਰਮ ਨਹੀਂ। ਮੁੰਡੇ ਤਾਂ ਅੱਜ ਕੱਲ੍ਹ ਬਦਮਾਸ਼ ਨੇ ਨਿਰੇ ਬਦਮਾਸ਼। ਜਦ ਵੀ ਕੋਈ ਧੀ ਭੈਣ ਲਾਗੋਂ ਲੰਘਦੀ ਐ ਤਾਂ ਅੱਖਾਂ ਪਾੜ-ਪਾੜ ਵੇਖਦੇ ਨੇ ਤੇ ਮਗਰੋਂ ਟਿੱਚਰਾਂ ਕਰਦੇ ਨੇ। ਮਰ ਨਹੀਂ ਜਾਂਦੇ ਇਹ ਕੰਜਰ ਕੁਝ ਖਾ ਕੇ। ਸਾਡੇ ਵੇਲੇ ਜਦੋਂ ਵੀ ਕੋਈ ਧੀ-ਭੈਣ ਲਾਗੋਂ ਲੰਘਣੀ ਤਾਂ ਅਸੀਂ ਊਂਦੀ ਪਾ ਲੈਂਦੇ ਜਾਂ ਉਹ ਨੀਵੀਂ ਪਾ ਕੇ ਮਲਕੜੇ ਲੰਘ ਜਾਂਦੀਆਂ ਸਨ। ਅੱਜ ਕੱਲ੍ਹ ਤਾਂ ਕੁੜੀਆਂ ਨੂੰ ਵੀ ਅੱਗ ਲੱਗੀ ਹੋਈ ਐ। ਮੁੰਡਿਆਂ ਵੱਲ ਵੇਖ ਕੇ ਹੱਸਦੀਆਂ ਤੇ ਦੰਦ ਕੱਢਦੀਆਂ ਨੇ। ਫਿਰ ਮੁੰਡਿਆਂ ਨੇ ਤਾਂ ਮਗਰ ਲੱਗਣਾ ਹੀ ਹੋਇਆ।"

ਏਨੇ ਨੂੰ ਇਕ ਉਸਦਾ ਯਾਰ ਮਾਸਟਰ ਟਹਿਲ ਸਿੰਘ ਉਸਦੇ ਲਾਗੋਂ ਲੰਘ ਰਿਹਾ ਸੀ। ਮਾਸਟਰ ਨੂੰ ਵੇਖ ਕੇ ਮੁੰਡੇ ਚੱਲਦੇ ਬਣੇ। ਨਾ ਸਾਹਬ ਨਾ ਸਲਾਮ। ਸਾਰੇ ਦਗੜ-ਦਗੜ ਕਰਦੇ ਮਾਸਟਰ

ਮੂਹਰਿਓਂ ਇੰਜ ਲੰਘੇ, ਜਿਵੇਂ ਮਾਸਟਰ ਨਾਲ ਉਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਾ ਹੋਵੇ। ਮਾਸਟਰ ਵੱਸਣ ਵਹਿਮੀ ਕੋਲ ਆ ਕੇ ਮੰਜੇ 'ਤੇ ਬੈਠ ਗਿਆ। ਬੈਠਦਿਆਂ ਹੀ ਵੱਸਣ ਕਹਿਣ ਲੱਗਾ—"ਟਹਿਲ ਸਿਆਂ, ਇਹ ਮੁੰਡੇ ਨੇ ਜਾਂ ਸਾਡੇ ਦੁਸ਼ਮਣ। ਵੇਖ ਨਾ ਕਿੱਦਾਂ ਤੇਰੇ ਲਾਗੋਂ ਈ ਬੜੀ ਮਜਾਜ ਨਾਲ ਲੰਘ ਗਏ ਨੇ। ਇਨ੍ਹਾਂ ਦਾ ਮੂੰਹ ਸੜ ਜਾਏ ਜੇ ਕਦੀ ਸਤਿ ਸ੍ਰੀ ਅਕਾਲ ਇਨ੍ਹਾਂ ਬੁਲਾਈ ਹੋਵੇ। ਤੂੰ ਇਨ੍ਹਾਂ ਨੂੰ ਪੜ੍ਹਾਉਂਦਾ ਰਿਹਾ ਏਂ ਜਾਂ ਇਹ ਤੇਰੇ ਉਸਤਾਦ ਨੇ। ਸਾਡੇ ਵੇਲੇ ਤਾਂ ਭਾਈ। ਮਾਸਟਰ ਜੀ ਨੂੰ ਵੇਖ ਕੇ ਸਾਨੂੰ ਚਾਅ ਚੜ੍ਹ ਜਾਂਦਾ ਸੀ। ਅਸੀਂ ਪੈਰੀਂ ਪੈਣਾ ਕਰਦੇ ਤੇ ਉਹ ਸਾਡੇ ਸਿਰ 'ਤੇ ਹੱਥ ਰੱਖ ਕੇ ਜੀਊਂਦਾ ਰਹੋ ਕਹਿੰਦਾ। ਕਲੇਜੇ ਠੰਡ ਪੈ ਜਾਂਦੀ ਸੀ ਆਪਣੇ ਉਸਤਾਦ ਨੂੰ ਮਿਲ ਕੇ। ਅੱਜ ਕੱਲ੍ਹ ਤਾਂ ਮਾਸਟਰ ਹੀ ਮੁੰਡਿਆਂ ਨੂੰ ਦੂਰੋਂ ਆਉਂਦਿਆਂ ਵੇਖ ਕੇ ਰਸਤਾ ਬਦਲ ਲੈਂਦੇ ਨੇ। ਉਨ੍ਹਾਂ ਨੂੰ ਪਹਿਲਾਂ ਈ ਪਤਾ ਹੁੰਦੈ ਕਿ ਇਨ੍ਹਾਂ ਬਦਬਖਤਾਂ ਕੋਈ ਸਾਹਬ ਸਲਾਮ ਨਹੀਂ ਕਰਨੀ।" ਮਾਸਟਰ ਟਹਿਲ ਸਿੰਘ ਉਸਦੀ ਹਾਂ ਵਿਚ ਹਾਂ ਮਿਲਾ ਰਿਹਾ ਸੀ ਕਿਉਂਕਿ ਵੱਸਣ ਸਿੰਘ ਉਸਦੇ ਜਜ਼ਬਾਤਾਂ ਦੀ ਸਹੀ ਤਰਜ਼ਮਾਨੀ ਕਰੀ ਜਾ ਰਿਹਾ ਸੀ।

ਇਕ ਵਾਰੀ ਪਿੰਡ ਵਿਚ ਬਰਾਤ ਆਈ। ਉਨ੍ਹਾਂ ਨੱਚਣ ਗਾਉਣ ਵਾਲੀ ਇਕ ਕੁੜੀ ਵੀ ਲਿਆਂਦੀ ਸੀ। ਸਟੇਜ 'ਤੇ ਪ੍ਰੋਗਰਾਮ ਹੋ ਰਿਹਾ ਸੀ ਤੇ ਬਰਾਤੀ ਤੇ ਮੇਲੀ ਖਾਣ-ਪੀਣ ਵਿਚ ਵਿਅਸਤ ਸਨ। ਵੱਸਣ ਵਹਿਮੀ ਵੀ ਕੁੜੀ ਵਾਲਿਆਂ ਵੱਲੋਂ ਇਸ ਵਿਆਹ ਵਿਚ ਆਇਆ ਸੀ। ਕੁਝ ਦੇਰ ਤਾਂ ਉਹ ਸਟੇਜ 'ਤੇ ਨੱਚਣ ਵਾਲੀਆਂ ਦਾ ਨਾਚ ਵੇਖਦਾ ਰਿਹਾ। ਫਿਰ ਉਸ ਨੂੰ ਚਮੂਣੇ ਲੜਨ ਲੱਗੇ। ਉਹ ਉੱਠ ਕੇ ਸਟੇਜ 'ਤੇ ਚੜ੍ਹ ਗਿਆ ਤੇ ਡਾਂਗ ਘੁਮਾਉਂਦਾ ਹੋਇਆ ਸਭਨਾਂ ਨੂੰ ਆਖਣ ਲੱਗਾ—"ਇਹ ਲੁੱਚਪੁਣਾ ਏਥੇ ਨਹੀਂ ਹੋਣ ਦਿਆਂਗੇ। ਤੁਸੀਂ ਲੋਕ ਕੁੜੀ ਦੇ ਵਿਆਹ 'ਤੇ ਆਏ ਜੇ, ਕਿਸੇ ਮੁਜਰੇ 'ਤੇ ਨਹੀਂ। ਬੰਦ ਕਰੋ ਵਾਹਯਾਤ ਗਾਣੇ ਤੇ ਨਾਚ। ਇਹ ਬਦਮਾਸ਼ੀ ਮੈਂ ਪਿੰਡ 'ਚ ਨਹੀਂ ਚੱਲਣ ਦਿਊਂਗਾ।" ਕੁੜੀ ਵਾਲੇ ਕਈ ਜਾਣੇ ਭੱਜੇ ਸਟੇਜ 'ਤੇ ਗਏ ਤੇ ਵੱਸਣ ਵਹਿਮੀ ਨੂੰ ਖਿੱਚ ਕੇ ਹੇਠਾਂ ਧੂਹਣ ਲੱਗੇ। ਪਰ ਵੱਸਣ ਆਪਣੇ ਰੌਂਅ ਵਿਚ ਨੱਚਣ ਵਾਲਿਆਂ ਦੀ ਐਸੀ-ਤੈਸੀ ਕਰੀ ਜਾ ਰਿਹਾ ਸੀ। ਸਟੇਜ 'ਤੇ ਰੌਲਾ ਪੈ ਗਿਆ ਤੇ ਗਾਉਣ ਨੱਚਣ ਵਾਲੇ ਸਟੇਜ ਪਿੱਛੇ ਲੁਕ ਗਏ। ਵੱਸਣ ਨੇ ਇਕੱਲਾ ਵੇਖ ਕੇ ਹਥਿਆਰ ਸੁੱਟ ਦਿੱਤੇ ਤੇ ਉਹ ਬੁੜਬੁੜ ਕਰਦਾ ਪੰਡਾਲੋਂ ਬਾਹਰ ਚਲਾ ਗਿਆ।

ਲੋਕੀ ਉਸ ਨੂੰ ਵਿਆਹ ਸ਼ਾਦੀ ਵੇਲੇ ਸੱਦਣ ਤੋਂ ਗੁਰੇਜ ਕਰਨ ਲੱਗੇ। ਪਰ ਘਰ ਦੇ ਵਿਆਹ ਉਪਰ ਤਾਂ ਨਜ਼ਦੀਕੀਆਂ ਨੂੰ ਸੱਦਣਾ ਹੀ ਪੈਂਦਾ ਏ। ਆਪਣੇ ਭਰਾ ਦੀ ਪੋਤਰੀ ਦੇ ਵਿਆਹ ਦੀਆਂ ਲਾਵਾਂ ਵੇਖ ਰਿਹਾ ਸੀ। ਲਾਵਾਂ ਬਅਦ ਲੋਕੀ ਲੱਗੇ ਸਿਰਵਾਰਨੇ ਕਰਨ। ਉਹ ਤੇਜ਼ੀ ਨਾਲ ਉੱਠ ਕੇ ਮਾਈਕ ਮੂਹਰੇ ਚਲਾ ਗਿਆ। ਉਹ ਚਿਲਾ ਕੇ ਕੜਕਿਆ—"ਮਹਾਰਾਜ ਦੀ ਹਜ਼ੂਰੀ ਵਿਚ ਕੋਈ ਸਿਰਵਾਰਨੇ ਨਹੀਂ ਕਰ ਸਕਦਾ। ਬੰਦ ਕਰੋ ਇਹ ਪਖੰਡ। ਮੈਂ ਜੀਂਦੇ-ਜੀਅ ਇਹ ਬੇਅਦਬੀ ਨਹੀਂ ਹੋਣ ਦਿਆਂਗਾ। ਸਿਰਵਾਰਨਾ ਕਰਨਾ ਏ ਤਾਂ ਮਹਾਰਾਜ ਦਾ ਕਰੋ, ਜੀਹਨੇ ਸਭ ਕੁਝ ਦਿੱਤੈ।" ਸਿਰਵਾਰਨੇ ਬੰਦ ਹੋ ਗਏ ਤੇ ਵੱਸਣ ਆਪਣੀ ਜਗ੍ਹਾ 'ਤੇ ਬੈਠ ਗਿਆ। ਏਨੇ ਨੂੰ ਮੇਲੀਆਂ ਵਿਚੋਂ ਕਿਸੇ ਨੇ ਸਿੱਖਿਆ ਪੜ੍ਹਨੀ ਸ਼ੁਰੂ ਕਰ ਦਿੱਤੀ। ਵੱਸਣ ਫਿਰ ਉੱਠ ਪਿਆ

ਤੇ ਪਹਿਲਾਂ ਨਾਲੋਂ ਵੀ ਬੁਲੰਦ ਆਵਾਜ਼ ਵਿਚ ਕਹਿਣ ਲੱਗਾ—"ਇਹ ਵੀ ਬੇਅਦਬੀ ਏ ਮਹਾਰਾਜ ਦੀ। ਮਹਾਰਾਜ ਦੀ ਸਿੱਖਿਆ ਤੋਂ ਉਪਰ ਕੋਈ ਸਿੱਖਿਆ ਨਹੀਂ ਹੋ ਸਕਦੀ। ਜਦੋਂ ਲਾਵਾਂ ਦਾ ਪਾਠ ਹੋਇਆ ਏ ਤਾਂ ਉਹ ਵੀ ਸਿੱਖਿਆ ਹੀ ਸੀ। ਕੋਈ ਲੋੜ ਨਹੀਂ ਹੋਰ ਕਿਸੇ ਸਿੱਖਿਆ ਦੀ।" ਸਿੱਖਿਆ ਬੋਲਣ ਵਾਲੀ ਇਕ ਲੜਕੀ ਬੈਠ ਗਈ ਤੇ ਉਸਨੇ ਕਾਗ਼ਜ਼ ਵਲ੍ਹੇਟ ਕੇ ਜੇਬ 'ਚ ਪਾ ਲਿਆ। ਇਸ ਤੋਂ ਬਾਅਦ ਲੜਕੇ ਵਾਲਿਆਂ ਸਿਹਰਾ ਬੋਲਣਾ ਸੀ, ਉਹ ਵੱਸਣ ਦੇ ਦਾਅਬੇ ਕਾਰਨ ਖਲੋਣ ਦੀ ਜੁਰਅਤ ਨਾ ਕਰ ਸਕੇ। ਵੱਸਣ ਨੂੰ ਖਿੱਚ ਕੇ ਉਸ ਦਾ ਭਰਾ (ਕੁੜੀ ਦਾ ਬਾਪ) ਪੰਡਾਲ ਤੋਂ ਬਾਹਰ ਲੈ ਗਿਆ ਤੇ ਇਕ ਅੰਦਰ ਵਾੜ ਕੇ ਉਸਦੀ ਲਾਹ-ਪਾਹ ਕਰਨ ਲੱਗਾ। "ਸਾਰਾ ਪਿੰਡ ਤੈਨੂੰ ਬੁਲਾਉਣੋਂ ਹਟ ਗਿਆ...ਹੁਣ ਤੇ ਕੋਈ ਸ਼ਰਮ ਕਰ। ਹੁਣ ਰੱਬ ਦਾ ਵਾਸਤਾ, ਜਿੰਨਾ ਚਿਰ ਆਨੰਦ ਕਾਰਜ ਨਹੀਂ ਹੋ ਜਾਂਦਾ, ਬਾਹਰ ਨਾ ਆਵੀਂ... ਤੇਰੇ ਅੱਗੇ ਹੱਥ ਜੋੜੇ ਈ।"

ਵੱਸਣ ਸਿੰਘ ਨੇ ਕਦੀ ਫ਼ਿਲਮ ਨਹੀਂ ਸੀ ਵੇਖੀ। ਇਕ ਦਫ਼ਾ ਉਸਦਾ ਮਾਸੀ ਦਾ ਪੁੱਤ ਭਰਾ, ਸ਼ਹਿਰ ਕਿਸੇ ਕੰਮ ਵੱਸਣ ਸਿੰਘ ਨਾਲ ਆਇਆ। ਕੰਮ ਤੋਂ ਜਲਦੀ ਵਿਹਲੇ ਹੋ ਕੇ ਉਹਨੇ ਇਕ ਇਤਿਹਾਸਕ ਫ਼ਿਲਮ 'ਸਿਕੰਦਰੇ-ਆਜ਼ਮ' ਵੇਖਣ ਦਾ ਫ਼ੈਸਲਾ ਕੀਤਾ। ਉਹ ਬਦੋਬਦੀ ਵੱਸਣ ਨੂੰ ਨਾਲ ਲੈ ਗਿਆ। ਦੋਵੇਂ ਆਰਾਮ ਨਾਲ ਫ਼ਿਲਮ ਵੇਖਣ ਲੱਗੇ। ਲੜਾਈ ਦੇ ਦ੍ਰਿਸ਼ ਸਨ। ਵੱਸਣ ਸਿੰਘ ਬੜੇ ਧਿਆਨ ਨਾਲ ਵੇਖ ਰਿਹਾ ਸੀ। ਏਨੇ ਨੂੰ ਇਕ ਰੁਮਾਂਟਿਕ ਦ੍ਰਿਸ਼ ਆਇਆ। ਨਾਚ ਹੋਣ ਲੱਗਾ ਤੇ ਨਾਇਕਾ ਨਾਇਕ ਨਾਲ ਕਲੋਲ ਕਰਨ ਲੱਗੀ। ਵੱਸਣ ਨੇ ਹਿਲਣਾ-ਜੁਲਣਾ ਸ਼ੁਰੂ ਕਰ ਦਿੱਤਾ ਤੇ ਬੇਚੈਨ ਹੋਣ ਲੱਗਾ। ਉਸ ਕੋਲੋਂ ਰਿਹਾ ਨਾ ਗਿਆ—"ਉਏ ਰਾਮਿਆਂ ਏਸ ਕਰਕੇ ਮੈਨੂੰ ਏਥੇ ਲਿਆਂਦਾ ਈ। ਆ ਵੇਖ ਕੀ ਕਰਦੇ ਨੇ ਏ ਕੁੜੀਆਂ ਮੁੰਡੇ। ਇਹ ਵਖਾਉਣ ਲਿਆਇਆਂ ਏਂ ਮੈਨੂੰ ਕੁੱਤ ਖਾਨਾ।" ਉਸਨੇ ਅੱਖਾਂ 'ਤੇ ਹੱਥ ਰੱਖ ਲਏ ਤੇ ਰੌਲਾ ਪਾਉਂਦਾ ਸੀਟ ਤੋਂ ਉੱਠ ਬੈਠਾ। ਉਸਦਾ ਭਰਾ ਉਸ ਨੂੰ ਬਥੇਰਾ ਫੜ-ਫੜ ਬਿਠਾਉਂਦਾ ਪਰ ਉਹ ਵਾਹਿਗੁਰੂ-ਵਾਹਿਗੁਰੂ ਕਰਦਾ ਸਿਨਮਾ ਘਰ ਤੋਂ ਬਾਹਰ ਨਿਕਲ ਗਿਆ। ਲੋਕ ਉਸ ਦੀਆਂ ਗੱਲਾਂ 'ਤੇ ਹੱਸ ਵੀ ਰਹੇ ਸਨ ਤੇ ਉਸਦੀ ਅਹਿਮਕਾਨਾ ਹਰਕਤਾਂ ਤੋਂ ਖ਼ਫ਼ਾ ਵੀ ਹੋਏ। ਇਹ ਵੱਸਣ ਦੀ ਪਹਿਲੀ ਤੇ ਆਖ਼ਰੀ ਫ਼ਿਲਮ ਸੀ, ਉਹ ਜਦੋਂ ਸ਼ਹਿਰ ਵਿਚ ਫ਼ਿਲਮਾਂ ਦੇ ਇਸ਼ਤਿਹਾਰ ਜਾਂ ਬੋਰਡ ਲੱਗੇ ਵੇਖਦਾ ਤਾਂ ਊਂਦੀ ਪਾ ਕੇ, ਪਾਸਾ ਵੱਟ ਕੇ ਫਟਾ-ਫਟ ਲੰਘ ਜਾਂਦਾ।

ਜਦੋਂ ਟੀ.ਵੀ. ਦਾ ਦੌਰ ਆਇਆ ਤਾਂ ਉਹਨੇ ਘਰ ਟੀ.ਵੀ. ਨਹੀਂ ਸੀ ਵੜਨ ਦਿੱਤਾ। ਉਸਦੇ ਘਰ ਵਾਲੇ ਚੋਰੀ-ਚੋਰੀ ਗੁਆਂਢੀਆਂ ਦੇ ਘਰ ਟੀ.ਵੀ. ਵੇਖਣ ਜਾਂਦੇ। ਉਸਦਾ ਵਿਚਾਰ ਸੀ ਕਿ ਚਰਿੱਤਰ ਦੇ ਭ੍ਰਿਸ਼ਟਾਚਾਰ ਵਿਚ ਸਰਕਾਰਾਂ ਵੀ ਭਾਈਵਾਲ ਹਨ। ਉਹ ਇਸੇ ਲਈ ਟੀ.ਵੀ. ਨੂੰ ਟੀ.ਬੀ. ਕਹਿ ਕੇ ਭੰਡਦਾ ਸੀ। ਉਸ ਦੀਆਂ ਗੱਲਾਂ-ਬਾਤਾਂ ਲੋਕੀ ਥੋੜਾ ਚਿਰ ਸੁਣਦੇ ਤੇ ਫਿਰ ਮਲਕੜੇ ਅੱਗੇ ਨਿਕਲ ਜਾਂਦੇ। ਕੇਵਲ ਬੁੱਢੇ ਹੀ ਉਸ ਦੀਆਂ ਗੱਲਾਂ ਨੂੰ ਥੋੜ੍ਹਾ-ਬਹੁਤ ਗੌਰ ਦਿੰਦੇ। ਮੁੰਡੇ ਕੁੜੀਆਂ ਤਾਂ ਉਹਨੂੰ ਦੂਰੋਂ ਹੀ ਵੇਖ ਕੇ ਪਾਸਾ ਵੱਟ ਜਾਂਦੇ ਤੇ ਉਹ 'ਵਾਜਾਂ ਹੀ ਮਾਰਦਾ ਰਹਿ ਜਾਂਦਾ ਸੀ।

ਜਦੋਂ ਵਿਆਹ ਸ਼ਾਦੀਆਂ ਮੈਰਿਜ਼ ਭਵਨਾਂ ਵਿਚ ਹੋਣੀਆਂ ਸ਼ੁਰੂ ਹੋ ਗਈਆਂ ਤਾਂ ਉਸਨੇ ਇਸ ਦਾ ਡਟ ਕੇ ਵਿਰੋਧ ਕੀਤਾ ਜਿਹੜੇ ਵਿਆਹ ਦਾ ਸੱਦਾ ਉਸ ਨੂੰ ਮੈਰਿਜ਼ ਪੈਲਿਸ ਜਾਣ ਲਈ ਆਉਂਦਾ। ਉਹ ਘਰਦਿਆਂ ਨੂੰ ਭੇਜ ਦੇਂਦਾ। ਆਪ ਕਦੀ ਨਾ ਜਾਂਦਾ। ਉਸਦਾ ਵਿਚਾਰ ਸੀ ਕਿ ਧੀਆਂ ਦੇ ਵਿਆਹ ਉਥੇ ਹੀ ਹੋਣੇ ਚਾਹੀਦੇ ਹਨ, ਜਿਸ ਘਰ ਵਿਚ ਉਹ ਪਲੀਆਂ ਹੋਣ ਤੇ ਜੁਆਨ ਹੋਈਆਂ ਹੋਣ। ਉਸ ਨੂੰ ਬੇਗ਼ਾਨੇ ਥਾਂ ਜਾ ਕੇ ਵਿਆਹੁਣਾ, ਉਸਦਾ ਨਿਰਾਦਰ ਕਰਨ ਵਾਲੀ ਗੱਲ ਹੈ। ਇਹ ਹੈ ਵੀ ਬਦਸ਼ਗਨੀ। ਉਸਦੇ ਵਿਚਾਰਾਂ ਦੀ ਉਸਦੇ ਘਰ ਤੇ ਪਿੰਡ ਵਿਚ ਟਕਾ ਵੀ ਕੀਮਤ ਨਹੀਂ ਸੀ। ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਇਹ ਧੁੰਦ ਵਿਚ ਹੀ ਟੱਟੂ ਭਜਾ ਰਿਹਾ ਹੋਵੇ। ਕਿਸੇ ਨੂੰ ਉਸਦੀ ਖ਼ਬਰ ਨਹੀਂ ਸੀ।

ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਨ ਲੱਗਾ। ਉਸਦੀ ਗੱਲ ਸੁਣ ਕੇ ਲੋਕ ਹੱਸਣ ਲੱਗ ਪੈਂਦੇ ਤੇ ਹੱਸ ਕੇ ਹੀ ਟਾਲ ਦਿੰਦੇ। ਉਸਦੀ ਗੱਲ ਸੁਣਨ ਲਈ ਕੋਈ ਵੀ ਤਿਆਰ ਨਹੀਂ ਸੀ। ਉਹ ਆਪਣੇ ਆਪ ਨਾਲ ਹੀ ਗੱਲਾਂ ਕਰਦਾ ਰਹਿੰਦਾ ਤੇ ਦੰਦ ਪੀਸਦਾ ਰਹਿੰਦਾ। ਕੁਝ ਦਿਨਾਂ ਤੋਂ ਉਹ ਘਰੋਂ ਬਾਹਰ ਨਹੀਂ ਸੀ ਆ ਰਿਹਾ। ਘਰ ਵਾਲੇ ਉਸ ਨੂੰ ਖੂਹ 'ਤੇ ਜਾਣ ਲਈ ਕਹਿੰਦੇ ਪਰ ਉਹ ਹੂੰ-ਹਾਂ ਨੇ ਕਰਦਾ ਤੇ ਊਂਦੀ ਪਾ ਲੈਂਦਾ। ਕਿਸੇ ਵੇਲੇ ਉਹ ਸਾਰੀ ਦਿਹਾੜੀ ਕਿਸੇ ਨਾ ਕਿਸੇ ਨਾਲ ਬੋਲਦਾ ਰਹਿੰਦਾ ਸੀ ਪਰ ਹੁਣ ਉਸ ਨੂੰ ਬੋਲਿਆਂ ਕਿੰਨੇ ਹੀ ਦਿਨ ਬੀਤ ਗਏ ਸਨ। ਉਸਨੂੰ ਇਕ ਦਿਨ ਸੁਪਨਾ ਆਇਆ। ਜਿਵੇਂ ਉਹ ਮੜ੍ਹੀਆਂ ਵਿਚ ਬੈਠਾ ਹੋਵੇ। ਇਕ ਦਿਨ ਸ਼ਾਮ ਨੂੰ ਉਸਦੀ ਪੋਤਰੀ ਚਾਹ ਦਾ ਕੱਪ ਲੈ ਕੇ ਉਸਦੇ ਕਮਰੇ ਵਿਚ ਆਈ। ਉਸ ਦੀਆਂ ਗੱਲਾਂ ਗਿੱਲੀਆਂ ਸਨ ਤੇ ਅੱਖਾਂ ਬੰਦ ਸਨ। ਜਦ ਉਸਨੇ ਕੋਈ ਹੁੰਗਾਰਾ ਨਾ ਭਰਿਆ ਤਾਂ ਪੋਤਰੀ ਨੇ ਉਸਨੂੰ ਹੱਥੋਂ ਫੜ ਕੇ ਉਠਾਉਣਾ ਚਾਹਿਆ ਪਰ ਉਹ ਪਹਿਲਾਂ ਹੀ ਇਸ ਫਾਨੀ ਜ਼ਹਾਨ ਤੋਂ ਉੱਠ ਚੁੱਕਾ ਸੀ। ਉਸਨੂੰ ਸ਼ਾਇਦ ਚਾਹ ਪਾਣੀ ਲਈ ਧਰਮਰਾਜ ਨੇ ਸੱਦਿਆ ਸੀ।

# ਮਾਸਟਰ ਮੋਤਾ ਸਿੰਘ

ਮੋਤਾ ਸਿੰਘ ਨੂੰ ਬਚਪਨ ਵਿਚ ਉਸਦੇ ਘਰ ਦੇ ਹਾਣੀ ਮੋਤੀ ਆਖਦੇ ਸਨ। ਪੰਗਾ ਉਸ ਵਕਤ ਪੈਣਾ ਸ਼ੁਰੂ ਹੋਇਆ ਜਦੋਂ ਉਨ੍ਹਾਂ ਨੇ ਗੁਆਂਢੀ ਨੰਬਰਦਾਰ ਗੱਜਣ ਸਿੰਘ ਨੇ ਆਪਣੇ ਕੁੱਤੇ ਦਾ ਨਾਮ ਵੀ ਮੋਤੀ ਰੱਖ ਲਿਆ। ਉਹ ਜਦੋਂ ਮੋਤੀ ਨੂੰ ਦੂਰੋਂ ਉੱਚੀ ਆਵਾਜ਼ ਵਿਚ ਬੁਲਾਉਂਦੇ ਤਾਂ ਗੁਆਂਢ ਵਿਚੋਂ ਮੋਤਾ ਸਿੰਘ ਭੱਜਾ ਆਉਂਦਾ ਤੇ ਜਦੋਂ ਮੋਤਾ ਸਿੰਘ ਦੇ ਘਰ ਵਾਲੇ ਜਾਂ ਕੋਈ ਯਾਰ ਦੋਸਤ ਮੋਤਾ ਸਿੰਘ ਨੂੰ ਮੋਤੀ ਕਹਿ ਕੇ ਆਵਾਜ਼ ਮਾਰਦਾ ਤਾਂ ਨੰਬਰਦਾਰ ਦਾ ਕੁੱਤਾ ਉਨ੍ਹਾਂ ਵੱਲ ਭੱਜਾ ਆਉਂਦਾ। ਇਸ ਤਰ੍ਹਾਂ ਨਿੱਤ ਕੋਈ ਨਾ ਕੋਈ ਭੁਲੇਖਾ ਪੈਂਦਾ ਤੇ ਕਈ ਵੇਰ ਦੋਵਾਂ ਗੁਆਂਢੀਆਂ ਦਾ ਤਕਰਾਰ ਵੀ ਹੋ ਜਾਂਦਾ। ਮੋਤਾ ਸਿੰਘ ਦੇ ਘਰ ਵਾਲੇ ਕਹਿੰਦੇ ਸਨ ਕਿ ਨੰਬਰਦਾਰ ਕੁੱਤੇ ਦਾ ਨਾਮ ਬਦਲੇ ਅਤੇ ਨੰਬਰਦਾਰ ਦਾ ਵਿਚਾਰ ਸੀ ਕਿ ਕੁੱਤੇ ਦਾ ਨਾਮ ਹੁਣ ਪੱਕ ਗਿਆ ਏ ਇਸ ਲਈ ਉਹ ਮੋਤਾ ਸਿੰਘ ਦਾ ਹੀ ਨਾਮ ਬਦਲ ਲੈਣ। ਦੋਹਾਂ ਘਰਾਂ ਦੀ ਆਰਥਿਕ ਪੱਧਰ ਵਿਚ ਬੜਾ ਅੰਤਰ ਸੀ। ਇਕ ਜ਼ਿਮੀਂਦਾਰ ਸੀ ਤੇ ਦੂਜਾ ਤਰਖਾਣ ਸੀ। ਹੌਲੀ-ਹੌਲੀ ਇਹ ਮਾਮਲਾ ਪੰਚਾਇਤ ਵਿਚ ਗਿਆ। ਉਥੇ ਇਹ ਫ਼ੈਸਲਾ ਹੋਇਆ ਕਿ ਮੋਤਾ ਸਿੰਘ ਨੂੰ ਮੋਤਾ ਸਿੰਘ ਜਾਂ ਮੋਤੂ ਕਹਿ ਕੇ ਬੁਲਾਇਆ ਜਾਵੇ। ਇਸ ਲਈ ਪਿੰਡ ਵਾਲੇ ਮੋਤਾ ਸਿੰਘ ਨੂੰ ਮੋਤੂ ਕਹਿ ਕੇ ਬੁਲਾਉਣ ਲੱਗੇ ਅਤੇ ਝਗੜਾ ਕਾਫ਼ੀ ਹੱਦ ਤਕ ਟਲ ਗਿਆ। ਪਰ ਕਦੀ ਕਦੀ ਕੋਈ ਓੜਝ ਮੋਤਾ ਸਿੰਘ ਨੂੰ ਮੋਤੀ ਕਹਿ ਕੇ ਬੁਲਾਉਂਦਾ ਤਾਂ ਉਸ ਨੂੰ ਨੰਬਰਦਾਰ ਦੇ ਰਾਖੇ ਦਾ ਵੀ ਸਾਹਮਣਾ ਕਰਨਾ ਪੈ ਜਾਂਦਾ। ਕਈ ਵਾਰ ਮੋਤੀ ਕਹਿਣ ਵਾਲੇ ਨੂੰ ਪਿਛਲੇ ਪੈਰੀਂ ਭੱਜਣਾ ਵੀ ਪੈਂਦਾ।

ਮੋਤਾ ਸਿੰਘ ਪੜ੍ਹਾਈ ਵਿਚ ਦਰਮਿਆਨ ਸੀ। ਉਸਦੀ ਯਾਦ ਸ਼ਕਤੀ ਕਮਾਲ ਦੀ ਸੀ ਪਰ ਘਰ ਵਿਚ ਗ਼ਰੀਬੀ ਹੋਣ ਕਰਕੇ ਉਸ ਨੂੰ ਦਸਵੀਂ ਪਾਸ ਕਰਕੇ ਹੀ ਹਟਣਾ ਪਿਆ। ਜੱਦੀ ਕੰਮ ਕਾਰ ਵਿਚ ਉਸਦਾ ਦਿਲ ਨਹੀਂ ਸੀ ਲਗਦਾ। ਇਸ ਲਈ ਉਸਨੇ ਗਿਆਨੀ ਕਰਕੇ ਓ.ਟੀ. ਕਰ ਲਈ ਤੇ ਸਰਕਾਰੀ ਅਧਿਆਪਕ ਪਿੰਡ ਵਿਚ ਹੀ ਲੱਗ ਗਿਆ। ਉਸਨੂੰ ਪੜ੍ਹਾਈ ਨਾਲ ਬਹੁਤ ਲਗਨ ਸੀ। ਇਸ ਲਈ ਬੱਚਿਆਂ ਨੂੰ ਸਕੂਲ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਪੜ੍ਹਾਉਣ ਲੱਗਾ। ਉਸਦਾ ਵਿਚਾਰ ਸੀ ਕਿ ਜਿੰਨਾ ਉਸਦੇ ਪਿੰਡ ਦੇ ਬੱਚੇ ਵਿਦਿਆ ਪੜ੍ਹਨਗੇ, ਓਨਾ ਹੀ ਉਹ ਤਰੱਕੀ ਕਰਨਗੇ। ਉਹ ਆਪ ਤਾਂ ਬਹੁਤਾ ਨਹੀਂ ਸੀ ਪੜ੍ਹ ਸਕਿਆ। ਇਹ ਘਾਟ ਉਹ ਬੱਚਿਆਂ ਨੂੰ ਪੜ੍ਹਾ ਕੇ ਪੂਰੀ ਕਰਨੀ ਚਾਹੁੰਦਾ ਸੀ। ਉਸਨੇ ਕਦੀ ਟਿਊਸ਼ਨ ਨਹੀਂ ਸੀ ਪੜ੍ਹਾਈ ਤੇ ਨਾ ਹੀ ਕਦੀ ਕਿਸੇ ਵਿਦਿਆਰਥੀ ਨੂੰ ਕੋਈ ਵੰਗਾਰ ਪਾਈ ਸੀ। ਉਹ ਭਾਵੇਂ

ਗ਼ਰੀਬ ਸੀ ਪਰ ਉਸ ਨੂੰ ਆਪਣੀ ਗ਼ਰੀਬੀ ਨਾਲ ਇਕ ਅਧਿਆਤਮਕ ਸੰਤੁਸ਼ਟੀ ਸੀ। ਉਹ ਕਹਿੰਦਾ ਸੀ ਬਹੁਤਾ ਪੈਸਾ ਬੰਦੇ ਦੀ ਮੱਤ ਮਾਰ ਦੇਂਦਾ ਏ ਤੇ ਨਾਲ ਹੀ ਉਹ ਗੁਰਬਾਣੀ ਦੀਆਂ ਤੁਕਾਂ ਉਚਾਰਦਾ—'ਪਾਪਾਂ ਬਾਝੋਂ ਹੋਇ ਨਾ ਕੱਠੀ...।'

ਉਸਦੇ ਘਰ ਵੀ ਉਸ ਕੋਲੋਂ ਪੜ੍ਹਨ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ। ਪਿੰਡ ਦੇ ਉਹ ਅਧਿਆਪਕ ਜਿਹੜੇ ਟਿਊਸ਼ਨਾਂ ਪੜ੍ਹਾਉਂਦੇ ਸਨ, ਉਹ ਮਾਸਟਰ ਮੋਤਾ ਸਿੰਘ ਕੋਲੋਂ ਬਹੁਤ ਔਖੇ ਸਨ। ਉਹ ਉਸ ਨੂੰ ਨਸੀਹਤਾਂ ਦੇਂਦੇ ਕਿ ਮੁਫ਼ਤ ਦੀ ਖੀਰ ਕਿਸੇ ਨੂੰ ਨਹੀਂ ਪਚਦੀ, ਮੁਫ਼ਤ ਦੀ ਦਵਾਈ ਕਾਟ ਨਹੀਂ ਕਰਦੀ ਪਰ ਉਹ ਉਨ੍ਹਾਂ ਦੀ ਗੱਲ ਸੁਣ ਕੇ ਹੱਸ ਕੇ ਟਾਲ ਛੱਡਦਾ। ਜੇਕਰ ਕੋਈ ਬਹੁਤਾ ਹੀ ਸਿਰ 'ਤੇ ਚੜ੍ਹਨ ਲੱਗਦਾ ਤਾਂ ਉਹ ਭੁੜਕ ਉਠਦਾ—"ਤੁਸੀਂ ਲੋਕ ਉਸਤਾਦ ਨਹੀਂ, ਵਪਾਰੀ ਜੇ। ਜੇਕਰ ਪੈਸਾ ਈ ਕਮਾਉਣਾ ਏ ਤਾਂ ਹੋਰ ਬਥੇਰੇ ਕਿੱਤੇ ਨੇ। ਜਾਓ ਜਾ ਕੇ ਦੁਕਾਨ ਖੋਲ ਲੋ, ਛੱਡੋ ਮਾਸਟਰੀ। ਇਹਦੇ ਨਾਲ ਤੁਹਾਡਾ ਢਿੱਡ ਨਹੀਂ ਭਰਨਾ।" ਇਹ ਸੁਣ ਕੇ ਉਹ ਤੁਰ ਪੈਂਦੇ ਤੇ ਦਿਲ ਵਿਚ ਸੋਚਦੇ—ਇਹ ਤਾਂ ਸ਼ੁਦਾਈ ਏ। ਇਹਦੇ ਖਾਨੇ ਵਿਚ ਨਹੀਂ ਬੈਠਣੀ ਸਾਡੀ ਗੱਲ, ਚਲੋ ਭੁੱਖਾ ਮਰਦਾ ਤੇ ਮਰਦਾ ਰਹੇ।

ਪਰ ਮੋਤਾ ਸਿੰਘ ਭੁੱਖਾ ਨਹੀਂ ਸੀ ਮਰਦਾ। ਉਹ ਸੋਚਦਾ ਸੀ ਕਿ ਜੇਕਰ ਮੇਰੇ ਆਪਣੇ ਬੱਚੇ ਮੇਰੇ ਕੋਲ ਮੁਫ਼ਤ ਪੜ੍ਹਦੇ ਨੇ ਤਾਂ ਪਿੰਡ ਵਾਲੇ ਬੱਚੇ ਨਹੀਂ ਪੜ੍ਹ ਸਕਦੇ। ਆਖ਼ਿਰ ਉਹ ਵੀ ਤਾਂ ਸਾਡੇ ਕੁਝ ਲੱਗਦੇ ਹੀ ਨੇ। ਪਿੰਡ ਦੇ ਕੁਝ ਮੋਟੇ ਘਰਾਂ ਨੂੰ ਛੱਡ ਕੇ, ਜਿਨ੍ਹਾਂ ਦੇ ਬੱਚੇ ਸ਼ਹਿਰ ਦੇ ਸਕੂਲਾਂ ਵਿਚ ਹੀ ਪੜ੍ਹਦੇ ਸਨ ਤੇ ਉਨ੍ਹਾਂ ਵਿਚੋਂ ਅੱਧ-ਪਚੱਧੇ ਉਸ ਕੋਲ ਸਕੂਲ ਜਾਂ ਘਰ ਵਿਚ ਵੀ ਪੜ੍ਹਨ ਆਉਂਦੇ। ਉਹ ਸਾਰੀ ਦਿਹਾੜੀ ਸਕੂਲੇ ਹੀ ਰਹਿੰਦਾ ਅਤੇ ਜਦੋਂ ਰਾਤ ਨੂੰ ਘਰ ਚਲਾ ਜਾਂਦਾ ਤਾਂ ਸਕੂਲ ਘਰੇ ਲੱਗ ਜਾਂਦਾ ਸੀ। ਮਾਸਟਰ ਮੋਤਾ ਸਿੰਘ ਇਹ ਕੰਮ ਭਗਤੀ ਤੇ ਸ਼ਰਧਾ ਨਾਲ ਕਰਦਾ ਸੀ। ਉਹ ਬੱਚਿਆਂ ਨੂੰ ਕਦੀ ਮਾਰਦਾ ਨਹੀਂ ਸੀ। ਜਦੋਂ ਗ਼ੁੱਸੇ ਵਿਚ ਆਉਂਦਾ ਤਾਂ ਕਹਿੰਦਾ—"ਪੜ੍ਹਿਆ ਕਰ ਨਹੀਂ ਤਾਂ ਛੋਈ ਲਾ ਦਊਂਗਾ।" ਪਰ ਉਸ ਨੇ ਘੱਟ ਹੀ ਕਦੀ ਕਿਸੇ ਦੀ ਛੋਈ ਲਾਹੀ ਸੀ। ਇਸੇ ਲਈ ਬੱਚੇ ਵੀ ਉਸਦਾ ਪਰਛਾਵੇਂ ਵਾਂਗ ਪਿੱਛਾ ਕਰਦੇ ਅਤੇ ਉਸਦੀ ਹਰੇਕ ਹਦਾਇਤ ਨੂੰ ਚਾਈਂ-ਚਾਈਂ ਕਬੂਲਦੇ।

ਵੈਸੇ ਤਾਂ ਉਸਦੀ ਔਲਾਦ ਤਾਬਿਆਦਾਰ ਸੀ ਪਰ ਕਮਾਦ ਵਿਚੋਂ ਕਾਂਗਿਆਰੀਆਂ ਵੀ ਨਿਕਲ ਪੈਂਦੀਆਂ ਨੇ। ਉਸਦੇ ਲੜਕੇ ਉਸਨੂੰ ਕਦੇ ਕਦੇ ਘਰ ਵੱਲ ਵੀ ਤਵੱਜੋਂ ਦੇਣ ਲਈ ਆਖਦੇ ਪਰ ਡਰਦੇ-ਡਰਦੇ। ਪਰ ਉਸਦਾ ਸਭ ਤੋਂ ਛੋਟਾ ਲੜਕਾ ਬੜਾ ਉਲੱਥ ਨਿਕਲਿਆ। ਉਹ ਨਾਨਕੇ ਪਲਿਆ ਸੀ। ਜਦੋਂ ਉਹ ਦਸਵੀਂ ਪਾਸ ਕਰਕੇ ਘਰ ਪਰਤਿਆ ਤਾਂ ਉਸਨੂੰ ਘਰ ਦਾ ਮਾਹੌਲ ਸਹੀ ਨਾ ਲੱਗਾ। ਉਹ ਸਮਝਣ ਲੱਗਾ ਕਿ ਉਸਦਾ ਪਿਤਾ ਏਨਾ ਸਿਆਣਾ ਨਹੀਂ। ਉਹ ਸੋਚਦਾ ਸੀ ਕਿ ਮਾਸਟਰਾਂ ਨੇ ਤਾਂ ਪੜ੍ਹਾ-ਪੜ੍ਹਾ ਕੇ ਕੋਠੀਆਂ ਪਾ ਲਈਆਂ ਨੇ ਤੇ ਉਨ੍ਹਾਂ ਦਾ ਘਰ ਅਜੇ ਵੀ ਬੈਠਕ ਤੋਂ ਬਿਨਾਂ ਕੱਚਾ ਸੀ। ਉਸਨੇ ਆਪਣੇ ਭਰਾਵਾਂ ਨੂੰ ਆਪਣੇ ਵਿਚਾਰ ਦੱਸੇ। ਇਕ ਭਰਾ ਹੋਰ ਉਸਦੀ ਬੋਲੀ ਬੋਲਣ ਲੱਗਾ। ਮਾਸਟਰ ਦੇ ਘਰਵਾਲੀ ਵੀ ਮੁੰਡਿਆਂ ਦੇ ਮਗਰ ਲੱਗਣ ਲੱਗੀ। ਇਕ ਦਿਨ ਜਦੋਂ ਘਰ ਵਿਚ ਸ਼ਾਮ ਵੇਲੇ ਬੱਚੇ ਮਾਸਟਰ

ਜੀ ਕੋਲੋਂ ਪੜ੍ਹਨ ਲਈ ਬੈਠੇ ਸਨ ਤਾਂ ਛੋਟੇ ਲੜਕੇ (ਜਿੰਦਰ) ਨੇ ਉਨ੍ਹਾਂ ਨੂੰ ਦਬਕਾ ਮਾਰ ਕੇ ਭਜਾ ਦਿੱਤਾ ਤੇ ਆਖਿਆ—"ਪੜ੍ਹਨਾ ਹੋਵੇ ਤਾਂ ਸਕੂਲੇ ਪੜ੍ਹਿਆ ਕਰੋ। ਇਹ ਘਰ ਐ, ਸਕੂਲ ਨਹੀਂ। ਜਾਉ, ਮੁੜ ਕੇ ਨਾ ਏਥੇ ਆਉਣਾ। ਨਾ ਕੋਈ ਲੈਣਾ ਤੇ ਨਾ ਕੋਈ ਦੇਣਾ, ਐਵੇਂ ਸਾਲੇ ਤੁਰੇ ਫਿਰਦੇ ਨੇ।"

ਮਾਸਟਰ ਜੀ ਜਿੰਦਰ ਨੂੰ ਇਹ ਬੋਲਦਿਆਂ ਲਾਗੇ ਕਮਰੇ ਵਿਚ ਸੁਣ ਰਹੇ ਸਨ। ਉਸਨੇ ਜਿੰਦਰ ਨੂੰ ਝਿੜਕਿਆ। ਬਾਕੀ ਘਰ ਦੇ ਭੂੰਡਾਂ ਦੀ ਖੱਖਰ ਵਾਂਗ ਉਸਦੇ ਗਲ ਪੈ ਗਏ ਮਾਸਟਰਾਣੀ ਬੋਲੀ, "ਮੇਰੀ ਤਾਂ ਤੂੰ ਸਾਰੀ ਉਮਰ ਸੁਣੀ ਨਹੀਂ, ਹੁਣ ਮੁੰਡੇ ਵੀ ਜੇ ਤੈਨੂੰ ਅਕਲ ਦੀ ਗੱਲ ਦੱਸਦੇ ਨੇ ਤਾਂ ਤੈਨੂੰ ਚਿਪ ਚੜ੍ਹਦੀ ਏ। ਤੈਨੂੰ ਸਾਰੀ ਉਮਰ ਅਕਲ ਨਹੀਂ ਆਉਣੀ। ਲੋਕੀ ਕਿਤੇ ਦੇ ਕਿਤੇ ਪਹੁੰਚ ਗਏ ਨੇ। ਪਿੰਡ ਵਾਲਿਆਂ ਕੋਲੋਂ ਤੂੰ ਅੰਬ ਲੈਣਾ ਏ। ਤੇਰੀ ਕੋਈ ਪਰਵਾਹ ਨਹੀਂ ਕਰਦਾ। ਉਨ੍ਹਾਂ ਨੂੰ ਵੇਹਲਾ ਖੋਤਾ ਲੱਭਾ ਏ, ਰਾਤ ਦਿਨ ਮੱਥਾ ਮਾਰਨ ਲਈ। ਘਰ 'ਚ ਤਾਂ ਅਸੀਂ ਕਿਸੇ ਨੂੰ ਵੜਨ ਨਹੀਂ ਦੇਣਾ। ਜੀਹਨੇ ਪੜ੍ਹਨਾ ਸਿੱਧਾ ਸਕੂਲੇ ਜਾਵੇ। ਬਾਕੀ ਜਦੋਂ ਛੁੱਟੀ ਵੇਲੇ ਬਾਕੀ ਮਾਸਟਰ ਘਰਾਂ ਨੂੰ ਆ ਜਾਂਦੇ ਨੇ ਤਾਂ ਤੈਨੂੰ ਘਰ ਦਾ ਰਸਤਾ ਨਹੀਂ ਆਉਂਦਾ।" ਇਹ ਕਹਿ ਕੇ ਮਾਸਟਰਾਣੀ ਜੋ ਕਿ ਜੀਵਨ ਵਿਚ ਪਹਿਲੀ ਵਾਰ ਉਭਾਸਰੀ ਸੀ, ਰੋਂਦੀ-ਰੋਂਦੀ ਪਿਛਲੇ ਅੰਦਰ ਚਲੇ ਗਈ। ਮਾਸਟਰ ਉਥੇ ਹੀ ਸਿਰ ਸੁੱਟ ਕੇ ਬੈਠਾ ਰਿਹਾ।

ਮਾਸਟਰ ਜੀ ਲਈ ਸਭ ਕੁਝ ਉਹਦੇ ਸਾਹਵੇਂ ਖਿੰਡਰ ਰਿਹਾ ਸੀ। ਤੂੜੀ ਦੀ ਪੰਡ ਖੁੱਲ੍ਹ ਗਈ ਸੀ ਤੇ ਉਸਦਾ ਮੁੜ ਕੇ ਤੀਲਾ-ਤੀਲਾ ਚੁਗਣਾ ਮੁਸ਼ਕਿਲ ਹੋ ਗਿਆ ਸੀ। ਇਸ ਘਟਨਾ ਤੋਂ ਬਾਅਦ ਕਈ ਦਿਨ ਉਹ ਸਕੂਲ ਨਾ ਗਿਆ ਤੇ ਘਰੇ ਬੈਠਾ ਹੀ ਝੂਰਦਾ ਰਿਹਾ। ਉਹ ਇਕੱਲਾ ਆਪੇ ਬੋਲੀ ਜਾਂਦਾ। ਆਪੇ ਸਵਾਲ ਤੇ ਆਪੇ ਜਵਾਬ। ਉਸ ਦੀ ਘਰ ਵਿਚ ਕੋਈ ਵੀ ਸੁਣਨ ਵਾਲਾ ਨਹੀਂ ਸੀ। ਉਸਦੇ ਸਹਿਕਰਮੀ ਉਸ ਦਾ ਪਤਾ ਲੈਣ ਆਏ। ਉਸਨੇ ਆਪਣੀ ਸਿਹਤ ਦਾ ਬਹਾਨਾ ਲਾ ਕੇ, ਉਨ੍ਹਾਂ ਨੂੰ ਦੋ-ਚਾਰ ਦਿਨਾਂ ਤਕ ਆਉਣ ਲਈ ਆਖਿਆ। ਉਨ੍ਹਾਂ ਨੂੰ ਘਰ ਦੀ ਘਟਨਾ ਬਾਰੇ ਜਾਣਕਾਰੀ ਮਿਲ ਗਈ ਸੀ। ਵਿਚੋਂ ਉਹ ਖ਼ੁਸ਼ ਸਨ ਤੇ ਚਾਹੁੰਦੇ ਸਨ ਕਿ ਮਾਸਟਰ ਨਾਲ ਏਦਾਂ ਹੋਣਾ ਚਾਹੀਦਾ ਸੀ ਕਿਉਂਕਿ ਉਸ ਕਰਕੇ ਹੀ ਉਨ੍ਹਾਂ ਦੀ ਪਿੰਡ ਵਿਚ ਬੇਇਜ਼ਤੀ ਹੁੰਦੀ ਸੀ। ਉਹ ਆਪਣੀ ਨੌਕਰੀ ਦੇ ਨਾਲ-ਨਾਲ ਹੋਰ ਧੰਦੇ ਵੀ ਕਰਦੇ ਸਨ। ਪਿੰਡ ਦੇ ਲੋਕ ਇਨ੍ਹਾਂ ਮਾਸਟਰਾਂ ਨੂੰ ਚੰਗੀ ਨਜ਼ਰ ਨਾਲ ਨਹੀਂ ਸਨ ਵੇਖਦੇ। ਬਾਕੀ ਮਾਸਟਰ ਚਾਹੁੰਦੇ ਸਨ ਕਿ ਮਾਸਟਰ ਮੋਤਾ ਸਿੰਘ ਨਾ ਹੀ ਸਕੂਲੇ ਵੜੇ।

ਪਰ ਮੋਤਾ ਸਿੰਘ ਸਿਰੜੀ ਤੇ ਆਪਣੀ ਧੁਨ ਦਾ ਪੱਕਾ ਸੀ। ਹੌਲੀ-ਹੌਲੀ ਉਸਨੇ ਸਕੂਲ ਜਾਣਾ ਆਰੰਭ ਦਿੱਤਾ ਤੇ ਆਪਣਾ ਟਿਕਾਣਾ ਸਕੂਲ ਵਿਚ ਹੀ ਬਣਾ ਲਿਆ। ਉਹ ਉਥੇ ਰਹਿ ਕੇ ਬੱਚਿਆਂ ਦੀ ਪੜ੍ਹਾਈ ਦਾ ਕੰਮ ਨਿਰਵਿਘਨ ਕਰਨ ਲੱਗਾ। ਉਸਦੀ ਰੋਟੀ ਦਾ ਕਈ ਮਾਪਿਆਂ ਨੇ ਜ਼ੁੰਮਾ ਲੈ ਲਿਆ ਤੇ ਸਾਰਾ ਕੰਮ ਪਹਿਲਾਂ ਵਾਂਗ ਚੱਲਣ ਲੱਗਾ। ਬਾਕੀ ਮਾਸਟਰਾਂ ਲਈ ਇਹ ਸੂਰਤੇਹਾਲ ਹੋਰ ਦੁਖਦਾਈ ਸੀ। ਉਨ੍ਹਾਂ ਨੇ ਜ਼ਿਲ੍ਹਾ ਦਫ਼ਤਰ ਵਿਖੇ ਸ਼ਿਕਾਇਤ ਕੀਤੀ ਕਿ ਮੋਤਾ ਸਿੰਘ ਕਾਨੂੰਨੀ ਤੌਰ 'ਤੇ ਸਕੂਲ ਨਹੀਂ ਰਹਿ ਸਕਦਾ। ਰਹਿਣਾ ਤਾਂ ਪਿੰਡ ਵਿਚ ਰਹੇ।

ਜਦੋਂ ਉਸਨੇ ਆਪਣਾ ਸਮੁੱਚਾ ਘਰ ਹੀ ਸਕੂਲ ਬਣਾ ਲਿਆ ਸੀ ਤਾਂ ਮਹਿਕਮੇ ਨੂੰ ਕੋਈ ਇਤਰਾਜ਼ ਨਹੀਂ ਸੀ। ਅੱਜ ਉਹ ਸਕੂਲੇ ਰਹਿਣ ਲੱਗਾ ਤਾਂ ਮਹਿਕਮੇ ਨੂੰ ਢਿੱਡ ਪੀੜ ਹੋਣ ਲੱਗੀ। ਮੁੱਖ ਦਫ਼ਤਰ ਵਿਚ ਵੀ ਤਾਂ ਅਜਿਹੇ ਮਾਸਟਰਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਉਨ੍ਹਾਂ ਨੇ ਮਾਸਟਰ ਮੋਤਾ ਸਿੰਘ ਨੂੰ ਸਕੂਲ ਤੋਂ ਬਾਹਰ ਰਹਿਣ ਦਾ ਹੁਕਮ ਦਿੱਤਾ।

ਹੁਕਮ ਅਨੁਸਾਰ ਉਸਨੇ ਬਾਹਰ ਜਾਣ ਦਾ ਮਨ ਬਣਾਇਆ। ਮਾਸਟਰ ਜਦ ਘਰੇ ਰਹਿੰਦਾ ਸੀ ਤਾਂ ਸਾਰੇ ਪਿੰਡ ਵਿਚ ਇਸ ਘਰ ਦੀ ਬੜੀ ਸੋਭਾ ਸੀ ਤੇ ਲੋਕ ਸਾਰਿਆਂ ਜੀਆਂ ਨੂੰ ਸਤਿਕਾਰ ਦੀਆਂ ਨਜ਼ਰਾਂ ਨਾਲ ਵੇਖਦੇ ਸਨ ਪਰ ਮਾਸਟਰ ਜੀ ਦੇ ਸਕੂਲ ਜਾ ਕੇ ਰਹਿਣ ਬਾਅਦ ਉਨ੍ਹਾਂ ਦੇ ਪਰਿਵਾਰ ਵੱਲ ਸਾਰੇ ਥੂਹ-ਥੂਹ ਕਰਦੇ ਸਨ ਤੇ ਕੋਈ ਵੀ ਉਨ੍ਹਾਂ ਨਾਲ ਬੋਲ ਕੇ ਰਾਜ਼ੀ ਨਹੀਂ ਸੀ। ਸਾਰਾ ਪਰਿਵਾਰ ਫਿਰ ਇਕੱਠਾ ਹੋਇਆ ਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਮਾਸਟਰ ਜੀ ਨੂੰ ਮੁੜ ਘਰ ਲੈ ਆਂਦਾ ਜਾਵੇ। ਏਸੇ ਤਰ੍ਹਾਂ ਹੀ ਹੋਇਆ। ਸਾਰੇ ਜਣੇ ਗਏ ਤੇ ਜਬਰਦਸਤੀ ਉਨ੍ਹਾਂ ਦਾ ਸਮਾਨ ਘਰ ਚੁੱਕ ਕੇ ਲੈ ਗਏ। ਮਾਸਟਰ ਜੀ ਨੂੰ ਮਗਰ-ਮਗਰ ਆਉਣਾ ਪਿਆ। ਉਸਨੇ ਆਪਣੇ ਪਰਿਵਾਰ ਵਿਚ ਆ ਕੇ ਇਕ ਖ਼ਾਸ ਚੈਨ ਮਹਿਸੂਸ ਕੀਤਾ। ਸਾਰਾ ਸਿਲਸਿਲਾ ਪਹਿਲਾਂ ਵਾਂਗ ਚੱਲਣ ਲੱਗਾ। ਇਕ ਦਿਨ ਮਾਸਟਰ ਜੀ ਦਾ ਬਚਪਨ ਦਾ ਇਕ ਦੋਸਤ ਉਨ੍ਹਾਂ ਨੂੰ ਮਿਲਣ ਪਿੰਡ ਆਇਆ। ਉਸਨੇ ਗੇਟ 'ਤੇ ਪਹੁੰਚ ਕੇ ਆਵਾਜ਼ ਦਿੱਤੀ—"ਮੋਤੀ, ਮੈਂ ਆ ਜਈਲਾ ਤੇਰਾ ਜਮਾਤੀ।" ਮੋਤੀ ਸੁਣ ਕੇ ਨੰਬਰਦਾਰ ਦੇ ਘਰੋਂ ਕੋਈ ਮੋਤੀ ਨਾ ਆਇਆ। ਮੋਤੀ ਤਾਂ ਕਾਫ਼ੀ ਸਾਲ ਪਹਿਲਾਂ ਹੀ ਮਰ ਚੁੱਕਾ ਸੀ ਤੇ ਬਾਅਦ ਵਿਚ ਉਨ੍ਹਾਂ ਕੋਈ ਕੁੱਤਾ ਨਹੀਂ ਸੀ ਰੱਖਿਆ। ਮਾਸਟਰ ਜੀ ਦਾ ਗੇਟ ਖੁੱਲ੍ਹਿਆ ਤੇ ਦੋਵੇਂ ਦੋਸਤ ਜੱਫੀ ਪਾਉਂਦੇ ਅੰਦਰ ਵੱਲ ਤੁਰ ਪਏ ਤੇ ਮਾਸਟਰਾਣੀ ਉਨ੍ਹਾਂ ਦੀ ਸੇਵਾ ਵਿਚ ਰੁੱਝ ਗਈ। ਦੋਵੇਂ ਦੋਸਤ ਬਚਪਨ ਦੀਆਂ ਗੱਲਾਂ ਕਰਕੇ ਖੀਵੇ ਹੁੰਦੇ ਜਾ ਰਹੇ ਸਨ। ਜਿੰਦਰ ਉਨ੍ਹਾਂ ਨੂੰ ਹੱਸਦੇ ਵੇਖ ਕੇ ਕਹਿਣ ਲੱਗਾ—"ਇਕ ਨਹੀਂ ਸੀ ਮਾਣ, ਅੱਜ ਦੋ ਸ਼ਦਾਈ 'ਕੱਠੇ ਹੋ ਗਏ ਆ। ਸਾਡਾ ਤਾਂ ਅੱਲਾ ਈ ਬੇਲੀ ਆ।"

# ਜੋਗਾ ਜੁਗਾੜੀ

ਜੋਗਾ, ਦਾਰੀ ਚਾਮੜੀਏ ਦਾ ਸਭ ਤੋਂ ਛੋਟਾ ਪੁੱਤਰ ਸੀ। ਭਾਵੇਂ ਪਿੰਡ ਵਿਚ ਸਕੂਲ ਸੀ ਪਰ ਉਹ ਬਾਕੀ ਭਰਾਵਾਂ ਦੀ ਤਰ੍ਹਾਂ ਪੜ੍ਹਾਈ ਲਿਖਾਈ ਤੋਂ ਬਹੁਤ ਜੀਅ ਚਰਾਉਂਦਾ ਸੀ। ਉਹ ਸਕੂਲ ਜਾਣ ਵੇਲੇ ਕੋਈ ਨਾ ਕੋਈ ਪੱਜ ਸੋਚ ਲੈਂਦਾ ਤੇ ਸਕੂਲ ਨਾ ਜਾਂਦਾ। ਉਹ ਰੋਜ਼ ਨਿੱਤ ਨਵੇਂ ਪੱਜ, ਕਦੀ ਢਿੱਡ ਪੀੜ ਦਾ, ਕਦੀ ਸਿਰ ਪੀੜ ਤੇ ਕਦੀ ਦਿਲ ਕੱਚੇ ਦਾ। ਪਹਿਲਾਂ ਤਾਂ ਪੱਜ ਚੱਲਦੇ ਰਹੇ ਪਰ ਘਰਦਿਆਂ ਨੂੰ ਉਸਦੇ ਪੱਜਾਂ ਦੀ ਅਸਲੀਅਤ ਦਾ ਪਤਾ ਲੱਗ ਗਿਆ। ਹੁਣ ਉਹ ਜਦੋਂ ਕੋਈ ਪੱਜ ਲਾਉਂਦਾ ਤਾਂ ਦਾਰੀ ਛਿੱਤਰ ਫੇਰਦਾ ਤੇ ਉਹਨੂੰ ਧੂਹ ਕੇ ਸਕੂਲ ਛੱਡ ਆਉਂਦਾ। ਉਹ ਸਕੂਲ ਜਾਂਦਾ ਤਾਂ ਉਸਨੂੰ ਸਕੂਲੋਂ ਵੀ ਤੌਣੀ ਚੜ੍ਹਦੀ। ਘਰ ਬਾਹਰ ਦੀ ਰੋਜ਼ਾਨਾ ਮਾਰ ਨੇ ਜੋਗੇ ਨੂੰ ਡਾਹਢਾ ਤੰਗ ਕਰ ਰੱਖਿਆ ਸੀ। ਦਾਰੀ ਦੇ ਵੱਡੇ ਮੁੰਡੇ ਨਹੀਂ ਸਨ ਪੜ੍ਹ ਸਕੇ। ਉਹ ਚਾਹੁੰਦਾ ਸੀ ਘੱਟ ਤੋਂ ਘੱਟ ਇਹ ਲੜਕਾ ਤਾਂ ਪੜ੍ਹ ਲਵੇ। ਪਰ ਉਸਦੀ ਇਸ ਉਮੀਦ ਉਪਰ ਵੀ ਜੋਗੇ ਨੇ ਉਸ ਦਿਨ ਪਾਣੀ ਫੇਰ ਦਿੱਤਾ ਜਦੋਂ ਉਸਨੇ ਸਕੂਲ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਕਿਹਾ ਜੇਕਰ ਉਹਨੂੰ ਸਕੂਲ ਲਈ ਮਜਬੂਰ ਕੀਤਾ ਗਿਆ ਤਾਂ ਉਹ ਖੂਹ ਵਿਚ ਛਾਲ ਮਾਰ ਕੇ ਮਰ ਜਾਵੇਗਾ। ਦਾਰੀ ਦੇ ਘਰ ਵਾਲੀ ਡਰ ਗਈ ਤੇ ਉਨ੍ਹਾਂ ਨੇ ਜੋਗੇ ਨੂੰ ਸਕੂਲੋਂ ਹਟਾਉਣ ਦਾ ਫ਼ੈਸਲਾ ਕਰ ਲਿਆ। ਜੋਗੇ ਲਈ ਇਹ ਆਜ਼ਾਦੀ ਦਾ ਦਿਨ ਸੀ। ਜਿੰਦ ਅਜਾਬੋਂ ਛੁੱਟੀ।

ਉਸਦੇ ਵੱਡੇ ਭਰਾ ਜ਼ਿਮੀਂਦਾਰਾਂ ਨਾਲ ਵਾਹੀ ਖੇਤੀ ਦਾ ਕੰਮ ਕਰਦੇ ਸਨ। ਜੋਗੇ ਨੂੰ ਵੀ ਉਹ ਕਿਸੇ ਜ਼ਿਮੀਂਦਾਰ ਨਾਲ ਲਾਉਣਾ ਚਾਹੁੰਦੇ ਸਨ ਪਰ ਉਹ ਨਾ ਮੰਨਿਆ। ਅਖੀਰ ਉਸਨੂੰ ਪਿੰਡ ਦੇ ਹਟਵਾਣੀਏ ਸ਼ਾਹ ਕੋਲ ਨੌਂਕਰ ਰਖਵਾ ਦਿੱਤਾ। ਜੋਗਾ ਇਥੇ ਖੁਸ਼ ਸੀ। ਉਸਨੂੰ ਜ਼ਿਮੀਦਾਰਾਂ ਦਾ ਭਾਰਾ ਤੇ ਔਖਾ ਕੰਮ ਨਹੀਂ ਸੀ ਕਰਨਾ ਪੈਂਦਾ। ਉਹ ਸ਼ਾਹ ਦੀ ਗਊ ਨੂੰ ਪੱਠੇ-ਦੱਥੇ ਪਾ ਛੱਡਦਾ ਤੇ ਹੋਰ ਸ਼ਾਹ ਦੇ ਘਰੋਗੀ ਨਿਕੇ ਮੋਟੇ ਕੰਮ ਕਰਦਾ ਰਹਿੰਦਾ। ਉਸਨੂੰ ਖਾਣ ਪੀਣ ਨੂੰ ਚੰਗਾ ਚੋਖਾ ਮਿਲਦਾ ਸੀ। ਉਹ ਦਿਨਾਂ ਵਿਚ ਹੀ ਜਵਾਨ ਨਿਕਲ ਆਇਆ। ਪਹਿਲਾਂ ਤਾਂ ਸਕੂਲ ਨੇ ਉਸਦਾ ਸਾਹ ਸੂਤ ਛੱਡਿਆ ਸੀ ਪਰ ਹੁਣ ਤਾਂ ਉਸ ਉਪਰ ਇਕ ਲੇਅ ਰੋਜ਼ ਚੜ੍ਹਦਾ ਸੀ। ਉਸਦੇ ਕੰਮ ਨਾਲ ਉਹ ਦੀ ਤਨਖਾਹ ਵੀ ਵਧ ਰਹੀ ਸੀ। ਪਰ ਉਹ ਘਰਦਿਆਂ ਨੂੰ ਕੱਖ ਨਹੀਂ ਸੀ ਦਿੰਦਾ। ਉਸਦਾ ਪਿਉ ਕਹਿੰਦਾ ਸੀ, "ਪੁਤਰਾ ! ਜੇ ਕੁਝ ਜੋੜੇਂਗਾ ਤਾਂ ਤੇਰਾ ਵਿਆਹ ਕਰਦਾ, ਨਹੀਂ ਤਾਂ ਇਸ ਤਰਾਂ ਹੀ ਛੜਾ ਮਲੰਗ ਹੀ ਰਹੇਗਾਂ।" ਜੋਗੇ ਨੂੰ ਇਸ ਚਿਤਾਵਨੀ ਦੀ ਕੋਈ ਪਰਵਾਹ ਨਹੀਂ ਸੀ। ਉਹ ਵਿਆਹ ਕਰਵਾਉਣਾ ਹਾਲੇ ਚਾਹੁੰਦਾ ਵੀ

ਨਹੀਂ ਸੀ। ਉਹ ਆਪਣੇ ਘਰ ਵਿਚ ਆਪਣੇ ਭਰਾ ਤੇ ਭਰਜਾਈਆਂ ਨੂੰ ਲੜਦੇ ਵੇਖਦਾ ਸੀ। ਇਸ ਲਈ ਵਿਆਹ ਲਈ ਉਸਨੂੰ ਨਫ਼ਰਤ ਵੀ ਹੋ ਗਈ ਸੀ। ਉਸਦੇ ਘਰ ਵਾਲੇ ਸੋਚਦੇ ਸਨ ਕਿ ਉਸਦਾ ਕੋਈ ਖਰਚ ਵੀ ਨਹੀਂ, ਫਿਰ ਤਨਖਾਹ ਦੇ ਪੈਸੇ ਕਿਥੇ ਜਾਂਦੇ ਹਨ। ਜੋਗਾ ਇਹ ਵੀ ਕਹਿ ਛੱਡਦਾ—"ਮੇਰੇ ਕੋਲੋਂ ਖਰਚ ਹੋ ਗਏ ਨੇ।"

ਇਕ ਦਿਨ ਸ਼ਾਹ ਨੇ ਦਾਰੀ ਚਾਮੜੀਏ ਨੂੰ ਆਪਣੀ ਹਵੇਲੀ ਬੁਲਾਇਆ ਤੇ ਜੋਗੇ ਦੀ ਚੋਰੀ ਬਾਰੇ ਸ਼ਿਕਾਇਤ ਕੀਤੀ। ਸ਼ਾਹ ਦੇ ਗੱਲੇ ਵਿਚੋਂ ਕਦੀ-ਕਦੀ ਪੈਸੇ ਗ਼ਾਇਬ ਹੋ ਜਾਂਦੇ ਸਨ। ਉਹ ਆਪਣੇ ਮੁੰਡਿਆਂ ਨੂੰ ਝਾੜਦਾ ਝੰਬਦਾ ਪਰ ਜੋਗੇ ਉਪਰ ਕਿਸੇ ਨੂੰ ਸ਼ੱਕ ਨਹੀਂ ਸੀ। ਪਰ ਹੁਣ ਤਾਂ ਜੋਗਾ ਰੰਗੇ ਹੱਥੀਂ ਫੜਿਆ ਗਿਆ ਸੀ। ਇਸ ਲਈ ਉਹਦੇ ਪਿਉ ਨੂੰ ਬੁਲਾਇਆ ਗਿਆ ਸੀ। ਜੋਗਾ ਕਹਿ ਰਿਹਾ ਸੀ ਕਿ ਉਸਦੀ ਤਲਾਸ਼ੀ ਲੈ ਕੇ ਵੇਖ ਲਉ। ਉਸਨੇ ਚੋਰੀ ਨਹੀਂ ਕੀਤੀ। ਉਹ ਤਾਂ ਦੁਕਾਨ ਵਿਚੋਂ ਚਾਹ ਦੇ ਜੂਠੇ ਕੱਪ ਲੈਣ ਗਿਆ ਸੀ। ਦਾਰੀ ਸਾਹਮਣੇ ਉਹਦੀ ਤੇ ਉਹਦੇ ਕਮਰੇ ਦੀ, ਜਿਥੇ ਉਹ ਬਹਿੰਦਾ ਖਲੋਂਦਾ ਸੀ...ਤਲਾਸ਼ੀ ਲਈ ਗਈ, ਕੁਝ ਨਾ ਨਿਕਲਿਆ। ਸਿਰਫ਼ ਦਸ ਬਾਰਾਂ ਰੁਪਏ ਉਸਦੇ ਬਿਸਤਰੇ ਹੇਠੋਂ ਨਿਕਲੇ। ਸ਼ਾਹ ਦੀ ਚੋਰੀ ਸੈਂਕੜਿਆਂ ਵਿਚ ਸੀ। ਇਸ ਲਈ ਕੁਝ ਨਿਤਾਰਾ ਨਾ ਹੋਇਆ ਪਰ ਏਨਾ ਜ਼ਰੂਰ ਹੋਇਆ ਕਿ ਜੋਗੇ ਨੂੰ ਸ਼ਾਹ ਨੇ ਨੌਕਰੀ ਤੋਂ ਹਟਾ ਦਿੱਤਾ।

ਜੋਗੇ ਨੂੰ ਇਸਦਾ ਬਹੁਤਾ ਫ਼ਾਇਦਾ ਹੋਇਆ। ਉਹ ਚੋਰੀ ਕਰਕੇ ਵੀ ਚੋਰੀ ਦੇ ਇਲਜ਼ਾਮ ਤੋਂ ਬਚ ਨਿਕਲਿਆ ਸੀ। ਉਸਨੇ ਘਰਦਿਆਂ ਕੋਲੋਂ ਤਨਖਾਹ ਦੇ ਪੈਸੇ ਬਚਾ ਕੇ ਸ਼ਾਹ ਕੋਲੋਂ ਚੋਰੀ ਦੇ ਪੈਸੇ ਇਕੱਠੇ ਕਰਕੇ ਇਕ ਇਤਬਾਰੀ ਬੰਦੇ ਕੋਲ ਜਮ੍ਹਾ ਕਰਵਾਏ ਹੋਏ ਸਨ। ਉਸਨੇ ਕੁਝ ਪੈਸੇ ਲਾ ਕੇ ਇਕ ਕੁਆੜੀਏ ਦੀ ਦੁਕਾਨ ਖੋਲ੍ਹ ਲਈ। ਇਹ ਦੁਕਾਨ ਹੌਲੀ-ਹੌਲੀ ਚੱਲ ਪਈ ਤੇ ਜੋਗੇ ਕੁਆੜੀ ਕੋਲ ਹੁਣ ਹੋਰ ਕੋਈ ਤਗੜਾ ਵਪਾਰ ਕਰਨ ਲਈ ਵੀ ਪੈਸੇ ਜਮ੍ਹਾ ਸਨ। ਉਸਨੇ ਕਈ ਸਕੀਮਾਂ ਲੋਕਾਂ ਅੱਗੇ ਰੱਖੀਆਂ। ਵੀਹ ਰੁਪਏ ਦੀ ਲਾਟਰੀ ਟਿਕਟ ਲੈ ਕੇ ਹੀਰੋ ਦਾ ਸਾਈਕਲ, ਲਾਟਰੀ ਨਿਕਲਣ 'ਤੇ ਦੇਣ ਦੀ ਪੇਸ਼ਕਸ਼ ਕੀਤੀ। ਉਸਨੇ ਇਸ ਲਾਟਰੀ ਵਿਚੋਂ ਹਜ਼ਾਰਾਂ ਰੁਪੈ ਕਮਾਏ। ਸਾਈਕਲ ਤਾਂ ਇਕ ਦਾ ਹੀ ਨਿਕਲਣਾ ਸੀ। ਇਸ ਤੋਂ ਪਿੱਛੋਂ ਉਹਨੇ 50 ਰੁਪੈ ਦੀ ਲਾਟਰੀ ਟਿਕਟ ਲੈ ਕੇ ਹੀਰੋ ਹਾਂਡਾ ਮੋਟਰ ਸਾਇਕਲ ਦੇਣ ਦੀ ਪੇਸ਼ਕਸ਼ ਕੀਤੀ। ਇਸ ਸਕੀਮ ਵਿਚੋਂ ਵੀ ਉਸ ਨੂੰ ਹਜ਼ਾਰਾਂ ਰੁਪਏ ਦਾ ਫ਼ਾਇਦਾ ਹੋਇਆ। ਉਹ ਹਰ ਮਹੀਨੇ ਇਕ ਸਾਈਕਲ ਤੇ ਇਕ ਮੋਟਰ ਸਾਈਕਲ ਦੇ ਕੇ ਹਜ਼ਾਰਾਂ ਰੁਪਏ ਲੋਕਾਂ ਕੋਲੋਂ ਬਟੋਰ ਲੈਂਦਾ।

ਇਨ੍ਹੀਂ ਦਿਨੀਂ ਉਸਦਾ ਬਾਪ ਚੱਲ ਵੱਸਿਆ। ਬਾਕੀ ਭਰਾ ਉਸਦਾ ਸਸਕਾਰ ਕਰਨ ਲਈ ਝਗੜ ਰਹੇ ਸਨ। ਜੋਗੇ ਨੇ ਸਾਰੇ ਖਰਚੇ ਨੂੰ ਆਪਣੇ ਜ਼ਿੰਮੇ ਲਿਆ ਤੇ ਬੜੀ ਸ਼ਾਨ ਨਾਲ ਆਪਣੇ ਬਾਪ ਦਾ ਭੋਗ ਪਾਇਆ। ਉਸਦੇ ਬਾਕੀ ਭਰਾ ਉਸ ਨਾਲ ਨੇੜਲਾ ਬਣਾਉਣਾ ਚਾਹੁੰਦੇ ਸਨ ਪਰ ਜੋਗਾ ਉਨ੍ਹਾਂ ਕੋਲੋਂ ਦੂਰ ਰਹਿ ਕੇ ਖ਼ੁਸ਼ ਸੀ। ਉਸਦੀ ਰੋਟੀ ਉਸਦੀ ਮਾਂ ਪਕਾਉਂਦੀ ਸੀ। ਮਾਂ ਉਸਨੂੰ ਵਿਆਹ ਬਾਰੇ ਆਖਦੀ ਪਰ ਹਾਲੇ ਉਹ ਟਾਲੀ ਜਾ ਰਿਹਾ ਸੀ। ਹੁਣ ਜੋਗੇ ਨੂੰ ਕੁਆੜੀ

ਤੋਂ ਜੁਗਾੜੀ ਕਿਹਾ ਜਾਣ ਲੱਗਾ। ਉਹ ਪੈਸੇ ਕਮਾਉਣ ਲਈ ਨਿੱਤ ਨਵੇਂ ਜਗਾੜ ਲਾਉਂਦਾ। ਉਸਦੇ ਜੁਗਾੜ ਸਫ਼ਲ ਵੀ ਹੋ ਰਹੇ ਸਨ। ਉਸਦੀ ਵੇਖਾ-ਵੇਖੀ ਹੋਰ ਲੋਕਾਂ ਨੇ ਵੀ ਸਾਈਕਲ ਤੇ ਮੋਟਰ ਸਾਈਕਲ ਲਾਟਰੀ ਰਾਹੀਂ ਵੇਚਣ ਦਾ ਧੰਦਾ ਉਸੇ ਪਿੰਡ ਹੀ ਸ਼ੁਰੂ ਕਰ ਦਿੱਤਾ। ਉਨ੍ਹਾਂ ਵਿਚੋਂ ਇਕ ਲੋਕਾਂ ਦੇ ਪੈਸੇ ਲੈ ਕੇ ਲਾਟਰੀ ਤੋਂ ਪਹਿਲਾਂ ਹੀ ਭੱਜ ਗਿਆ। ਸੈਂਕੜੇ ਲੋਕਾਂ ਦੇ ਪੈਸੇ ਮਾਰੇ ਗਏ ਤੇ ਨਾਲ ਹੀ ਲਾਟਰੀ ਵਾਲਿਆਂ ਦਾ ਸਾਰਾ ਇਤਬਾਰ ਮਾਰਿਆ ਗਿਆ। ਉਹ ਜੋਗੇ ਨੂੰ ਵੀ ਲੈ ਬੈਠਾ। ਜੋਗੇ ਨੂੰ ਹੁਣ ਹੋਰ ਕੋਈ ਜੁਗਾੜ ਫਿਟ ਕਰਨ ਲਈ ਸੋਚਣਾ ਪਿਆ। ਇਕ ਮਛਲੀ ਨੇ ਸਾਰਾ ਦਰਿਆ ਦੂਸ਼ਤ ਕਰ ਦਿੱਤਾ।

ਪਰ ਜੋਗਾ ਦਿਲ ਛੱਡਣ ਵਾਲਾ ਨਹੀਂ ਸੀ। ਉਸਨੇ ਇਕ ਹੋਰ ਜੁਗਾੜ ਲਾਇਆ। ਉਸਨੇ ਕਮੇਟੀਆਂ ਕੱਢਣ ਦਾ ਲੱਕੀ ਡਰਾਅ ਕੱਢਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਉਸਦੇ ਪੰਜ ਗਰੁੱਪ ਚੱਲਣ ਲੱਗੇ। ਲੋਕੀ ਕਾਰੋਬਾਰ ਲਈ ਉਸ ਕੋਲੋਂ ਪੈਸੇ ਫੜਨ ਲੱਗੇ ਜਾਂ ਕਮੇਟੀਆਂ ਚੁੱਕ ਕੇ ਆਪਣਾ ਕਾਰੋਬਾਰ ਵੱਤਰ ਕਰਨ ਲੱਗੇ। ਉਸਨੇ ਵਾਧੂ ਪੈਸੇ ਬੈਂਕ ਵਿਚ ਜਮ੍ਹਾ ਕਰਾਉਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਕੋਈ ਮਾਲ ਡੰਗਰ, ਮੋਟਰ ਕਾਰ, ਮੋਟਰ ਸਾਈਕਲ ਜਾਂ ਕੋਈ ਹੋਰ ਮਸ਼ੀਨ ਲੈਣੀ ਹੋਵੇ ਤਾਂ ਉਹ ਜੋਗੇ ਜਗਾੜੀ ਕੋਲ ਭੱਜੇ ਆਉਂਦੇ। ਅੱਗੋਂ ਜੋਗਾ ਸਿੰਘ ਕਈ ਜਗਾੜ ਲਾ ਕੇ ਉਨ੍ਹਾਂ ਦੀ ਫ਼ਰਮਾਇਸ਼ ਪੂਰੀ ਕਰਦਾ। ਲੋਕੀ ਸਮਝਦੇ ਕਿ ਉਨ੍ਹਾਂ ਨੇ ਜੋਗੇ ਨੂੰ ਠੱਗ ਲਿਆ ਏ ਤੇ ਜੋਗਾ ਸਮਝਦਾ ਕਿ ਭਾਵੇਂ ਛੁਰੀ ਖਰਬੂਜ਼ੇ 'ਤੇ ਵੱਜੇ ਜਾਂ ਖ਼ਰਬੂਜ਼ਾ ਛੁਰੀ ਨੂੰ ਵੱਜੇ—ਨੁਕਸਾਨ ਖਰਬੂਜ਼ੇ ਦਾ ਹੀ ਹੋਣਾ ਹੈ। ਇਸ ਤਰ੍ਹਾਂ ਕਈ ਵਰ੍ਹੇ ਖਰਬੂਜ਼ੇ ਤੇ ਛੁਰੀ ਦੀ ਖੇਡ ਚੱਲਦੀ ਰਹੀ।

ਲੋਕੀ ਕਿਸੇ ਦਾ ਕੰਮ ਚੱਲਦਾ ਵੇਖ ਕੇ ਸੜ-ਭੁੱਜ ਜਾਂਦੇ ਹਨ। ਪਹਿਲਾਂ ਲੋਕਾਂ ਨੇ ਜੋਗੇ ਦਾ ਲਾਟਰੀ ਵਾਲਾ ਧੰਦਾ ਫੇਲ੍ਹ ਕੀਤਾ ਸੀ ਤੇ ਹੁਣ ਉਸਦੀ ਵੇਖਾ-ਵੇਖੀ ਲੋਕਾਂ ਨੇ ਵੀ ਕਮੇਟੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹਦੇ ਵਾਂਗ ਤਿੰਨ ਹੋਰ ਕਮੇਟੀਆਂ ਕੱਢਣ ਵਾਲੇ ਪਿੰਡ ਦੇ ਅੱਡੇ ਉੱਤੇ ਆਪਣਾ ਕਾਰੋਬਾਰ ਕਰਨ ਲੱਗੇ। ਪਰ ਲੋਕੀ ਹਾਲੇ ਜੋਗੇ ਨਾਲ ਹੀ ਬੱਝੇ ਹੋਏ ਸਨ। ਐਤਕੀਂ ਜੋਗੇ ਨੇ ਹੁਸ਼ਿਆਰੀ ਤੋਂ ਕੰਮ ਲਿਆ। ਇਸ ਤੋਂ ਪਹਿਲਾਂ ਕਿ ਦੂਜੇ ਫਾਈਨੈਂਸਰ ਉਸਦਾ ਝੁੱਗਾ ਚੌੜ-ਚਪੱਟ ਕਰ ਦੇਣ, ਉਹ ਪਹਿਲਾਂ ਹੀ ਸੁਚੇਤ ਹੋ ਗਿਆ। ਉਸ ਕੋਲ ਲੋਕਾਂ ਦੇ ਲੱਖਾਂ ਰੁਪਏ ਜਮ੍ਹਾ ਸਨ।

ਉਸਨੇ ਇਕ ਜੁਗਾੜ ਲਾਇਆ। ਇਕ ਦਿਨ ਉਸਨੇ ਸਵੇਰੇ-ਸਵੇਰੇ ਰੌਲਾ ਰੱਪਾ ਪਾ ਦਿੱਤਾ ਕਿ ਚੋਰਾਂ ਨੇ ਉਸਦੇ ਲੱਖਾਂ ਰੁਪਏ ਲੁੱਟ ਲਏ ਹਨ। ਦਫ਼ਤਰ ਦਾ ਸਾਰਾ ਰਿਕਾਰਡ ਖਿਲਰਿਆ ਪਿਆ ਸੀ ਤੇ ਜੋਗਾ ਜ਼ਾਰ-ਜ਼ਾਰ ਰੋ ਰਿਹਾ ਸੀ। ਉਸਦੀ ਮਾਂ ਉਸ ਨੂੰ ਨਾਲੇ ਦਿਲਾਸਾ ਦਿੰਦੀ, ਨਾਲੇ ਆਪ ਰੋ ਰਹੀ ਸੀ। ਜਿਨ੍ਹਾਂ ਲੋਕਾਂ ਨੇ ਉਸ ਨਾਲ ਕਮੇਟੀਆਂ ਪਾਈਆਂ ਸਨ, ਉਹ ਵੀ ਆ ਕੇ ਰੋਣ ਲੱਗੇ। ਜਿਨ੍ਹਾਂ ਹਾਲੇ ਕਮੇਟੀਆਂ ਚੁੱਕਣੀਆਂ ਸਨ, ਉਨ੍ਹਾਂ ਦੇ ਮੂੰਹ ਫੱਕ ਹੋਏ ਸਨ। ਪੁਲਿਸ ਆਈ ਤੇ ਪੁੱਛਗਿੱਛ ਸ਼ੁਰੂ ਹੋ ਗਈ। ਸ਼ੱਕੀ ਲੋਕਾਂ ਕੋਲੋਂ ਪੁੱਛਗਿੱਛ ਕੀਤੀ ਗਈ। ਕਈਆਂ ਉੱਤੇ ਚੋਰੀ ਦਾ ਮੁਕੱਦਮਾ ਦਰਜ ਹੋ ਗਿਆ। ਪੁਲਿਸ ਨੇ ਜੋਗੇ ਨੂੰ ਵੀ ਆਪਣੀ ਗਰਿਫ਼ਤ

ਵਿਚ ਲੈ ਲਿਆ। ਉਸ ਉਪਰ ਇਹ ਇਲਜ਼ਾਮ ਸੀ ਕਿ ਉਹਨੇ ਲੋਕਾਂ ਦਾ ਏਨਾ ਪੈਸਾ ਘਰ ਕਿਉਂ ਰੱਖਿਆ। ਜੋਗੇ ਦੀ ਦਲੀਲ ਸੀ ਕਿ ਉਸਨੂੰ ਤਕਰੀਬਨ ਹਰ ਰੋਜ਼ ਲੋੜਵੰਦਾਂ ਨੂੰ ਜਾਂ ਕਮੇਟੀ ਖ਼ਤਮ ਹੋਣ ਵਾਲਿਆਂ ਨੂੰ ਅਦਾਇਗੀ ਕਰਨੀ ਪੈਂਦੀ ਸੀ। ਬੈਂਕ ਵਿਚ ਰੱਖਣ ਨਾਲ ਕਢਾਉਣ ਲੱਗਿਆਂ ਕਈ ਪੰਗੇ ਲੈਣੇ ਪੈਂਦੇ ਸਨ।

ਇਕ ਦਿਨ ਇਕ ਲਾਗਲੇ ਪਿੰਡ ਦਾ ਬੰਦਾ ਜੋਗੇ ਕੋਲ ਕਮੇਟੀ ਚੁੱਕਣ ਆਇਆ। ਉਸਨੇ ਦਫ਼ਤਰ ਦਾ ਦਰਵਾਜ਼ਾ ਖੜਕਾਇਆ। ਜਦੋਂ ਦਫ਼ਤਰੋਂ ਕੋਈ ਬਾਹਰ ਨਾ ਆਇਆ ਤਾਂ ਉਹ ਉਸਦੇ ਘਰ ਗਿਆ, ਜਿਹੜਾ ਦਫ਼ਤਰ ਦੇ ਪਿੱਛੇ ਸੀ। ਘਰ ਦਾ ਬਾਹਰਲਾ ਦਰਵਾਜ਼ਾ ਖੁੱਲ੍ਹਾ ਸੀ ਪਰ ਅੰਦਰਲਿਆਂ ਨੂੰ ਮੋਟੇ-ਮੋਟੇ ਤਾਲੇ ਲੱਗੇ ਸਨ। ਖੱਬੇ ਸੱਜਿਓਂ ਪਤਾ ਕੀਤਾ ਤਾਂ ਪਤਾ ਲੱਗਾ ਕਿ ਜੁਗਾੜੀ ਸਾਹਿਬ ਆਪਣੀ ਮਾਂ ਸਮੇਤ ਘਰੋਂ ਕਿਧਰੇ ਚਲੇ ਗਏ ਹਨ। ਕਿਸੇ ਨੇ ਉਸ ਨੂੰ ਜਾਂਦੇ ਨਹੀਂ ਸੀ ਵੇਖਿਆ। ਉਸ ਕੋਲ ਲੋਕਾਂ ਦੇ ਲੱਖਾਂ ਰੁਪਏ ਲੱਗੇ ਹੋਏ ਸਨ। ਲੋਕ ਹੌਲੀ-ਹੌਲੀ ਇਕ ਦੂਜੇ ਕੋਲੋਂ ਸੁਣਨ ਉਪਰੰਤ, ਘਬਰਾਹਟ ਵਿਚ ਘਰਾਂ ਤੋਂ ਭੱਜੇ ਆਏ ਤੇ ਇਧਰ ਉਧਰ ਉਸਦਾ ਪਤਾ ਕਰਨ ਲੱਗੇ। ਲੋਕਾਂ ਨੇ ਦੋ-ਚਾਰ ਦਿਨ ਬੜੀ ਬੇਸਬਰੀ ਨਾਲ ਉਡੀਕਿਆ ਪਰ ਜੋਗਾ ਲੱਖਾਂ ਰੁਪਏ ਲੈ ਕੇ ਫਰਾਰ ਹੋ ਚੁੱਕਾ ਸੀ। ਪੁਲਿਸ ਨੂੰ ਪਹਿਲਾਂ ਹੀ ਉਸ ਉਪਰ ਸ਼ੱਕ ਸੀ। ਉਸਦੇ ਭਰਾਵਾਂ ਨੂੰ ਲੋਕਾਂ ਨੇ ਉਸਦੇ ਅਤੇ ਪਤੇ ਦਾ ਬਥੇਰਾ ਪੁੱਛਿਆ, ਉਨ੍ਹਾਂ ਨੂੰ ਪੁਲਿਸ ਨੇ ਵੀ ਸੱਦਿਆ ਪਰ ਜੋਗੇ ਦਾ ਕੋਈ ਥਹੁ ਪਤਾ ਨਾ ਲੱਗਾ। ਉਸਦੇ ਦੌੜਨ ਨਾਲ ਬਾਕੀ ਕਮੇਟੀਆਂ ਦਾ ਧੰਦਾ ਕਰਨ ਵਾਲਿਆਂ ਨੂੰ ਪੁਲਿਸ ਨੇ ਪਰੇਸ਼ਾਨ ਕੀਤਾ ਤੇ ਇਸ ਤਰ੍ਹਾਂ ਲੋਕਾਂ ਦੀ ਬੇਵਿਸ਼ਵਾਸੀ ਕਾਰਨ ਸਭਨਾਂ ਦਾ ਝੁੱਗਾ ਚੌੜ ਹੋ ਗਿਆ। ਮਹੀਨਾ ਕੁ ਪੁਲਿਸ ਦੇ ਛਾਪਿਆਂ ਦਾ ਦੌਰ ਚੱਲਦਾ ਰਿਹਾ ਤੇ ਉਸਦੇ ਭਰਾਵਾਂ ਦੀ ਖਿੱਚ-ਧੂਹ ਹੁੰਦੀ ਰਹੀ। ਬਾਅਦ ਵਿਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਤੇ ਗੱਲ ਹੌਲੀ-ਹੌਲੀ ਠੰਡੀ ਹੋ ਗਈ।

ਜੋਗੇ ਦਾ ਪਿੰਡ ਵਾਲਿਆਂ ਨਾਲ ਇਹ ਆਖ਼ਰੀ ਜੁਗਾੜ ਸੀ। ਉਹ ਆਪਣੀ ਮਾਂ ਨੂੰ ਲੈ ਕੇ ਦਿੱਲੀ ਦੇ ਤਰਲੋਕਪੁਰੀ ਇਲਾਕੇ ਵਿਚ ਜਾ ਵੱਸਿਆ ਸੀ। ਉਸ ਕੋਲ ਮਾਇਆ ਵਾਧੂ ਸੀ ਤੇ ਉਸਨੇ ਕਮੇਟੀਆਂ ਦਾ ਕੰਮ ਉਥੇ ਵੀ ਹੌਲੀ-ਹੌਲੀ ਸ਼ੁਰੂ ਕਰ ਲਿਆ ਸੀ। ਉਸਦੀ ਮਾਂ ਵਾਪਸ ਪਿੰਡ ਜਾਣਾ ਚਾਹੁੰਦੀ ਸੀ ਤੇ ਬਾਕੀ ਪਰਿਵਾਰ ਨੂੰ ਮਿਲਣਾ ਚਾਹੁੰਦੀ ਸੀ। ਜੋਗਾ ਨਾਂਹ ਵੀ ਨਹੀਂ ਸੀ ਕਰਦਾ ਤੇ ਨਾ ਹੀ ਉਸਨੂੰ ਵਾਪਸ ਭੇਜਣ ਦਾ ਜੋਖ਼ਮ ਉਠਾ ਸਕਦਾ ਸੀ। ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ। ਫਿਲਹਾਲ ਉਸਦਾ ਯੱਕਾ ਵਤ ਸੀ।

# ਸਿਆਣਪ ਦਾ ਸਮੁੰਦਰ

ਬਾਬਾ ਫੱਗੂ ਚਿੱਟਾ ਅਨਪੜ੍ਹ ਸੀ। ਉਸਨੇ ਕਦੀ ਕਿਸੇ ਮਦਰੱਸੇ ਜਾਂ ਸਕੂਲ ਦਾ ਰਸਤਾ ਨਹੀਂ ਸੀ ਨਾਪਿਆ। ਲੋਕ ਇਨ੍ਹਾਂ ਅਦਾਰਿਆਂ ਵਿਚ ਅਕਲਾਂ ਲੈਣ ਜਾਂਦੇ ਹਨ ਤੇ ਪੜ੍ਹੇ ਲਿਖੇ ਦੂਸਰਿਆਂ ਨੂੰ ਅਕਲਾਂ ਵੰਡਦੇ ਹਨ। ਸਦੀਆਂ ਤੋਂ ਇਹ ਸਿਲਸਿਲਾ ਚੱਲ ਰਿਹਾ ਹੈ। ਪਰ ਬਾਬੇ ਫੱਗੂ ਉਪਰ ਉਪਰ ਵਾਲਾ ਮਿਹਰਬਾਨ ਸੀ। ਉਸਦੇ ਘਰ ਬੈਠੀ ਦੀ ਨੀਲੀ ਛਤਰੀ ਵਾਲੇ ਨੇ ਝੋਲੀ ਭਰ ਦਿੱਤੀ ਸੀ, ਜਿਸ ਨੂੰ ਉਹ ਸਾਰੀ ਉਮਰ ਆਪਣੇ ਆਲੇ-ਦੁਆਲੇ ਬੜੀ ਦਰਾਖਦਿਲੀ ਨਾਲ ਵੰਡਦਾ ਰਿਹਾ। ਉਸਦਾ ਜੱਦੀ ਪੇਸ਼ਾ ਲੁਹਾਰਾ ਤਰਖਾਣਾ ਸੀ, ਜਿਸ ਨਾਲ ਉਹ ਸਾਰੀ ਉਮਰ ਜੁੜਿਆ ਰਿਹਾ। ਉਸ ਨੂੰ ਆਪਣੇ ਪੇਸ਼ੇ ਨਾਲ ਪਿਆਰ ਸੀ।

ਉਸਦਾ ਪਿਉ ਉਸਦੇ ਵਿਆਹ ਤੋਂ ਸਾਲ ਬਾਅਦ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਉਹ ਆਪਣੇ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਡਾ ਸੀ। ਉਸਨੇ ਆਪਣੇ ਪਿਤਾ ਦੀ ਗ਼ੈਰ-ਮੌਜੂਦਗੀ ਵਿਚ ਆਪਣੇ ਭੈਣ-ਭਰਾਵਾਂ ਦੇ ਵਿਆਹ ਤੇ ਬਾਕੀ ਕਾਰ-ਵਿਹਾਰ, ਪਿਉ ਬਣ ਕੇ ਹੀ ਉਸੇ ਭਾਵਨਾ ਨਾਲ ਨੇਪਰੇ ਚੜ੍ਹਾਏ ਸਨ। ਉਸਦੇ ਭਰਾ-ਭੈਣ ਤੇ ਬਾਕੀ ਰਿਸ਼ਤੇਦਾਰ ਉਸਦੀ ਸਿਆਣਪ ਤੇ ਧੀਰੇ ਸੁਭਾਅ ਤੋਂ ਮੁਤਾਸਰ ਸਨ। ਇਸ ਲਈ ਉਨ੍ਹਾਂ ਨੂੰ ਜਦ ਵੀ ਕੋਈ ਕਠਿਨਾਈ ਜਾਂ ਉਲਝਣ ਦਾ ਸਾਹਮਣਾ ਕਰਨਾ ਪੈਂਦਾ ਤਾਂ ਉਹ ਭੱਜੇ ਫੱਗਣ ਸਿੰਘ ਕੋਲ ਆਉਂਦੇ। ਉਸ ਨੂੰ ਛੋਟੇ ਹੁੰਦਿਆਂ ਫੱਗੂ ਕਿਹਾ ਜਾਂਦਾ ਸੀ। ਲੋਕੀ ਵੈਸੇ ਵੀ ਛੋਟਾ ਨਾਂ ਲੈ ਕੇ ਖ਼ੁਸ਼ ਹੁੰਦੇ ਹਨ। ਉਸਦੀ ਸੂਝ-ਬੂਝ ਕਾਰਨ ਉਸਨੂੰ ਬਾਬਾ ਫੱਗੂ ਕਿਹਾ ਜਾਣ ਲੱਗਾ ਤੇ ਇਸੇ ਨਾਮ ਨਾਲ ਹੀ ਉਹ ਸਾਰੇ ਇਲਾਕੇ ਵਿਚ ਸੂਝ-ਸਿਆਣਪ ਦਾ ਕੇਂਦਰ ਬਣ ਗਿਆ ਸੀ।

ਉਸਨੂੰ ਆਪਣੇ ਮਾਤਾ-ਪਿਤਾ ਨਾਲ ਬਹੁਤ ਪ੍ਰੇਮ ਸੀ। ਉਹ ਆਪਣੇ ਪਿਤਾ ਦੀਆਂ ਰਾਤ ਸੌਣ ਵੇਲੇ ਪਿੰਨੀਆਂ ਘੁੱਟਦਾ ਤੇ ਦੁੱਧ ਗਰਮ ਕਰਕੇ ਦਿੰਦਾ। ਉਹ ਆਪਣੀ ਮਾਂ ਨਾਲ ਹਰ ਰੋਜ਼ ਸਵੇਰੇ ਗੁਰਦੁਆਰੇ ਜਾਂਦਾ ਤੇ ਉਸਦੇ ਨਾਲ ਹੀ ਪ੍ਰਸ਼ਾਦਿ ਲੈ ਕੇ ਪਰਤਦਾ ਤੇ ਆ ਕੇ ਪ੍ਰਸ਼ਾਦਿ ਆਪਣੇ ਭੈਣ-ਭਰਾਵਾਂ ਤੇ ਪਿਤਾ ਨੂੰ ਵੰਡਦਾ। ਉਸਦੇ ਦੂਜੇ ਭਰਾ ਉਸਦੇ ਜ਼ਨਾਨਾ ਤੇ ਸੀਲ ਸੁਭਾਅ 'ਤੇ ਹੱਸਦੇ ਤੇ ਆਖਦੇ, "ਇਹਨੂੰ ਭੜੂਏ ਨੂੰ ਆਪਣਾ ਤਾਂ ਫ਼ਿਕਰ ਨਹੀਂ, ਹਮੇਸ਼ਾ ਬੁੱਢੇ ਬੁੱਢੀ ਦਾ ਪਰਛਾਵਾਂ ਹੀ ਬਣਿਆ ਰਹਿੰਦਾ।" ਉਸਦਾ ਸੁਭਾਅ ਵੀ ਸਿਆਣਿਆਂ ਵਰਗਾ ਸੀ। ਉਹ ਬਹੁਤ ਸਾਦਗੀ ਵਿਚ ਰਹਿੰਦਾ ਸੀ ਤੇ ਆਪਣੇ ਕੰਮ ਵਿਚ ਹਮੇਸ਼ਾ ਰੁੱਝਾ ਰਹਿੰਦਾ ਤੇ ਕੰਮ ਕਰਦਾ-ਕਰਦਾ ਹੀ ਉਹ ਲੋਕਾਂ ਨਾਲ ਮਾਰਫ਼ਤ ਦੀਆਂ ਗੱਲਾਂ ਕਰਦਾ ਰਹਿੰਦਾ।

ਉਹ ਔਰਤ ਜਾਤੀ ਦੀ ਬੜੀ ਕਦਰ ਕਰਦਾ ਸੀ। ਉਸਨੇ ਆਪਣੀਆਂ ਤਿੰਨੇ ਭੈਣਾਂ

ਨੂੰ ਦਸਵੀਂ ਤਕ ਪੜ੍ਹਾਇਆ ਸੀ। ਸੂਈ ਸਿਲਾਈ ਦਾ ਕੋਰਸ ਕਰਵਾ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਸੀ। ਉਸਨੇ ਆਪਣੀਆਂ ਭੈਣਾ ਦੇ ਨੱਕ ਤੇ ਕੰਨ ਵਿੰਨਣੇ ਜ਼ਿਆਦਤੀ ਸਮਝਦਾ ਸੀ। ਉਹਦੇ ਅਨੁਸਾਰ ਇਹ ਗੁਲਾਮੀ ਦਾ ਸੂਚਕ ਹਨ। ਔਰਤ ਜੇਕਰ ਗੁਲਾਮ ਹੋਵੇਗੀ ਤਾਂ ਮਰਦ ਕਦੀ ਆਜ਼ਾਦ ਨਹੀਂ ਹੋ ਸਕਦਾ। ਉਹ ਕਹਿੰਦਾ ਸੀ—" ਮਰਦ ਨੂੰ ਜੇਕਰ ਸਹੀ ਮਰਦ ਬਣਾਉਣਾ ਹੈ ਤਾਂ ਔਰਤ ਨੂੰ ਸਹੀਂ ਔਰਤ ਬਣਾਉਣਾ ਪਵੇਗਾ। ਜੇਕਰ ਮਰਦਾਂ ਨੂੰ ਤਰੱਕੀ ਕਰਨੀ ਏ ਤਾਂ ਇਹ ਕੰਮ ਪਹਿਲਾਂ ਔਰਤਾਂ ਤੋਂ ਸ਼ੁਰੂ ਕਰਨਾ ਪਊ। ਔਰਤ...ਜੀਹਨੇ ਮਾਂ, ਭੈਣ ਤੇ ਧੀ ਬਣਨਾ, ਜੇਕਰ ਉਸ ਦੀਆਂ ਹਥਕੜੀਆਂ ਤੇ ਬੇੜੀਆਂ ਖੋਲ੍ਹ ਦਿੱਤੀਆਂ ਜਾਣ ਤਾਂ ਆਦਮੀ ਖ਼ੁਦ-ਬਖ਼ੁਦ ਸੁਰਖਰੂ ਹੋ ਜਾਊਗਾ।" ਬਾਬੇ ਫੱਗੂ ਦੀ ਇਹ ਸੂਝ ਉਸ ਨੇ ਕਿਸੇ ਪੁਸਤਕ ਵਿਚੋਂ ਨਹੀਂ ਸੀ ਪੜ੍ਹੀ ਜਾਂ ਕਿਸੇ ਵਿਦਿਆਲੇ ਤੋਂ ਸਿੱਖੀ ਸੀ। ਉਸਦਾ ਸੰਘਰਸ਼ਮਈ ਜੀਵਨ ਸੀ ਤੇ ਸਭ ਕੁਝ ਉਸਨੇ ਆਪਣੇ ਨਿੱਜੀ ਜੀਵਨ ਤੋਂ ਹੀ ਸਿੱਖਿਆ ਸੀ। ਉਹ ਆਖਦਾ ਹੁੰਦਾ ਸੀ ਕਿ ਭਗਵਾਨ ਦੀ ਪੂਜਾ ਦੀ ਬਜਾਏ ਮਾਂ ਦੀ ਪੂਜਾ ਕਰੋ। ਮਾਂ ਹੀ ਸਭ ਦੌਲਤਾਂ ਤੇ ਬਾਦਸ਼ਾਹੀਆਂ ਦੀ ਜਨਮਦਾਤੀ ਐ।

ਉਹ ਦਾਜ ਦੇ ਉਲਟ ਸੀ। ਉਸਨੇ ਨਾ ਆਪ ਦਾਜ ਲਿਆ ਸੀ ਤੇ ਨਾ ਹੀ ਆਪਣੀ ਭੈਣ ਨੂੰ ਕੋਈ ਦਾਜ ਵਗੈਰਾ ਦਿੱਤਾ ਸੀ। ਉਹ ਕਹਿੰਦਾ ਸੀ—"ਜਦੋਂ ਆਪਣੀ ਧੀ ਭੈਣ ਹੀ ਦੇ ਦਿੱਤੀ ਤਾਂ ਦਾਜ ਬਾਕੀ ਰਹਿ ਗਿਆ ?" ਦਾਜ ਦੇ ਪਾਸਕੂ ਦੇ ਉਹ ਖ਼ਿਲਾਫ਼ ਸੀ। ਜਿਹੜਾ ਵੀ ਦਾਜ ਦੀ ਮੰਗ ਕਰਦਾ, ਬਾਬੇ ਦੀਆਂ ਨਜ਼ਰਾਂ ਤੋਂ ਉਹ ਡਿੱਗ ਜਾਂਦਾ। ਬਿਨਾਂ ਤੈਸ਼ ਵਿਚ ਆਉਣ ਦੇ ਉਹ ਆਪਣੀ ਗੱਲ ਬੜੇ ਠਰ੍ਹੰਮੇ ਤੇ ਸਹਿਜ ਨਾਲ ਕਰ ਸਕਦਾ ਸੀ। ਉਸਦੀ ਗੱਲਬਾਤ ਜਾਂ ਗਿਲੇ-ਸ਼ਿਕਵੇ ਦਾ ਕੋਈ ਗ਼ੁੱਸਾ ਨਾ ਕਰਦਾ।

ਇਕ ਦਿਨ ਪਿੰਡ ਵਿਚ ਹੀ ਕਿਸੇ ਦਾ ਵਿਆਹ ਵਿਚ ਮੈਂ ਬਾਬੇ ਨੂੰ ਮਿਲਿਆ। ਅਸੀਂ ਚਾਹ-ਪਾਣੀ ਪੀਂਦੇ ਗੱਲਾਂ-ਬਾਤਾਂ ਕਰਨ ਲੱਗੇ। ਮੈਨੂੰ ਬੜੀ ਤਾਂਘ ਸੀ ਕਿ ਮੈਂ ਉਸ ਨੂੰ ਮਿਲਾਂ ਤੇ ਆਪਣੇ ਕਈ ਸ਼ੱਕ ਨਵਿਰਤ ਕਰਾਂ। ਮੈਂ ਪੁੱਛਿਆ—"ਬਾਬਾ ਜੀ ! ਤੁਹਾਨੂੰ ਅਸਾਂ ਕਦੀ ਗ਼ੁੱਸੇ ਹੁੰਦੇ ਨਹੀਂ ਤੱਕਿਆ ਤੇ ਨਾ ਹੀ ਲੜਦੇ ਝਗੜਦੇ ਕਦੇ ਵੇਖਿਆ ਹੈ। ਤੁਹਾਨੂੰ ਗ਼ੁੱਸਾ ਨਹੀਂ ਆਉਂਦਾ ਕਦੀ ?" ਬਾਬੇ ਨੇ ਪਾਸਾ ਵੱਟਿਆ ਤੇ ਮੇਰੇ ਵੱਲ ਹੋ ਕੇ ਕਹਿਣ ਲੱਗਾ—"ਬਿੱਲਾ ਸਿਆਂ, ਗ਼ੁੱਸਾ ਨਹੀਂ ਕਰਨਾ ਚਾਹੀਦਾ। ਗ਼ੁੱਸਾ ਤਾਂ ਦੇਹ ਨੂੰ ਗਾਲ੍ਹ ਦੇਂਦਾ ਏ। ਜੇਕਰ ਤੁਹਾਡੀ ਕੋਈ ਗੱਲ ਮੰਨਦਾ ਹੈ ਤਾਂ ਠੀਕ ਐ, ਨਹੀਂ ਤਾਂ ਤੁਸੀਂ ਆਪਣੇ ਘਰ, ਉਹ ਆਪਣੇ ਘਰ। ਲੜਨਾ ਕਿਉਂ ਐ ?" ਬਾਕੀ ਲੜਨਾ ਵੀ ਕਈ ਵੇਰ ਪੈਂਦਾ ਐ। ਲੋੜ ਉਸ ਵਕਤ ਜਦੋਂ ਇਹ ਸਮਝੋ ਕਿ ਐਸੇ ਜੀਊਣ ਨਾਲੋਂ ਤਾਂ ਮਰਨਾ ਈ ਚੰਗਾ ਐ। ਇਸ ਤਰ੍ਹਾਂ ਦੀਆਂ ਹਾਲਤਾਂ ਤਾਂ ਕਦੀ ਕਦਾਈਂ ਪੈਦਾ ਹੁੰਦੀਆਂ ਨੇ। ਇਸ ਲਈ ਲੜਨਾ-ਝਗੜਨਾ ਫ਼ਜ਼ੂਲ ਐ। ਲੜਨ ਦਾ ਫਾਇਦਾ ਘੱਟ ਤੋਂ ਘੱਟ ਤੇ ਨੁਕਸਾਨ ਵੱਧ ਤੋਂ ਵੱਧ ਹੁੰਦੈ। ਏਸੇ ਲਈ ਸਿਆਣਾ ਬੰਦਾ ਕਦੀ ਨਹੀਂ ਖਹਿਬੜਦਾ।"

ਜਦੋਂ ਮੈਂ ਖਾਣ-ਪੀਣ ਦੇ ਸਲੀਕੇ ਬਾਰੇ ਪੁੱਛਿਆ ਤਾਂ ਉਹ ਗਲਾ ਸਾਫ਼ ਕਰਦਾ ਬੋਲਿਆ—

"ਪੁੱਤਰਾ ! ਜਦੋਂ ਭੁੱਖ ਹੋਵੇ ਤਾਂ ਹੀ ਖਾਣਾ ਚਾਹੀਦੈ। ਲੋਕੀ ਤਾਂ ਆ ਵੇਖ ਪੇਟ ਨੂੰ ਤੂਸ ਰਹੇ ਨੇ। ਆਪਣੇ ਸ਼ਗਨ ਦਾ ਮੁੱਲ ਵਸੂਲ ਕਰ ਰਹੇ ਨੇ। ਇਹ ਸਰਾਸਰ ਜਹਾਲਤ ਐ। ਭੁੱਖ ਰੱਖ ਕੇ ਖਾਣਾ ਚਾਹੀਦੈ।" "ਇਹਦਾ ਮਤਲਬ ਐ ਕਿ ਸਾਨੂੰ ਥੋੜ੍ਹਾ ਖਾਣਾ ਚਾਹੀਦੈ ?" ਮੈਂ ਉਤਸੁਕਤਾ ਨਾਲ ਪੁੱਛਿਆ। "ਨਹੀਂ, ਮੇਰਾ ਮਤਲਬ ਐ ਬਈ ਜਿੰਨੀ ਭੁੱਖ ਹੋਵੇ, ਉਹਦੇ ਨਾਲੋਂ ਥੋੜ੍ਹਾ ਘੱਟ ਈ ਖਾਣਾ ਚਾਹੀਦੈ, ਵੱਧ ਨਹੀਂ। ਬਾਕੀ ਮੁੰਡਿਆਂ ਤੇਰੇ ਵਰਗੇ ਜਵਾਨ ਜਹਾਨ ਨੂੰ ਤਾਂ ਦਿਨ ਵੇਲੇ ਲੋਕਾਂ ਕੋਲੋਂ ਖੋਹ ਕੇ ਵੀ ਖਾ ਜਾਣਾ ਚਾਹੀਦੈ। ਪਰ ਰਾਤ ਨੂੰ ਬਹੁਤ ਘੱਟ ਖਾਣਾ ਚਾਹੀਦੈ। ਸਗੋਂ ਆਪਣੀ ਰੋਟੀ ਅੱਧੀ-ਪਚੱਧੀ ਹੋਰਨਾਂ ਨੂੰ ਵੰਡ ਦੇਣੀ ਚਾਹੀਦੀ ਐ।" ਆਪਣੀ ਗੱਲ ਨੂੰ ਅੱਗੇ ਤੋਰਦੇ ਉਸਨੇ ਆਖਿਆ—"ਅੱਠੀਂ ਪਹਿਰੀਂ ਕੜਾਹ ਤੇ ਮਹੀਨੇ ਬਾਅਦ ਵਿਆਹ।" ਮੇਰੇ ਵਿਸਥਾਰ ਨਾਲ ਪੁੱਛਣ 'ਤੇ ਉਸਨੇ ਆਖਿਆ—"ਜੇਕਰ ਅੱਠੀਂ ਪਹਿਰੀਂ ਖਾਈਏ ਤਾਂ ਖ਼ੁਸ਼ਕ ਦਾਲ ਰੋਟੀ ਵੀ ਕੜਾਹ ਵਰਗੀ ਲਗਦੀ ਐ। ਭੁੱਖ ਵਿਚ ਛੋਲੇ ਵੀ ਬਦਾਮ ਲੱਗਦੇ ਨੇ। ਬਾਕੀ ਗ੍ਰਹਿਸਥੀ ਵਿਚ ਜੇਕਰ ਮਹੀਨੇ ਬਾਅਦ ਆਪਣੇ ਸਾਥੀ ਕੋਲ ਜਾਈਏ ਤਾਂ ਵਿਆਹ ਵਰਗਾ ਮਜ਼ਾ ਆਉਂਦੈ।" ਇਹ ਕਹਿ ਕੇ ਬਾਬਾ ਮੁਸਕਰਾਇਆ ਤੇ ਡਾਂਗ ਚੁੱਕ ਕੇ ਘਰ ਵੱਲ ਤੁਰ ਪਿਆ। ਮੈਂ ਕਾਫ਼ੀ ਦੇਰ ਬਾਬੇ ਦੀਆਂ ਗੱਲਾਂ ਨੂੰ ਚਿੱਥਦਾ ਰਿਹਾ ਤੇ ਉਸਦੀ ਸੂਝ ਸਿਆਣਪ ਤੇ ਹੈਰਾਨ ਹੁੰਦਾ ਰਿਹਾ।

ਇਕ ਵਾਰੀ ਮੈਂ ਉਚੇਚਾ ਬਾਬੇ ਫੱਗੂ ਦੇ ਘਰ ਗਿਆ। ਮੈਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੋਇਆ ਪਰ ਮੇਰਾ ਚਿਹਰਾ ਉਤਰਿਆ ਵੇਖ ਕੇ ਆਖਣ ਲੱਗਾ—"ਖ਼ੈਰ ਤਾਂ ਹੈ ? ਬੜਾ ਉਦਾਸ ਜਿਹਾ ਲੱਗਦਾ ਏਂ, ਕੀ ਗੱਲ ਏ ?" ਮੈਂ ਚੁੱਪ ਰਿਹਾ। ਉਸਨੇ ਕਿਹਾ—"ਕੁੜੀਓ ਚਾਹ ਦੋ ਕੱਪ ਬਣਾਇਓ ਜੇ, ਬਿੱਲਾ ਸਿਉਂ ਆਇਆ ਐ।" ਮੈਨੂੰ ਉਹ ਪਿੰਡ ਦਾ ਸਭ ਤੋਂ ਵੱਧ ਪੜ੍ਹਿਆ ਮੁੰਡਾ ਸਮਝਦਾ ਸੀ। ਮੇਰੀਆਂ ਅੱਖਾਂ ਬਿੱਲੀਆਂ ਹੋਣ ਕਰਕੇ ਬਾਕੀਆਂ ਵਾਂਗ ਉਹ ਵੀ ਮੈਨੂੰ ਬਿੱਲਾ ਹੀ ਕਹਿੰਦਾ ਸੀ। ਉਸਨੂੰ ਸ਼ਾਇਦ ਮੇਰੇ ਅਸਲੀ ਨਾਮ ਦਾ ਪਤਾ ਨਹੀਂ ਸੀ। ਮੈਂ ਉਸਦੇ ਮੰਜੇ ਉਪਰ ਚੌਕੜੀ ਮਾਰ ਕੇ ਚਾਹ ਪੀਣ ਲੱਗ ਪਿਆ। ਉਸਨੇ ਦੋ ਘੁੱਟ ਭਰੇ ਤੇ ਮੈਨੂੰ ਆਖਣ ਲੱਗਾ—"ਦੱਸ ਕੀ ਗੱਲ ਐ ਬੜਾ ਗੁੰਮ-ਸੁੰਮ ਬੈਠਾ ਏਂ ?" ਮੈਂ ਉਸ ਨੂੰ ਕਿਹਾ ਕਿ ਮੈਂ ਸ਼ਰੀਕਾਂ ਤੋਂ ਬੜਾ ਤੰਗ ਹਾਂ। ਚਾਹ ਦਾ ਇਕ ਲੰਮਾ ਘੁੱਟ ਭਰ ਕੇ ਉਹ ਬੋਲਿਆ—"ਤੂੰ 'ਕੱਲਾ ਈ ਨਈਂ, ਸਾਰੀ ਦੁਨੀਆ ਈ ਸ਼ਰੀਕਾਂ ਤੋਂ ਤੰਗ ਐ। ਸਿਆਣਿਆਂ ਕਿਹਾ ਆਪਣਿਆਂ ਤੋਂ ਬਚੋ। ਜਿੰਨਾ ਚਿਰ ਮਾਂ-ਪਿਉ ਜੀਊਂਦਾ ਏ ਜਾਂ ਸੱਸ-ਸਹੁਰਾ ਜੀਊਂਦਾ ਏ, ਭਰਾ ਤੇ ਸਾਲੇ ਠੀਕ-ਠਾਕ ਰਹਿੰਦੇ ਨੇ। ਬਾਅਦ ਵਿਚ ਤਾਂ ਸਾਰੇ ਸ਼ਰੀਕ ਬਣ ਬੈਠਦੇ ਨੇ। ਸ਼ਰੀਕ ਦਾ ਮਤਲਬ ਐ, ਜੇਹੜਾ ਦੁਖ-ਸੁਖ ਵਿਚ ਸ਼ਰੀਕ ਹੋਵੇ ਪਰ ਇਹ ਤਾਂ ਦੁਸ਼ਮਣ ਬਣ ਜਾਂਦੇ ਨੇ। ਇਨ੍ਹਾਂ ਦੇ ਥੱਲੇ ਨਹੀਂ ਲੱਗਣਾ ਚਾਹੀਦੈ। ਜਿੱਦਾਂ ਦਾ ਵਰਤਣ, ਓਦਾਂ ਈ ਤੁਸੀਂ ਵਰਤੋ। ਲੱਲੋ-ਪੱਪੋ ਕਰਨ ਨਾਲ ਸ਼ਰੀਕ ਹੋਰ ਚੌੜ ਹੁੰਦੇ ਨੇ। ਮੁੰਡਿਆਂ ਵੇਖੀ ਠੋਕ ਵਜਾ ਕੇ, ਦੁਨੀਆ ਮਤਲਬ ਦੀ। ਐਵੇਂ ਝੂਰਨਾ ਨਹੀਂ ਚਾਹੀਦਾ। ਦਾਤੇ ਅੱਗੇ ਸ਼ੁਕਰਾਨਾ ਕਰਨਾ ਚਾਹੀਦੈ ਬਈ ਤੁਸੀਂ ਸਹੀ ਸਲਾਮਤ ਜੇ। ਨਹੀਂ ਤਾਂ ਸ਼ਰੀਕ ਤਾਂ ਇਹ ਵੀ ਨਹੀਂ ਚਾਹੁੰਦੇ ਕਿ ਅਸੀਂ ਜੀਂਦੇ ਵੀ ਰਹੀਏ।" "ਅੱਛਾ ਬਾਬਾ

ਤੂੰ ਕੋਈ ਚੋਂਦੀ-ਚੋਂਦੀ ਸੁਣਾ।" ਬਾਬੇ ਨੇ ਖੰਗੂਰਾ ਮਾਰ ਕੇ ਆਪਣਾ ਗੇਅਰ ਬਦਲਿਆ ਤੇ ਖੰਗੂਰਾ ਮਾਰ ਕੇ ਕਹਿਣ ਲੱਗਾ—"ਇਕ ਵਾਰੀ ਤੁਹਾਡੀ ਮਾਤਾ ਖਹਿੜੇ ਪੈ ਕੇ ਕਹਿਣ ਲੱਗੀ, ਮੈਂ ਤੁਹਾਨੂੰ ਕਦੋਂ ਚੰਗੀ ਲਗਦੀ ਹਾਂ।" ਮੈਂ ਕਿਹਾ—"ਭਾਗਵਾਨੇ ਨਾ ਹੀ ਪੁੱਛਦੀ ਤਾਂ ਚੰਗਾ ਸੀ। ਪੁੱਛ ਹੀ ਲਿਆਈ ਤਾਂ ਸੁਣ। ਇਕ ਤਾਂ ਤੂੰ ਉਦੋਂ ਚੰਗੀ ਲਗਦੀ ਏਂ ਜਦੋਂ ਚੁੱਪ ਹੁੰਨੀ ਏਂ ਤੇ ਦੂਜਾ ਉਦੋਂ ਜਦੋਂ ਤੂੰ ਪੇਕੇ ਗਈ ਹੋਵੇਂ।" ਮੈਂ ਹਾਸੇ ਨਾਲ ਲੋਟ-ਪੋਟ ਹੁੰਦਾ ਬਾਬੇ ਦੇ ਘਰੋਂ ਬਾਹਰ ਆਇਆ।

ਮੈਂ ਕਿਹਾ—"ਬਾਬਾ ਸਾਡਾ ਤਾਂ ਲੂਣ ਈ ਹਰਾਮ ਏ, ਜੀਹਦੇ ਨਾਲ ਨੇਕੀ ਕਰਦੇ ਆਂ, ਉਹ ਅੱਗੋਂ ਸਿਰ ਦੇ ਵਾਲਾਂ ਨੂੰ ਪੈਂਦੇ।" ਨੇਕੀ ਨਹੀਂ ਕਰਨੀ ਚਾਹੀਦੀ ?" ਉਸਨੇ ਚੌਕੜੀ ਮਾਰਦੇ ਹੋਏ ਆਖਿਆ—"ਨੇਕੀ ਕਰ ਤੇ ਛਿੱਤਰ ਖਾਹ, ਮੈਂ ਵੀ ਖਾਧੇ ਤੂੰ ਵੀ ਖਾਹ। ਜੇਕਰ ਤੁਸੀਂ ਕਿਸੇ ਨਾਲ ਚੰਗਾ ਕਰਦੇ ਜੇ ਤਾਂ ਉਸ ਨੂੰ ਆਪਣਾ ਫ਼ਰਜ਼ ਸਮਝ ਕੇ ਭੁੱਲ ਜਾਉ। ਜੇਕਰ ਉਸਨੂੰ ਉਭਾਸਰੋਗੇ ਤਾਂ ਅਗਲਾ ਤੁਹਾਡਾ ਅਹਿਸਾਨਮੰਦ ਨਹੀਂ ਹੋਵੇਗਾ। ਸਗੋਂ ਤੁਹਾਡੇ ਬਰਖ਼ਿਲਾਫ਼ ਬੋਲੇਗਾ। ਜਦੋਂ ਤੁਸੀਂ ਕਿਸੇ ਵੀ ਕੋਲੋਂ ਆਪਣੇ ਅਹਿਸਾਨਾਂ ਦਾ ਮੁੱਲ ਮੰਗਣ ਲੱਗ ਪਵੋ ਤਾਂ ਤੁਹਾਨੂੰ ਸਵਾਏ ਪਰੇਸ਼ਾਨੀ ਦੇ ਕੁਝ ਪੱਲੇ ਨਹੀਂ ਪਵੇਗਾ। ਸਿਆਣਿਆਂ ਆਖਿਆ ਨੇਕੀ ਕਰ ਤੇ ਖੂਹ ਵਿਚ ਸੁੱਟ। ਜਦੋਂ ਕੁਝ ਮੰਗਣਾ, ਉਪਰ ਵਾਲੇ ਕੋਲੋਂ ਮੰਗੋ, ਇਨ੍ਹਾਂ ਮੰਗਤਿਆਂ ਕੋਲੋਂ ਕੀ ਮੰਗਣਾ ਹੋਇਆ ? ਦੁਨੀਆ ਵਿਚ ਮੋਟੇ ਤੌਰ 'ਤੇ ਦੋ ਈ ਬੰਦੇ ਨੇ—ਇਕ ਚੰਗੇ ਤੇ ਦੂਜੇ ਬਹੁਤ ਮੰਦੇ। ਜਿਹੜੇ ਤੁਹਾਡੇ ਨਾਲ ਸਹੀ ਨੇ, ਉਹੀ ਤੁਹਾਡੇ ਭੈਣ ਭਾਈ ਨੇ ਤੇ ਜਿਹੜੇ ਮੰਦੇ ਨੇ, ਉਹ ਤੁਹਾਡੇ ਨਹੀਂ, ਬੇਗਾਨੇ ਨੇ। ਇਹ ਲੋਕ ਭਾਵੇਂ ਤੁਹਾਡੇ ਆਪਣੇ ਰਿਸ਼ਤੇਦਾਰ ਵੀ ਹੋਣ ਇਨ੍ਹਾਂ ਤੋਂ ਦੂਰ ਰਹਿਣਾ ਚਾਹੀਦੈ। ਆਪਣੇ ਰਿਸ਼ਤੇ ਏਥੇ ਆਪ ਲੱਭਣੇ ਪੈਂਦੇ ਨੇ।" ਏਨੇ ਨੂੰ ਉਸਨੂੰ ਕੋਈ ਨਜ਼ਦੀਕੀ ਮਿਲਣ ਆ ਗਿਆ ਤੇ ਮੈਂ ਉਸ ਕੋਲੋਂ ਆਗਿਆ ਲਈ। ਮੈਨੂੰ ਤੁਰਦੇ ਨੂੰ ਉਹ ਫਿਰ ਕਹਿ ਰਿਹਾ ਸੀ, "ਤੂੰ ਤਾਂ ਕਹਿੰਦੈ ਬਹੁਤ ਪੜ੍ਹਿਆ ਲਿਖਿਆ ਏਂ...ਤੈਨੂੰ ਤਾਂ ਚਾਹੀਦੈ ਸਾਨੂੰ ਮੱਤਾਂ ਦੇਣੀਆਂ, ਐਵੇਂ ਡੋਲਦਾ ਫਿਰਦਾ ਏਂ।" ਮੈਂ ਬਾਬੇ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਵਾਪਸ ਘਰ ਆ ਗਿਆ। ਬਾਬੇ ਦੀਆਂ ਨਸੀਹਤਾਂ ਤੇ ਦੁਨੀਆਦਾਰੀ ਦੀ ਸੂਝ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਉਸ ਦੀਆਂ ਗੱਲ੍ਹਾਂ ਨੂੰ ਆਪਣੇ ਅਮਲੀ ਜੀਵਨ ਵਿਚ ਅਪਣਾਉਣ ਲੱਗਾ।

ਕਾਫ਼ੀ ਵਰ੍ਹਿਆਂ ਬਾਅਦ ਜਦੋਂ ਮੈਂ ਪਿੰਡ ਗਿਆ ਤਾਂ ਮੈਨੂੰ ਪਤਾ ਲੱਗਾ ਕਿ ਬਾਬਾ ਫੱਗੂ ਚੱਲ ਵੱਸਿਆ ਹੈ। ਮਰਨ ਤੋਂ ਪਹਿਲਾਂ ਉਹਨੇ ਸਭਨਾਂ ਨੂੰ ਆਖਿਆ ਕਿ ਉਹ ਵਾਹਿਗੁਰੂ ਦੇ ਭਾਣੇ ਅਨੁਸਾਰ ਜਾ ਰਿਹਾ ਏ, ਇਸ ਲਈ ਕਿਸੇ ਨੇ ਰੋਣਾ-ਧੋਣਾ ਨਹੀਂ ਤੇ ਵਿਰਲਾਪ ਨਹੀਂ ਕਰਨਾ। ਸਗੋਂ ਉਹਦਾ ਸ਼ੁਕਰਾਨਾ ਕਰਨਾ ਏ। ਪਰ ਜਦੋਂ ਉਸਦੀ ਚਿਤਾ ਜਲ ਰਹੀ ਸੀ ਤਾਂ ਸਾਰਾ ਪਿੰਡ ਧਾਹਾਂ ਮਾਰ ਕੇ ਰੋ ਰਿਹਾ ਸੀ। ਉਸ ਨਾਲ ਕੀਤੇ ਕੌਲ-ਕਰਾਰ ਸਭ ਵਿਸਰ ਬੈਠੇ ਸਨ। ਇਹ ਸਿਆਣਪਾਂ ਦਾ ਸਮੁੰਦਰ, ਉਨ੍ਹਾਂ ਤੋਂ ਬਹੁਤ ਦੂਰ ਚਲਾ ਗਿਆ ਸੀ ਤੇ ਉਹ ਆਪਣੇ ਆਪ ਨੂੰ ਮਾਰੂਥਲ ਵਿਚ ਘਿਰੇ ਮਹਿਸੂਸ ਕਰ ਰਹੇ ਸਨ।

# ਮਾਸਟਰ ਮਿੱਠਾ ਸਿੰਘ ਤੂੰਆਂ

ਮਿੱਠਾ ਸਿੰਘ ਦਸੌਂਦਾ ਸਿੰਘ ਤਰਖਾਣ ਦਾ ਇਕਲੌਤਾ ਪੁੱਤਰ ਸੀ। ਪਤਾ ਨਹੀਂ ਕਿਹੜੇ ਭੱਦਰ ਪੁਰਸ਼ ਨੇ ਉਹਦਾ ਨਾਮ ਮਿੱਠਾ ਸਿੰਘ ਰੱਖ ਦਿੱਤਾ ਸੀ। ਉਹਨੂੰ ਤਾਂ ਵੇਖਦਿਆਂ ਹੀ ਮੂੰਹ ਕੌੜਾ ਹੋ ਜਾਂਦਾ ਸੀ। ਉਸ ਦੀ ਸ਼ਕਲ ਇੰਜ ਸੀ ਜਿਵੇਂ ਕਿਧਰਿਉਂ ਨਿੰਮ ਪੀ ਕੇ ਆਇਆ ਹੋਵੇ। ਉਸਦਾ ਨਾਮ ਤਾਂ ਕਰੇਲਾ ਸਿੰਘ ਜਾਂ ਧਤੂਰਾ ਸਿੰਘ ਚਾਹੀਦਾ ਸੀ। ਉਸਦਾ ਨਾਮ ਤੇ ਸੁਭਾਅ ਸਦਾ ਆਪਸ ਵਿਚ ਗੁੱਥਮਗੁੱਥਾ ਹੁੰਦੇ ਰਹੇ। ਭੂੰਡ ਵਾਂਗ ਉਹ ਜ਼ਹਿਰੀਲਾ ਸੀ ਤੇ ਸਦਾ ਹੀ ਕਿਸੇ ਨਾ ਕਿਸੇ ਨੂੰ ਡੰਗ ਮਾਰਨ ਦੇ ਰੌਂਅ ਵਿਚ ਰਹਿੰਦਾ। ਉਸਨੂੰ ਮਿੱਠਾ ਕਹਿਣ ਵਾਲੇ ਸ਼ਾਇਦ ਮਜ਼ਾਕ ਨਾਲ ਹੀ ਉਹਨੂੰ ਮਿੱਠੂ ਕਹਿੰਦੇ ਸਨ, ਜਦ ਕਿ ਉਸਦਾ ਵਿਹਾਰ ਹਮੇਸ਼ਾ ਕੁੜੱਤਣ ਭਰਿਆ ਹੁੰਦਾ ਸੀ। ਬਹੁਤ ਜ਼ਹਿਰੀਲਾ ਸੀ ਉਹ। ਦੋ ਮੂੰਹਾਂ ਤੂੰਆਂ ਸੀ ਉਹ। ਕਹਿੰਦੇ ਹਨ ਕਿ ਉਸਨੇ ਆਪਣੀ ਹੋਸ਼ ਵਿਚ ਕਦੀ ਕੋਈ ਨੇਕ ਕੰਮ ਨਹੀਂ ਕੀਤਾ। ਸੁੱਤੇ-ਸਿਧ ਜੇਕਰ ਉਸ ਕੋਲੋਂ ਕਿਸੇ ਦਾ ਭਲਾ ਹੋ ਗਿਆ ਹੋਵੇ ਤਾਂ ਵੱਡੀ ਗੱਲ ਨਹੀਂ ਸੀ। ਲੇਕਿਨ ਇਹ ਗੱਲ ਸਪਸ਼ਟ ਸੀ ਕਿ ਉਸਨੇ ਨੀਯਤਨ ਕਦੇ ਕਿਸੇ ਨਾਲ ਭਲੀ ਨਹੀਂ ਸੀ ਗੁਜ਼ਾਰੀ। ਉਸਦੀ ਹਾਲਤ ਉਸ ਭੂੰਡ ਵਾਂਗਰ ਸੀ ਜਿਸਦੀ ਖੱਖਰ ਕਿਸੇ ਨੇ ਸਾੜ ਦਿੱਤੀ ਹੋਵੇ ਤੇ ਉਹ ਗ਼ੁੱਸੇ ਨਾਲ ਚਾਰ-ਚੁਫ਼ੇਰੇ ਲੋਕਾਂ ਨੂੰ ਡੰਗਦਾ ਫਿਰਦਾ ਹੈ। ਇੰਜ ਲੱਗਦਾ ਸੀ ਕਿ ਉਸਦੀ ਹਾਲਤ ਲੁਹਾਰ ਦੀ ਸੰਨੀ ਨਾਲੋਂ ਵੀ ਬਦਤਰ ਸੀ ਜਿਹੜੀ ਕਿ ਕਦੀ ਪਾਣੀ ਤੇ ਕਦੀ ਅੱਗ ਵਿਚ ਹੁੰਦੀ ਹੈ। ਪਰ ਉਹ ਵਿਚਾਰਾ ਹਮੇਸ਼ਾ ਭੱਠੀ ਵਿਚ ਹੀ ਰਿਹਾ।

ਉਹ ਜਦੋਂ ਸਕੂਲੇ ਪੜ੍ਹਦਾ ਸੀ ਤਾਂ ਬੜਾ ਨਲਾਇਕ ਸੀ। ਜਿਹੜਾ ਉਹਨੂੰ ਅਕਲ ਦੀ ਜਾਂ ਤਮੀਜ਼ ਦੀ ਗੱਲ ਦੱਸਦਾ ਤਾਂ ਉਹ ਉਸਦੇ ਵਿਰੁੱਧ ਹੋ ਜਾਂਦਾ ਸੀ। ਉਸਨੂੰ ਮਾਸਟਰਾਂ ਕੋਲੋਂ ਹਰ ਰੋਜ਼ ਕੁੱਟ ਪੈਂਦੀ ਸੀ। ਇਸਦਾ ਬਦਲਾ ਉਹ ਲਗਦੇ ਹੱਥ ਹੀ ਕਮਜ਼ੋਰ ਮੁੰਡਿਆਂ ਕੋਲੋਂ ਲੈ ਲੈਂਦਾ ਤੇ ਆਪਣੇ ਆਪ ਨੂੰ ਸੰਤੁਲਤ ਕਰ ਲੈਂਦਾ। ਉਸ ਵਿਚਾਰੇ ਨੂੰ ਸਕੂਲ ਵਿਚ ਕਿਸੇ ਨੇ ਮੋਹ ਮੁਹੱਬਤ ਦਾ ਹੱਥ ਨਾ ਵਧਾਇਆ। ਜਿਵੇਂ ਉਹ ਖਿਝਿਆ ਲੋਕਾਂ ਨੂੰ ਸੂਈ ਕੁੱਤੀ ਵਾਂਗ ਪੈਂਦਾ ਸੀਂ। ਲੋਕ ਵੀ ਉਸਦਾ ਰਤਾ ਲਓ-ਲਿਹਾਜ਼ ਨਹੀਂ ਸਨ ਕਰਦੇ। ਸੜੀਅਲ, ਅੜੀਅਲ ਤੇ ਢੁੱਡਾਂ ਮਾਰਨੀਆਂ ਉਸਦੇ ਸੁਭਾਅ ਦਾ ਹਿੱਸਾ ਬਣ ਗਈਆਂ ਸਨ। ਜਿਸ ਕਿਸੇ ਨਾਲ ਉਹਦਾ ਵਾਹ ਪਿਆ, ਥੋੜ੍ਹੀ ਕੀਤਿਆਂ ਉਸਨੇ ਕਿਸੇ ਭੜੂਏ ਨੂੰ ਨਾ ਬਖਸ਼ਿਆ ਤੇ ਨਾ ਹੀ ਕਿਸੇ ਨਾਲ ਨਰਮੀ ਵਿਖਾਈ।

ਉਹ ਜਲਦੀ ਜਵਾਨ ਹੋ ਗਿਆ ਸੀ। ਉਸਦੀ ਮਾਂ ਅਕਸਰ ਢਿੱਲੀ ਮੱਠੀ ਰਹਿੰਦੀ ਸੀ।

ਇਸ ਲਈ ਘਰ ਦਾ ਕੰਮ ਚਲਾਉਣ ਲਈ ਉਸਦੇ ਬਾਪ ਨੇ ਉਸਦਾ ਜਲਦੀ ਹੀ ਵਿਆਹ ਕਰ ਦਿੱਤਾ ਸੀ। ਉਸਦੀ ਘਰਵਾਲੀ ਨਿੱਕੀ ਜਿਹੀ ਤੇ ਸਾਂਵਲੇ ਰੰਗ ਦੀ ਸੀ। ਭਾਵੇਂ ਉਸਦਾ ਬਾਪ ਬਹੁਤ ਅਮੀਰ ਸੀ ਤੇ ਉਸਨੇ ਮਿੱਠੇ ਨੂੰ ਬਹੁਤ ਦਾਜ ਦੇ ਕੇ ਭੇਜਿਆ ਸੀ। ਪਰ ਮਿੱਠੇ ਨਾਲ ਉਸਦੀ ਪਹਿਲੇ ਦਿਨ ਤੋਂ ਨਾ ਬਣੀ। ਉਹ ਸੁਹਾਗ ਰਾਤ ਨੂੰ ਸ਼ਾਇਦ ਠੰਡ ਲੱਗੀ ਹੋਣ ਕਰਕੇ ਹੀ ਛਿੱਕਾਂ ਮਾਰੀ ਜਾ ਰਹੀ ਸੀ। ਮਿੱਠੇ ਨੇ ਇਸ ਨੂੰ ਬਦਸ਼ਗਨੀ ਸਮਝ ਕੇ ਉਸ ਨਾਲ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ। ਇਹ ਪਾੜਾ ਦਿਨੋ-ਦਿਨ ਵਧਦਾ ਰਿਹਾ ਤੇ ਇਕ ਦਿਨ ਉਹ ਉਸ ਕੋਲੋਂ ਸਦੀਵੀ ਪਿੱਛਾ ਛੁਡਾਉਣ ਲਈ ਫ਼ੌਜ ਵਿਚ ਭਰਤੀ ਹੋ ਗਿਆ। ਉਨ੍ਹੀਂ ਦਿਨੀਂ ਦੁਨੀਆ ਦੀ ਦੂਜੀ ਜੰਗ ਲੱਗੀ ਹੋਈ ਸੀ।

ਉਸਦੇ ਪਿੱਛੋਂ ਉਸਦੀ ਘਰ ਵਾਲੀ ਜੀਅ ਭਿਆਣੀ ਕਦੀ ਸੌਹਰੇ ਕਦੀ ਪੇਕੇ ਚਲੇ ਜਾਂਦੀ। ਉਸਨੂੰ ਪਤਾ ਨਹੀਂ ਸੀ ਕਿ ਉਹ ਕੀ ਕਰੇ ਤੇ ਕਿਥੇ ਜਾਵੇ ? ਉਹ ਚਿੰਤਾ ਤੇ ਦੁਬਿਧਾ ਵਿਚ ਦਿਨ ਕਟੀ ਕਰਨ ਲੱਗੀ। ਗਰਭਵਤੀ ਹੋਣ ਕਰਕੇ ਉਸਦੀ ਹਾਲਤ ਹੋਰ ਚਿੰਤਾਜਨਕ ਹੋ ਗਈ। ਉਸਦੇ ਸੱਸ-ਸਹੁਰਾ ਬਥੇਰਾ ਉਸਦੀ ਹੌਸਲਾ ਅਫਜ਼ਾਈ ਕਰਦੇ ਪਰ ਮਿੱਠਾ ਸਿੰਘ ਦਾ ਵਤੀਰਾ ਵੇਖ ਕੇ ਉਸ ਨੂੰ ਡੋਬੂ ਪੈ ਰਹੇ ਸਨ। ਜਦੋਂ ਉਸਦੇ ਬੱਚਾ ਹੋਇਆ ਤਾਂ ਉਹ ਬੇਹੋਸ਼ ਹੋ ਗਈ ਤੇ ਫਿਰ ਕਦੀ ਹੋਸ਼ ਵਿਚ ਨਾ ਆਈ। ਉਸਨੇ ਇਕ ਲੜਕੇ ਨੂੰ ਜਨਮ ਦਿੱਤਾ ਸੀ। ਲੜਕਾ ਹੂਬਹੂ ਮਿੱਠਾ ਸਿੰਘ ਵਰਗਾ ਸੀ। ਨੂੰਹ ਦੀ ਮੌਤ ਕਾਰਨ ਘਰ ਵਿਚ ਉਦਾਸੀ ਛਾਈ ਹੋਈ ਸੀ। ਨੂੰਹ ਦੇ ਮਾਤਾ ਪਿਤਾ ਰੋਂਦੇ ਕੁਰਲਾਉਂਦੇ ਘਰ ਨੂੰ ਪਰਤ ਗਏ।

ਪੋਤਰੇ ਨੂੰ ਮਿੱਠਾ ਸਿੰਘ ਦੀ ਮਾਂ ਪਾਲਣ ਲੱਗੀ। ਬੜੀ ਮੁਸ਼ਕਲ ਨਾਲ ਉਸ ਨੂੰ ਪਾਲਿਆ। ਉਹ ਤੁਰਨ ਫਿਰਨ ਲੱਗ ਪਿਆ। ਉਧਰੋਂ ਜੰਗ ਵੀ ਆਪਣੇ ਜੋਬਨ 'ਤੇ ਸੀ। ਸਿਰ ਮਨਾਉਂਦਿਆਂ ਹੀ ਗੜੇ ਪੈਣ ਲੱਗੇ। ਉਸਨੂੰ ਪੈਂਦੀ ਸੱਟੇ ਜੰਗ ਦੇ ਮਹਾਜ਼ 'ਤੇ ਭੇਜਿਆ ਗਿਆ। ਉਹ ਫ਼ੌਜ ਵਿਚ ਕੇਵਲ ਘਰਵਾਲੀ ਤੋਂ ਪਿੱਛਾ ਛੁਡਾਉਣ ਲਈ ਗਿਆ ਸੀ ਨਾ ਕਿ ਅੰਗਰੇਜ਼ਾਂ ਦੀ ਸੇਵਾ ਕਰਨ। ਉਹ ਜੰਗ ਵਿਚ ਮਰਨਾ ਨਹੀਂ ਸੀ ਚਾਹੁੰਦਾ। ਉਹ ਲੜਾਈ ਦੇ ਮੈਦਾਨ ਵਿਚੋਂ ਚੋਰਾਂ ਵਾਂਗ ਭੱਜਿਆ ਤੇ ਭੱਜਦਾ-ਭੱਜਦਾ, ਲੁਕਦਾ-ਛੁਪਦਾ, ਖ਼ੁਸ਼ਕੀ ਦੇ ਰਸਤੇ ਵਾਪਸ ਆਪਣੇ ਘਰ ਪੁੱਜਣ ਵਿਚ ਕਾਮਯਾਬ ਹੋ ਗਿਆ। ਉਸ ਨੂੰ ਵੇਖ ਕੇ ਘਰ ਵਾਲੇ ਬਾਗੋ-ਬਾਗ ਹੋ ਗਏ। ਜਦੋਂ ਉਸਨੂੰ ਘਰ ਵਾਲੀ ਦੀ ਮੌਤ ਦੀ ਖ਼ਬਰ ਸੁਣਾਈ ਗਈ ਤਾਂ ਉੱਤੋਂ ਉਹ ਰੋ ਰਿਹਾ ਸੀ ਪਰ ਵਿਚੋਂ ਹੱਸ ਰਿਹਾ ਸੀ। ਰੱਬ ਨੇ ਉਸਦੀ ਸੁਣ ਲਈ ਸੀ। ਮੁੰਡੇ ਨੂੰ ਵੇਖ ਕੇ ਉਹ ਰਸਮੀ ਤੌਰ 'ਤੇ ਖ਼ੁਸ਼ ਹੋਇਆ ਤੇ ਚੁੱਕ ਕੇ ਪਿਆਰ ਕਰਨ ਲੱਗਾ।

ਜਦੋਂ ਜੰਗ ਖ਼ਤਮ ਹੋਈ ਤਾਂ ਫ਼ੌਜ ਦਾ ਖੁਫੀਆ ਵਿਭਾਗ ਮਿੱਠਾ ਸਿੰਘ ਦੀ ਉੱਘ-ਸੁੱਘ ਲੈਣ ਉਸ ਦੇ ਆਏ। ਘਰ ਵਾਲਿਆਂ ਕਿਹਾ ਕਿ ਉਹ ਤਾਂ ਦੋ ਸਾਲ ਹੋਏ ਘਰ ਹੀ ਨਹੀਂ ਵੜਿਆ। ਉਨ੍ਹਾਂ ਸ਼ਾਇਦ ਉਸ ਨੂੰ ਮਰਿਆ ਸਮਝਿਆ ਤੇ ਆਰਾਮ ਨਾਲ ਵਾਪਸ ਚਲੇ ਗਏ। ਮਿੱਠਾ ਸਿੰਘ ਛੇ ਮਹੀਨੇ ਘੱਟ ਹੀ ਕਦੀ ਹਨੇਰੇ-ਸਵੇਰੇ ਘਰੋਂ ਨਿਕਲਿਆ। ਪਿੰਡ ਵਾਲਿਆਂ ਵੀ ਸਮਝਿਆ ਕਿ ਉਹ ਫ਼ੌਜ ਤੋਂ ਫਾਰਗੀ ਲੈ ਕੇ ਆਇਆ ਹੈ। ਜਦੋਂ ਰੌਲਾ ਰੱਪਾ ਠੰਡਾ ਪੈ ਗਿਆ ਤਾਂ ਉਸਨੇ

ਐੱਸ. ਵੀ. ਕਰਕੇ ਮਾਸਟਰੀ ਸ਼ੁਰੂ ਕਰ ਦਿੱਤੀ। ਉਹ ਜਵਾਨ ਤੇ ਸੁੰਦਰ ਸੀ। ਉਸਦੀ ਨੌਕਰੀ ਤੇ ਜ਼ਮੀਨ ਦੋ ਕਿੱਲੇ ਵੇਖ ਕੇ ਇਕ ਰਾਮਗੜੀਆ ਪਰਿਵਾਰ ਨੇ ਆਪਣੀ ਲੜਕੀ ਉਸ ਨਾਲ ਵਿਆਹ ਦਿੱਤੀ। ਲੜਕੀ ਬਹੁਤ ਸੁੰਦਰ ਤੇ ਦਸਵੀਂ ਪਾਸ ਸੀ। ਮਾਸਟਰ ਮਿੱਠਾ ਸਿੰਘ ਦੇ ਘਰ ਹੇਠ ਉਪਰ ਤਿੰਨ ਲੜਕੀਆਂ ਤੇ ਦੋ ਪੁੱਤਰਾਂ ਨੇ ਜਨਮ ਲਿਆ। ਇਕ ਲੜਕਾ ਗੁਰਬਾਜ਼ ਪਹਿਲੇ ਟੱਬਰ ਵਿਚੋਂ ਸੀ ਜਿਸ ਨੂੰ ਦਾਦੀ ਨੇ ਬੜੀ ਮੁਸ਼ਕਲ ਨਾਲ ਪਾਲਿਆ ਸੀ। ਮਾਸਟਰ ਦੀ ਘਰਵਾਲੀ ਤੇ ਉਸਦੇ ਬੱਚੇ ਗੁਰਬਾਜ਼ ਨੂੰ ਚੰਗਾ ਨਹੀਂ ਸਨ ਸਮਝਦੇ। ਉਹ ਭਾਵੇਂ ਆਪਣੀ ਮਤਰਈ ਮਾਂ ਦੇ ਨੇੜੇ-ਨੇੜੇ ਆਉਣ ਦੀ ਕੋਸ਼ਿਸ਼ ਕਰਦਾ ਪਰ ਉਹ ਉਸਨੂੰ ਦੂਰ-ਦੂਰ ਰੱਖਦੀ ਸੀ। ਬਿਨਾਂ ਕਿਸੇ ਕੰਮ ਤੋਂ ਉਸਨੂੰ ਝਿੜਕਾਂ ਪੈਂਦੀਆਂ ਸਨ। ਦੂਜੀ ਨੂੰਹ ਦਾ ਗੁਰਬਾਜ ਨਾਲ ਇਹ ਵਤੀਰਾ ਵੇਖ ਕੇ ਉਸਦੀ ਦਾਦੀ ਬਹੁਤ ਦੁਖੀ ਰਹਿੰਦੀ ਸੀ। ਘਰ ਦੀ ਬੇਇਤਫ਼ਾਕੀ ਤੇ ਹੁਦਰੇਪਣ ਤੋਂ ਉਹ ਬਹੁਤ ਉਦਾਸ ਸੀ। ਗੁਰਬਾਜ ਦਾਦੀ ਕੋਲ ਹੀ ਰਹਿੰਦਾ। ਜਦੋਂ ਦਾਦੀ ਵਿਚਾਰੀ ਵਾਹਿਗੁਰੂ ਨੂੰ ਪਿਆਰੀ ਹੋ ਗਈ ਤਾਂ ਉਨ੍ਹਾਂ ਮਿੱਠਾ ਸਿੰਘ ਦੀ ਖ਼ੂਬ ਲਾਹ-ਪਾਹ ਕੀਤੀ ਪਰ ਉਸਨੇ ਆਪਣੇ ਸਾਲਿਆਂ ਦੀ ਕੋਈ ਪਰਵਾਹ ਨਾ ਕੀਤੀ। ਕੁੜੀ ਵਾਲੇ ਹੋਣ ਕਰਕੇ ਉਨ੍ਹਾਂ ਨੇ ਘਰ ਪਰਤਣਾ ਹੀ ਮੁਨਾਸਬ ਸਮਝਿਆ। ਜੀਜੇ ਦੇ ਘਰ ਸਾਲਿਆਂ ਦੀ ਘੱਟ ਹੀ ਚੱਲਦੀ ਹੈ। ਜੀਜਾ ਪੂਰਾ ਊਤ ਸੀ। ਦੂਜੇ ਟੱਬਰ ਨਾਲ ਵੀ ਮਿੱਠਾ ਸਿੰਘ ਦਾ ਵਤੀਰਾ ਬਹੁਤ ਰੁੱਖਾ ਸੀ। ਉਹ ਚਾਹੁੰਦਾ ਸੀ ਕਿ ਘਰ ਵਿਚ ਉਸਦਾ ਹੀ ਹੁਕਮ ਚੱਲੇ ਤੇ ਸਾਰੇ ਉਸਦੇ ਦੁਆਲੇ ਹੀ ਘੁੰਮਦੇ ਫਿਰਨ। ਉਹ ਉਨ੍ਹਾਂ ਨੂੰ ਖੁੱਲ੍ਹ ਕੇ ਸਾਹ ਨਹੀਂ ਸੀ ਲੈਣ ਦਿੰਦਾ। ਦਬਕੇ ਮਾਰ-ਮਾਰ ਕੇ ਉਨ੍ਹਾਂ ਦਾ ਸਾਹ ਸੂਤੀ ਰੱਖਦਾ ਸੀ। ਜਿਹੜਾ ਲੜਕਾ ਜਾਂ ਲੜਕੀ ਉਸਦੇ ਆਖੇ ਨਾ ਲੱਗਦਾ, ਉਸਦੀ ਉਹ ਪੂਰੀ ਮੁਰੰਮਤ ਕਰਦਾ। ਘਰਵਾਲੀ ਜੇਕਰ ਬੱਚਿਆਂ ਦੀ ਤਰਫ਼ਦਾਰੀ ਕਰਦੀ ਤਾਂ ਉਹ ਘਰਵਾਲੀ ਨੂੰ ਇਕ ਦੀਆਂ ਚਾਰ-ਚਾਰ ਸੁਣਾਉਂਦਾ। ਕਈ ਵਾਰੀ ਉਹ ਆਪਣੇ ਮੁੰਡਿਆਂ-ਕੁੜੀਆਂ ਨੂੰ ਕਿਸੇ ਮਮੂਲੀ ਜਿਹੀ ਕੁਤਾਹੀ ਕਰਨ ਮਗਰੋਂ ਸਟੋਰ ਅੰਦਰ ਬੰਦ ਕਰ ਦਿੰਦਾ। ਉਹ ਵਿਚਾਰੇ ਅੰਦਰੋਂ ਬਥੇਰਾ ਚੀਕ-ਚਿਹਾੜਾ ਪਾਉਂਦੇ ਪਰ ਉਹ ਪੱਥਰ ਦਿਲ ਬਣ ਕੇ ਕਿਸੇ ਦੀ ਨਾ ਸੁਣਦਾ ਤੇ ਆਪਣੀ ਮਨਮਰਜ਼ੀ ਹੀ ਕਰਦਾ। ਕੁੱਤੇ ਦਾ ਹੱਡ ਸੀ ਉਹ।

ਮਾਸਟਰ ਮਿੱਠੇ ਦੀ ਛੇ ਸੱਤ ਕਿੱਲਿਆਂ ਦੀ ਵਾਹੀ ਵੀ ਚਲਦੀ ਸੀ। ਕਈ ਵਾਰ ਉਹ ਛੁੱਟੀ ਵਾਲੇ ਦਿਨ ਖੇਤਾਂ ਵਿਚ ਆਪ ਕੰਮ ਕਰਨ ਚਲਾ ਜਾਂਦਾ ਤੇ ਉਸਦੀ ਘਰਵਾਲੀ ਉਸਦੀ ਰੋਟੀ ਲੈ ਕੇ ਖੇਤਾਂ ਨੂੰ ਆਉਂਦੀ। ਇਕ ਦਿਨ ਘਰ ਵਿਚ ਪ੍ਰਾਹੁਣੇ ਆਉਣ ਕਾਰਨ ਮਿੱਠੇ ਮਾਸਟਰ ਦੀ ਘਰ ਵਾਲੀ ਰੋਟੀ ਲੇਟ ਲੈ ਕੇ ਆਈ। ਮਾਸਟਰ ਨੂੰ ਡਾਹਢੀ ਭੁੱਖ ਲੱਗੀ ਹੋਈ ਸੀ। ਜਦੋਂ ਉਸਨੇ ਘਰਵਾਲੀ ਤੇ ਵੱਡੀ ਲੜਕੀ ਨੂੰ ਰੋਟੀ ਲਿਆਉਂਦੇ ਵੇਖਿਆ ਤਾਂ ਉਹ ਗੋਡੀ ਕਰਦਾ ਕਰਦਾ ਉੱਠ ਪਿਆ ਤੇ ਉਨ੍ਹਾਂ ਨੂੰ ਦੂਰੋਂ ਕੰਨ ਫੜਨ ਲਈ ਕਹਿਣ ਲੱਗਾ। ਲਾਗੇ ਖੇਤਾਂ ਵਿਚ ਕੰਮ ਕਰਦੇ ਦੂਜੇ ਲੋਕ ਵੇਖ ਰਹੇ ਸਨ। ਇਸ ਲਈ ਉਹ ਸ਼ਰਮਾ ਗਈਆਂ। ਪਰ ਜਦੋਂ ਉਸਨੂੰ ਸੋਟੀ ਲੈ ਕੇ ਉਨ੍ਹਾਂ ਵੱਲ ਆਉਂਦਿਆਂ ਵੇਖਿਆ ਤਾਂ ਉਹ ਡਰਦੀਆਂ ਨੇ ਕੰਨ ਫੜ ਲਏ ਮੁਰਗੀਆਂ ਬਣ ਕੇ। ਮਾਸਟਰ ਨੇ ਲਾਗੇ ਆ ਕੇ ਉਨ੍ਹਾਂ ਨੂੰ ਸੋਟੀਆਂ ਮਾਰੀਆਂ ਤੇ ਉਨ੍ਹਾਂ ਕੋਲੋਂ ਰੋਟੀਆਂ

ਤੇ ਲੱਸੀ ਵਾਲਾ ਡੋਲ ਖੋਹ ਲਿਆ ਤੇ ਉਨ੍ਹਾਂ ਨੂੰ ਉਥੋਂ ਹੀ ਵਾਪਸ ਜਾਣ ਲਈ ਕਿਹਾ। ਉਹ ਚਲੇ ਗਈਆਂ।

ਇਕ ਵਾਰੀ ਮਾਸਟਰ ਆਪਣੇ ਬੱਚਿਆਂ ਨੂੰ ਘਰ ਵਿਚ ਹਿਸਾਬ ਦੇ ਸਵਾਲ ਕਰਵਾ ਰਿਹਾ ਸੀ। ਜਿਨ੍ਹਾਂ-ਜਿਨ੍ਹਾਂ ਦੇ ਜਵਾਬ ਗ਼ਲਤ ਨਿਕਲੇ, ਉਸਨੇ ਉਨ੍ਹਾਂ ਨੂੰ ਆਪਣੀਆਂ ਤਲੀਆਂ ਉਸ ਮੰਜੇ ਦੇ ਪਾਵੇ ਥੱਲੇ ਦੇਣ ਲਈ ਆਖਿਆ ਜਿਸ ਉਪਰ ਉਹ ਚੌੜਾ ਹੋ ਕੇ ਬੈਠਾ ਹੋਇਆ ਸੀ। ਚਾਰੇ ਪਾਵਿਆਂ ਥੱਲੇ ਕਿਸੇ ਨਾ ਕਿਸੇ ਬੱਚੇ ਦੀਆਂ ਤਲੀਆਂ ਹੁੰਦੀਆਂ ਸਨ। ਉਹ ਭਾਰ ਨਾਲ ਚੀਕਦੇ ਤੇ ਰੋਂਦੇ ਰਹੇ ਪਰ ਮਾਸਟਰ ਦਾ ਪੱਥਰ ਦਿਲ ਉਨ੍ਹਾਂ ਦੀ ਇਕ ਨਹੀਂ ਸੀ ਸੁਣਦਾ ਜਿੰਨਾ ਚਿਰ ਉਹ ਉਸਦੇ ਲਿਖਾਏ ਸਵਾਲ ਦਾ ਜਵਾਬ ਠੀਕ ਨਾ ਕੱਢਦੇ। ਲੜਕਿਆਂ ਨੂੰ ਅਕਸਰ ਮੁਰਗਾ ਬਣਾ ਕੇ ਖ਼ੁਸ਼ ਹੁੰਦਾ ਸੀ। ਜੇਕਰ ਉਸ ਵਕਤ ਉਸਦੇ ਘਰ ਕੋਈ ਬਾਹਰੋਂ ਆ ਜਾਂਦਾ ਤਾਂ ਉਸਨੂੰ ਬਾਹਰੋਂ-ਬਾਹਰ ਹੀ ਤੋਰ ਦਿੱਤਾ ਜਾਂਦਾ ਸੀ। ਘਰ ਦੀ ਇੱਜ਼ਤ ਘਰ ਵਿਚ ਹੀ ਰਹਿੰਦੀ ਸੀ। ਉਹ ਆਪਣੇ ਅਸੂਲਾਂ ਦਾ ਪੱਕਾ ਸੀ। ਲੋਹੇ ਦਾ ਥਣ।

ਇਕ ਦਿਨ ਮਾਸਟਰ ਜੀ ਮਾਸਟਰਾਣੀ ਨਾਲ ਸਾਈਕਲ ਉਪਰ ਸ਼ਹਿਰੋਂ ਕੋਈ ਖ਼ਰੀਦ ਫਰੋਖ਼ਤ ਕਰਨ ਗਏ। ਆਉਂਦੀ ਵਾਰ ਜਦੋਂ ਉਹ ਘਰਵਾਲੀ ਨਾਲ ਗੱਲਾਂ-ਬਾਤਾਂ ਮਾਰਦਾ ਪਿੰਡ ਨੂੰ ਆ ਰਿਹਾ ਸੀ ਤਾਂ ਮਾਸਟਰਾਣੀ ਦਾ ਦੁਪੱਟਾ ਪਿਛਲੇ ਪਹੀਏ ਨਾਲ ਵਲਿਆ ਗਿਆ ਤੇ ਸਾਇਕਲ ਉਪਰ ਦੋਵੇਂ ਧੜੱਮ ਕਰਦੀ ਡਿੱਗ ਪਏ। ਮਾਸਟਰ ਗ਼ੁੱਸਾ ਖਾ ਕੇ ਉਠਿਆ ਤੇ ਘਰਵਾਲੀ ਨੂੰ ਡਾਂਟਣ ਲੱਗਾ। ਉਸਦੀ ਚੁੰਨੀ ਸਾਰੀ ਫੀਤਾ-ਫੀਤਾ ਹੋ ਗਈ ਸੀ। ਮਾਸਟਰ ਨੇ ਸਾਇਕਲ ਵਿਚੋਂ ਚੁੰਨੀ ਦੀਆਂ ਟਾਕੀਆਂ ਕੱਢੀਆਂ ਤੇ ਘਰਵਾਲੀ ਨੂੰ ਗਾਲ੍ਹਾਂ ਕੱਢਦਾ ਉਥੇ ਹੀ ਛੱਡ ਕੇ ਆਪ ਸਾਇਕਲ ਲੈ ਕੇ ਪਿੰਡ ਵੱਲ ਤੁਰ ਪਿਆ। ਉਹ ਵਿਚਾਰੀ ਚਾਰ ਪੰਜ ਕਿਲੋਮੀਟਰ ਪਿੰਡ ਤੁਰ ਕੇ ਹੀ ਪਹੁੰਚੀ। ਜਦੋਂ ਪਿੰਡ ਅੱਧਾ ਕੁ ਕਿਲੋਮੀਟਰ ਰਹਿ ਗਿਆ ਤਾਂ ਇਕ ਪਿੰਡ ਵਾਲੇ ਨੇ ਉਸਨੂੰ ਪੈਦਲ ਤੁਰਦੀ ਵੇਖ ਕੇ ਆਪਣੇ ਸਾਇਕਲ ਪਿੱਛੇ ਬਿਠਾ ਲਿਆ। ਜਦੋਂ ਉਸਨੇ ਮਾਸਟਰਾਣੀ ਨੂੰ ਮਾਸਟਰ ਦੇ ਬੂਹੇ ਅੱਗੇ ਉਤਾਰਿਆ ਤਾਂ ਮਾਸਟਰ ਮੂਹਰੇ ਖੜ੍ਹਾ ਸੀ। ਉਹ ਉਸ ਪਿੰਡ ਵਾਲੇ ਦੇ ਗਲ ਪੈ ਗਿਆ ਕਿ ਉਸਨੇ ਉਸਦੀ ਘਰਵਾਲੀ ਨੂੰ ਪਿੱਛੇ ਕਿਉਂ ਬਿਠਾਇਆ ਹੈ? ਜਦੋਂ ਸਾਇਕਲ ਵਾਲਾ ਅੱਗੇ ਨਿਕਲ ਗਿਆ ਤਾਂ ਉਹ ਘਰਵਾਲੀ ਨੂੰ ਕਹਿਣ ਲੱਗਾ—"ਇਹ ਕੇਹੜੇ ਖਸਮ ਨਾਲ ਚੜ੍ਹ ਕੇ ਆਈ ਏਂ ? ਜਾ ਹੁਣ ਉਹਦੇ ਘਰ ਹੀ ਰਹਿ ਜਾ ਕੇ !" ਮਾਸਟਰਾਣੀ ਗੱਲ ਨੂੰ ਉਥੇ ਹੀ ਮੁਕਾਉਣ ਲਈ ਚੁੱਪ ਕਰਕੇ ਆਪਣੇ ਘਰ ਵੱਲ ਤੁਰ ਪਈ।

ਇਕ ਦਫਾ ਮਾਸਟਰ ਨੂੰ ਬੁਖਾਰ ਚੜ੍ਹਿਆ ਹੋਇਆ ਸੀ। ਕਿੰਨੇ ਦਿਨ ਹੋ ਗਏ ਸਨ, ਉਤਰਨ ਦਾ ਨਾਮ ਨਹੀਂ ਸੀ ਲੈ ਰਿਹਾ। ਉਸਦਾ ਵੱਡਾ ਲੜਕਾ ਗੁਰਬਾਜ ਕਿਸੇ ਕੋਲੋਂ ਆਪਣੇ ਬਾਪ ਦੀ ਬਿਮਾਰੀ ਸੁਣ ਕੇ ਹਾਲ-ਚਾਲ ਪੁੱਛਣ ਆਇਆ। ਮਾਸਟਰ ਉਹਨੂੰ ਵੇਖ ਕੇ ਹੀ ਲੋਹਾ-ਲਾਖਾ ਹੋ ਗਿਆ। ਉਹ ਉੱਠ ਕੇ ਕਹਿਣ ਲੱਗਾ, "ਦਫ਼ਾ ਹੋ ਜਾ ਦੁਸ਼ਟਾ ਏਥੋਂ ! ਕੀ ਲੈਣ ਆਇਆ ਏਂ ਏਥੇ ? ਵਗ ਜਾ ਏਥੋਂ ਤੇ ਆਪਣਾ ਮਨਹੂਸ ਚਿਹਰਾ ਨਾ ਵਿਖਾ।" ਉਸਨੇ ਜਦੋਂ

ਗੁਰਬਾਜ ਨੂੰ ਉੱਠ ਕੇ ਧੱਕਾ ਦਿੱਤਾ ਤਾਂ ਗੁਰਬਾਜ ਮਸਾਂ ਡਿੱਗਣੋਂ ਬਚਿਆ। ਉਸਨੇ ਸੰਭਲ ਕੇ ਮਾਸਟਰ ਨੂੰ ਗਲੋਂ ਫੜ ਲਿਆ ਤੇ ਉਦੋਂ ਹੀ ਛੱਡਿਆ ਜਦੋਂ ਉਸਦੀ ਜ਼ਬਾਨ ਬਾਹਰ ਨਾ ਆ ਗਈ। ਘਰ ਵਾਲੇ ਭੱਜੇ ਆਏ ਤੇ ਉਸ ਨੂੰ ਖਿੱਚ ਕੇ ਪਿੱਛੇ ਲੈ ਗਏ। ਪਰ ਉਨ੍ਹਾਂ ਗੁਰਬਾਜ ਨੂੰ ਕੁਝ ਨਾ ਆਖਿਆ। ਉਹ ਉਸਦੀ ਇਸ ਕਾਰਵਾਈ ਨਾਲ ਅੰਦਰੋਂ ਖ਼ੁਸ਼ ਸਨ। ਊਹ ਉਹੀ ਕੁਝ ਕਰਨਾ ਚਾਹੁੰਦੇ ਸਨ ਜੋ ਗੁਰਬਾਜ ਨੇ ਇਕੋ ਝਟਕੇ ਨਾਲ ਕਰ ਵਿਖਾਇਆ ਸੀ। ਉਹ ਭਾਵੇਂ ਉੱਤੋਂ ਉਸ ਨਾਲ ਖਿਝ ਰਹੇ ਸਨ ਪਰ ਵਿਚੋਂ ਉਸਨੂੰ ਸ਼ਾਬਾਸ਼ ਦੇ ਰਹੇ ਸਨ। ਉਹ ਸਾਰੇ ਜਣੇ ਮਾਸਟਰ ਦੀ ਲਾਸ਼ ਨੂੰ ਉਥੇ ਹੀ ਛੱਡ ਕੇ ਦੂਜੇ ਅੰਦਰ ਚਲੇ ਗਏ। ਉਹ ਇਸ ਗ਼ੈਰ-ਕੁਦਰਤੀ ਘਟਨਾ ਨੂੰ ਕੁਦਰਤੀ ਬਣਾਉਣ ਲਈ ਸਲਾਹ ਮਸ਼ਵਰਾ ਕਰਨ ਲੱਗੇ। ਰੱਬ ਨੇ ਉਨ੍ਹਾਂ ਦੀ ਨੇੜੇ ਢੁੱਕ ਕੇ ਸੁਣੀ ਸੀ। ਸਾਰੇ ਟੱਬਰ ਨੇ ਸੁਖ ਦਾ ਸਾਹ ਲਿਆ ਸੀ। ਵਿਧਾਤਾ ਨੇ ਇਕ ਤਗੜੀ ਲਾਹਣ ਉਨ੍ਹਾਂ ਦੇ ਗਲੋਂ ਲਾਹੀ ਸੀ। ਮਰਗ ਵੇਲੇ ਤਾਂ ਪਰਿਵਾਰ ਰੋ-ਰੋ ਕੇ ਬੇਹਾਲ ਹੋ ਜਾਂਦੇ ਹਨ ਪਰ ਇਸ ਪਰਿਵਾਰ ਨੇ ਆਪਣੇ ਬਜ਼ੁਰਗ ਦੇ ਚਲਾਣੇ 'ਤੇ ਇਕ ਵੀ ਅੱਥਰੂ ਨਹੀਂ ਸੀ ਕੇਰਿਆ। ਕਿਰਦਾ ਵੀ ਕਿਸ ਤਰ੍ਹਾਂ। ਉਪਰ ਵਾਲੇ ਨੇ ਤਾਂ ਉਨ੍ਹਾਂ ਦੀ ਨੇੜੇ ਢੁੱਕ ਕੇ ਸੁਣੀ ਸੀ।

# ਅੜਬੇ ਆਜ਼ਮ ਤੇਜਾ ਸਿੰਘ

ਤੇਜਾ ਸਿੰਘ ਦੇ ਬਾਕੀ ਭਰਾ ਵੀ ਥੋੜ੍ਹਾ-ਬਹੁਤਾ ਅੜਬ ਤੇ ਜਿੱਦਲ ਸਨ ਪਰ ਉਸਦਾ ਦਰਜਾ ਬਾਕੀਆਂ ਨਾਲੋਂ ਉੱਚਾ ਸੀ। ਅੜਬਪੁਣੇ ਵਿਚ ਉਸਨੇ ਕਈ ਰਿਕਾਰਡ ਪੈਦਾ ਕੀਤੇ ਸਨ। ਇਸ ਲਈ ਉਸਨੂੰ ਅੜਬੇ-ਆਜ਼ਮ ਵੀ ਆਖਿਆ ਜਾਂਦਾ ਸੀ। ਉਹ ਹਰੇਕ ਸਮਾਗਮ, ਵਿਆਹ, ਛੁਹਾਰੇ ਜਾਂ ਧਮਾਣ 'ਤੇ ਰੁੱਸ ਪੈਂਦਾ ਸੀ। ਇਸ ਲਈ ਰਿਸ਼ਤੇਦਾਰ ਉਸਨੂੰ ਤੇਜਾ ਸਿੰਘ ਦੀ ਜਗ੍ਹਾ ਟੇਡਾ ਸਿੰਘ ਆਖਿਆ ਕਰਦੇ ਸਨ। ਉਹ ਗ਼ੁੱਸੇ ਵਿਚ ਆ ਕੇ ਜਦੋਂ ਇਹ ਕਹਿ ਦਿੰਦਾ—"ਮੈਂ ਪਿਉ ਦਾ ਪੁੱਤਰ ਨਹੀਂ ਜੇਕਰ...!" ਤਾਂ ਸਮਝੋ ਪੰਗਾ ਪੈ ਹੀ ਜਾਂਦਾ ਸੀ।

ਉਹ ਸਕੂਲ ਵਿਚ ਜਦੋਂ ਕਿਸੇ ਜਮਾਤੀ ਨਾਲ ਲੜ ਪੈਂਦਾ, ਕਿੰਨਾ-ਕਿੰਨਾ ਸਮਾਂ ਉਸ ਨਾਲ ਬੋਲਚਾਲ ਹੀ ਬੰਦ ਕਰ ਦਿੰਦਾ ਸੀ। ਉਸ ਵਿਚ ਬਹਿਸ ਕਰਨ ਦੀ ਬੜੀ ਭੈੜੀ ਵਾਦੀ ਸੀ। ਕਈ ਵੇਰ ਸੱਚ ਦੀ ਖ਼ਾਤਰ ਤਾਂ ਬਹਿਸਣਾ ਹੀ ਪੈਂਦਾ ਹੈ ਪਰ ਉਹ ਝੂਠਾ ਹੀ ਸਿਰ ਅੜਾਈ ਜਾਂਦਾ ਸੀ। ਲੋਕੀ ਅੱਕ ਕੇ ਪਿੱਛੇ ਹਟ ਜਾਂਦੇ ਸਨ ਤੇ ਉਹ ਸੋਚਦਾ ਸੀ ਕਿ ਮੈਂ ਜਿੱਤ ਗਿਆ ਹਾਂ। ਉਹ ਘੰਟਿਆਂ-ਬੱਧੀ ਬੋਲਣ ਦੀ ਸਮਰੱਥਾ ਰੱਖਦਾ ਸੀ, ਇਸ ਲਈ ਉਸਦਾ ਬੋਲ ਕੇ ਸਾਹਵਾਂ ਮੁਕਾਬਲਾ ਕਰਨਾ ਮੁਸ਼ਕਲ ਸੀ। ਨਾਲੇ ਭੂੰਡਾਂ ਦੀ ਖੱਖਰ ਨੂੰ ਹੱਥ ਪਾਉਣ ਦਾ ਕੋਈ ਵਿਰਲਾ ਹੀ ਹੀਆ ਰੱਖਦਾ ਹੈ!

ਉਹ ਜਿਥੇ ਮੰਗਿਆ ਸੀ, ਉਹ ਦੋ ਭੈਣਾਂ ਸਨ। ਉਹਦੇ ਵਾਲੀ ਉਮਰ ਵਿਚ ਵੱਡੀ ਸੀ। ਜਦੋਂ ਵਿਆਹ ਨਿਯੁਕਤ ਹੋਇਆ ਤਾਂ ਲੜਕੀ ਵਾਲਿਆਂ ਦੋਹਾਂ ਲੜਕੀਆਂ ਦਾ ਇਕੋ ਦਿਨ ਵਿਆਹ ਕਰਨਾ ਚਾਹਿਆ ਤਾਂ ਕਿ ਖ਼ਰਚਾ ਘੱਟ ਹੋਵੇ। ਧੀਆਂ ਵਾਲੇ ਇਸ ਤਰ੍ਹਾਂ ਸੋਚ ਹੀ ਲੈਂਦੇ ਹਨ। ਪਰ ਤੇਜਾ ਸਿੰਘ ਨੇ ਢੁੱਚਰ ਡਾਹ ਦਿੱਤੀ ਕਿ ਕਿਉਂਕਿ ਉਸਦੀ ਘਰਵਾਲੀ ਵੱਡੀ ਹੈ ਇਸ ਲਈ ਉਸਦਾ ਵਿਆਹ ਇਕ ਦਿਨ ਪਹਿਲਾਂ ਹੋਣਾ ਚਾਹੀਦਾ ਹੈ। ਘਰਵਾਲੇ ਮੰਨ ਨਹੀਂ ਰਹੇ ਸਨ। ਤੇਜਾ ਸਿੰਘ ਦੇ ਘਰ ਵਾਲਿਆਂ ਸਹਿਮਤੀ ਪਰਗਟ ਕਰ ਦਿੱਤੀ ਪਰ ਤੇਜਾ ਸਿੰਘ ਨੇ ਕਿੰਨਾ ਚਿਰ ਇਕ ਦਿਨ ਪਹਿਲਾਂ ਦਾ ਰੇੜਕਾ ਪਾ ਛੱਡਿਆ। ਅਖ਼ੀਰ ਤੇਜਾ ਸਿੰਘ ਦੀ ਹੀ ਮੰਨੀ ਗਈ ਤੇ ਉਸਦਾ ਵਿਆਹ ਇਕ ਦਿਨ ਪਹਿਲਾਂ ਕੀਤਾ [illegible]

ਇਕ ਵਾਰੀ ਦੋਵੇਂ ਸਾਂਢੂ ਆਪਣੇ ਸਾਲੇ ਦੇ ਵਿਆਹ 'ਤੇ ਇਕੱਠੇ ਬੈਠੇ [illegible] ਰਹੇ ਸਨ। ਉਸਦੇ ਸਾਂਢੂ ਨੇ ਉਸਨੂੰ ਵਿਆਹ ਵੇਲੇ ਫਜ਼ੂਲ ਅੜਿੱਕਾ ਡਾਹੁਣ ਨੂੰ [illegible] ਨਜ਼ਾਇਜ ਆਖਿਆ। ਤੇਜਾ ਸਿੰਘ ਭੜਕ ਪਿਆ। ਦੋਵੇਂ ਬਹਿਸਣ ਲੱਗ [illegible] ਗਰਮੀ ਵਧ ਗਈ ਤੇ ਨੌਬਤ ਗਾਲ੍ਹਾਂ 'ਤੇ ਆ ਗਈ। ਤੇਜਾ ਸਿੰਘ ਵਿਆਹ [illegible] ਛੱਡ

ਕੇ ਵਾਪਸ ਘਰ ਆ ਗਿਆ ਕਿਉਂਕਿ ਉਸਦੇ ਸਾਲਿਆਂ ਨੇ ਤੇਜਾ ਸਿੰਘ ਦੀ ਵਧੀਕੀ ਸਮਝ ਕੇ ਆਪਣੇ ਛੋਟੇ ਜੀਜੇ ਦੀ ਤਰਫ਼ਦਾਰੀ ਕੀਤੀ ਸੀ। ਉਸਨੇ ਸਾਂਢੂ ਨਾਲ ਸਦਾ ਲਈ ਤੋੜ ਵਿਛੋੜਾ ਕਰਕੇ ਸਾਰੀ ਉਮਰ ਲਾਲ ਝੰਡੀ ਹੀ ਰੱਖੀ। ਆਕੜ ਕੇ ਮਰ ਜਾਣਾ ਦਲੀਆ ਨਹੀਂ ਖਾਣਾ।

ਉਹ ਜਿਸ ਨਾਲ ਵਰਤਦਾ ਸੀ ਦਿਲੋਂ ਤਨੋਂ-ਮਨੋਂ ਤੇ ਅੰਦਰੋਂ ਵਰਤਦਾ ਸੀ। ਜਿਸ ਨਾਲ ਉਹ ਕਿਸੇ ਗਲੇ ਵਿਗੜ ਜਾਂਦਾ ਇਸੇ ਤਰ੍ਹਾਂ ਤਨੋਂ-ਮਨੋਂ ਤੇ ਅੰਦਰੋਂ ਹੀ ਵਿਟਰ ਜਾਂਦਾ ਸੀ ਤੇ ਉਸਦੇ ਸਾਹਮਣੇ ਸੌਂਹ ਖਾ ਕੇ ਤੋੜ-ਵਿਛੋੜੇ ਦਾ ਐਲਾਨ ਕਰ ਦਿੰਦਾ ਸੀ ਤੇ ਬਾਕੀ ਦਾ ਸਮਾਂ ਉਸ ਐਲਾਨ ਉਪਰ ਪਹਿਰਾ ਦੇਂਦਾ ਸੀ। ਉਸਦੀ ਆਪਣੇ ਘਰਵਾਲੀ ਨਾਲ ਸਾਂਢੂ ਦੇ ਸਿਲਸਿਲੇ ਵਿਚ ਵਿਗੜ ਗਈ। ਤੇਜਾ ਸਿੰਘ ਦੀ ਸਿੰਘਣੀ ਆਪਣੀ ਭੈਣ ਨਾਲ ਮਿਲਣਾ ਚਾਹੁੰਦੀ ਸੀ ਪਰ ਤੇਜਾ ਸਿੰਘ ਉਸਦੇ ਦਰਸ਼ਨ ਕਰਕੇ ਰਾਜੀ ਨਹੀਂ ਸੀ। ਉਸਨੇ ਆਪਣੀ ਘਰਵਾਲੀ ਨੂੰ ਭੈਣ ਵੱਲ ਜਾਣ ਤੋਂ ਰੋਕਿਆ ਪਰ ਉਹ ਜਾਣ ਲਈ ਬਜ਼ਿਦ ਸੀ। ਉਹ ਭੈਣ ਵੱਲ ਚਲੀ ਗਈ ਜਦੋਂ ਤੇਜਾ ਸਿੰਘ ਨੂੰ ਪਤਾ ਲੱਗਾ ਤਾਂ ਉਹ ਬਹੁਤ ਨਰਾਜ਼ ਹੋਇਆ। ਉਸਨੇ ਆਪਣੇਂ ਵਿਆਹ ਦਾ ਦਾਜ ਟਰਾਲੀ ਵਿਚ ਪਾ ਕੇ ਆਪਣੇ ਸੌਹਰੇ ਛੱਡ ਆਇਆ ਕਿਉਂਕਿ ਘਰਵਾਲੀ ਬੱਚਿਆਂ ਨੂੰ ਨਾਲ ਲੈ ਕੇ ਗਈ ਸੀ। ਇਸ ਲਈ ਉਸਨੂੰ ਤਕਰੀਬਨ ਦੋ ਵਰ੍ਹੇ ਘਰ ਨਾ ਵੜਨ ਦਿੱਤਾ। ਆਪ ਔਖਾ ਹੋ ਕੇ ਮਾਂ ਦੀਆਂ ਪੱਕੀਆਂ ਖਾਂਦਾ ਰਿਹਾ ਪਰ ਪਿਉ ਦਾ ਪੁੱਤਰ ਘਰ ਵਾਲੀ ਨੂੰ ਨਾ ਲੈਣ ਗਿਆ। ਉਹ ਕਹਿੰਦਾ ਸੀ—"ਉਹ ਆਪੇ ਗਈ ਹੈ, ਆਪੇ ਵਾਪਸ ਆਵੇ, ਮੈਂ ਕਿਉਂ ਲੈਣ ਜਾਵਾਂ ?" ਆਖ਼ਰ ਘਰ ਵਾਲੀ ਸਿਆਣਪ ਕਰਕੇ ਜੂਝ ਗਈ ਤੇ ਬੱਚਿਆਂ ਨੂੰ ਲੈ ਕੇ ਆਪਣੇ ਘਰ ਪਰਤ ਆਈ। ਤੇਜਾ ਸਿੰਘ ਨੇ ਆਪਣਾ ਕਾਮਾ ਟਰੈਕਟਰ ਤੇ ਭੇਜ ਕੇ ਦਾਜ ਵਾਪਸ ਲੈ ਆਂਦਾ। ਘਰ ਦੋਬਾਰਾ ਵੱਸਣ ਲੱਗਾ।

ਹੁਣ ਉਸਦਾ ਆਪਣਾ ਲੜਕਾ ਵੀ ਵਿਆਹੁਣਯੋਗ ਹੋ ਗਿਆ ਸੀ। ਉਸ ਲੜਕੇ ਨੂੰ ਇਕ ਪਾਸਿਉਂ ਉਸਦਾ ਸਾਲਾ ਰਿਸ਼ਤਾ ਲਿਆ ਰਿਹਾ ਸੀ ਤੇ ਦੂਜੇ ਪਾਸਿਉਂ ਤੇਜਾ ਸਿੰਘ ਦਾ ਛੋਟਾ ਭਾਈ। ਉਹ ਭਰਾ ਵਾਲੇ ਰਿਸ਼ਤੇ ਨੂੰ ਤਰਜੀਹ ਦਿੰਦਾ ਸੀ। ਪਰ ਘਰਵਾਲੀ ਤੇ ਲੜਕਾ ਆਪਣੇ ਮਾਮੇ ਦੇ ਰਿਸ਼ਤੇ ਨੂੰ ਚੰਗਾ ਸਮਝਦੇ ਸਨ। ਰੇੜਕਾ ਵਧਦਾ ਵੇਖ ਕੇ ਤੇਜਾ ਸਿੰਘ ਦੇ ਭਰਾ ਨੇ ਹੀ ਤੇਜਾ ਸਿੰਘ ਦੇ ਸਾਲੇ ਦਾ ਰਿਸ਼ਤਾ ਪ੍ਰਵਾਨ ਕਰਨ ਲਈ ਆਖਿਆ। ਤੇਜਾ ਸਿੰਘ ਕਰ-ਕਰਾ ਕੇ ਮੰਨ ਗਿਆ। ਜਦੋਂ ਵਿਆਹ ਨੇੜੇ ਆਇਆ ਤਾਂ ਤੇਜਾ ਸਿੰਘ ਨੂੰ ਪਤਾ ਲੱਗਾ ਕਿ ਲੜਕੀ ਉਸਦੇ ਸਾਂਢੂ ਦੀ ਭੈਣ ਦੀ ਲੜਕੀ ਹੈ। ਉਹ ਫਿਰ ਵਿਟਰ ਬੈਠਾ। ਤੇਜਾ ਸਿੰਘ ਨੇ ਸ਼ਰਤ ਰੱਖ ਦਿੱਤੀ ਕਿ ਉਸਦਾ ਸਾਂਢੂ ਵਿਆਹ ਵਿਚ ਨਹੀਂ ਹੋਣਾ ਚਾਹੀਦਾ। ਗੱਲ ਟੁੱਟਦੀ ਵੇਖ ਕੇ ਸਾਂਢੂ ਦੀ ਭੈਣ ਨੇ ਆਪਣੇ ਸਕੇ ਭਰਾ ਨੂੰ ਵਿਆਹ ਵਿਚ ਨਾ ਬੁਲਾਇਆ। ਵਿਆਹ ਹੋ ਗਿਆ। ਉਸਦੇ ਸਾਂਢੂ ਨੂੰ ਤੇਜਾ ਸਿੰਘ ਦੇ ਸੁਭਾਅ ਦਾ ਪਤਾ ਸੀ, ਇਸ ਲਈ ਉਹ ਆਪਣੀ ਭੈਣ ਦੀ ਮਜਬੂਰੀ ਸਮਝ ਕੇ ਉਸ ਨਾਲ ਨਰਾਜ਼ ਨਾ ਹੋਇਆ।

ਉਸਦੇ ਘਰ ਵੀ ਉਸਦਾ ਸਖ਼ਤ ਪਹਿਰਾ ਸੀ। ਆਪਣੀ ਮਰਜ਼ੀ ਤੋਂ ਬਗ਼ੈਰ ਉਹ ਮੱਖੀ

ਵੀ ਭਿਣਕਣ ਨਹੀਂ ਦੇਂਦਾ। ਉਹ ਆਪ ਨਾ ਵਧੇਰੇ ਹੱਸਦਾ ਸੀ ਤੇ ਨਾ ਹੀ ਉੱਚੀ-ਉੱਚੀ ਆਪਣੇ ਘਰ ਵਿਚ ਕਿਸੇ ਨੂੰ ਹੱਸਣ ਦੇਂਦਾ ਸੀ। ਉਹ ਘਰਵਾਲੀ ਤੇ ਮੁੰਡੇ-ਕੁੜੀ ਨੂੰ ਹਰਦਮ ਨੋਕਾ-ਟੋਕੀ ਕਰਦਾ ਰਹਿੰਦਾ ਤੇ ਹਰ ਚੀਜ਼ ਬਾਰੇ ਆਪਣੀ ਨਸੀਹਤ ਦੇਣੀ ਜ਼ਰੂਰੀ ਸਮਝਦਾ। ਉਸਦੇ ਘਰ ਵਾਲੇ ਉਸਦੀਆਂ ਨਸੀਹਤਾਂ ਤੋਂ ਤੰਗ ਸਨ। ਉਹ ਕੋਸ਼ਿਸ਼ ਕਰਦੇ ਕਿ ਉਸਨੂੰ ਵੇਖ ਕੇ ਖੱਬੇ-ਸੱਜੇ ਹੋ ਜਾਣ ਪਰ ਕਈ ਵਾਰ ਉਹਦੇ ਕਾਬੂ ਆ ਹੀ ਜਾਂਦੇ ਸਨ। ਉਹ ਹਰ ਗੱਲ ਨੂੰ ਬਹਿਸ ਵਿਚ ਪਾਉਣਾ ਚਾਹੁੰਦਾ ਸੀ ਤੇ ਜਦੋਂ ਅਗਲਾ ਬਹਿਸ ਤੋਂ ਬਚਣ ਲਈ ਕੰਨੀਂ ਖਸਕਾਉਂਦਾ ਤਾਂ ਉਹ ਗ਼ੁੱਸਾ ਕਰ ਜਾਂਦਾ। ਉਹ ਆਪਣੇ ਵੱਲ ਸੌ ਪ੍ਰਤੀਸ਼ਤ ਤਵੱਜੋ ਦੀ ਤਵੱਕੋ ਰੱਖਦਾ ਸੀ। ਜੇ ਕੋਈ ਉਸਦੀ ਗੱਲ ਸੁਣਨ ਵੇਲੇ ਇਧਰ-ਉਧਰ ਝਾਕਦਾ ਤਾਂ ਉਸਨੂੰ ਇਹ ਕੋਤਾਹੀ ਬੁਰੀ ਲੱਗਦੀ। ਉਸਦੇ ਘਰ ਵਾਲੇ ਇੰਜ ਉਸ ਅੱਗੇ ਖਲੋਤੇ ਰਹਿੰਦੇ ਜਿਵੇਂ ਉਸਨੂੰ ਸੁਣ ਰਹੇ ਹੋਣ ਪਰ ਦਰਅਸਲ ਉਹ ਖ਼ਾਲੀ ਹਾਜ਼ਰੀ ਹੀ ਦੇ ਰਹੇ ਹੁੰਦੇ ਸਨ। ਉਨ੍ਹਾਂ ਦਾ ਧਿਆਨ ਉਸ ਦੀਆਂ 'ਨਸੀਹਤਾਂ' ਵੱਲ ਨਹੀਂ ਹੁੰਦਾ ਸੀ। ਉਹ ਇਸ ਤਰ੍ਹਾਂ ਵਿਖਾਵਾ ਕਰਕੇ ਡੰਗ ਟਪਾਈ ਕਰ ਰਹੇ ਸਨ। ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਵਣਗੇ। ਪਰ ਕਹਿੰਦੇ ਨੇ ਬਾਰੀਂ ਸਾਲੀਂ ਰੂੜੀ ਦੀ ਵੀ ਸੁਣੀ ਜਾਂਦੀ ਐ, ਓੜਕ ਜਦੋਂ ਤੇਜਾ ਸਿੰਘ ਪੂਰਾ ਹੋਇਆ ਤਾਂ ਘਰ ਵਾਲੇ ਮਗਰਮੱਛ ਦੇ ਅੱਥਰੂ ਕੇਰ ਰਹੇ ਸਨ।

ਤੇਜਾ ਸਿੰਘ ਦੀ ਲੜਕੀ ਵੀ ਜਵਾਨ ਹੋ ਗਈ ਸੀ। ਉਹ ਐੱਮ.ਐੱਸ.ਸੀ. ਕਰ ਰਹੀ ਸੀ। ਉਸਦੀ ਅਟੀ-ਸਟੀ ਕਿਸੇ ਜਮਾਤੀ ਨਾਲ ਲੱਗ ਗਈ। ਮੁੰਡਾ ਕਿਸੇ ਹੋਰ ਬਰਾਦਰੀ ਦਾ ਸੀ। ਜਦੋਂ ਤੇਜਾ ਸਿੰਘ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਤਿਲਮਿਲਾਇਆ। ਉਸਨੇ ਵਿਆਹ ਉੱਤੇ ਕਾਟਾ ਫੇਰ ਦਿੱਤਾ। ਉਸਦੀ ਲੜਕੀ ਨੂੰ ਆਪਣੇ ਬਾਪ ਦੇ ਅੜਬੰਗ ਸੁਭਾਅ ਦੀ ਪੂਰੀ ਜਾਣਕਾਰੀ ਸੀ, ਇਸ ਲਈ ਉਸਨੇ ਅਦਾਲਤੀ ਵਿਆਹ ਕਰਵਾ ਕੇ ਕੰਮ ਮੁਕਾਇਆ ਜਦੋਂ ਤੇਜਾ ਸਿੰਘ ਨੂੰ ਇਸ 'ਦੁਰਘਟਨਾ' ਦਾ ਪਤਾ ਲੱਗਾ ਤਾਂ ਉਸਨੇ ਕਹਿ ਦਿੱਤਾ—"ਇਹ ਕੁੜੀ ਸਾਰੀ ਉਮਰ ਮੇਰੀਆਂ ਬਰੂਹਾਂ ਨਹੀਂ ਟੱਪੇਗੀ।" ਭਾਵੇਂ ਤੇਜਾ ਸਿੰਘ ਦੀ ਘਰਵਾਲੀ ਨੇ ਮੁੰਡੇ ਦੇ ਗੁਣ ਦੱਸ ਕੇ ਉਸਦੀ ਸੁੰਦਰਤਾ ਤੇ ਸੁਭਾਅ ਦਾ ਜ਼ਿਕਰ ਕਰਕੇ ਤੇਜਾ ਸਿੰਘ ਨੂੰ ਮਨਾਉਣਾ ਚਾਹਿਆ ਪਰ ਉਹ ਤਾਂ ਕੁੱਤੇ ਦਾ ਹੱਡ ਸੀ। ਉਸਨੇ ਆਪਣੇ ਘਰਵਾਲੀ ਨੂੰ ਝਾੜ ਕੇ ਬਿਠਾ ਦਿੱਤਾ।

ਇਕ ਵਾਰੀ ਉਸਦੀ ਘਰਵਾਲੀ ਸਖ਼ਤ ਬਿਮਾਰ ਹੋ ਗਈ। ਉਸਨੂੰ ਓੜਕ ਹਸਪਤਾਲ ਦਾਖਲ ਕਰਾਉਣਾ ਪਿਆ। ਤੇਜਾ ਸਿੰਘ ਨੇ ਚੰਗੇ ਤੋਂ ਚੰਗੇ ਡਾਕਟਰਾਂ ਦੀ ਰਾਏ ਲੈ ਕੇ ਘਰ ਵਾਲੀ ਨੂੰ ਜਲਦੀ ਠੀਕ ਕਰਨ ਦੀ ਕੋਸ਼ਿਸ਼ ਕੀਤੀ। ਆਪਣੀ ਮਾਂ ਨੂੰ ਬਿਮਾਰ ਸੁਣ ਕੇ ਤੇਜਾ ਸਿੰਘ ਦੇ ਧੀਆਂ ਤੇ ਜਵਾਈ ਹਸਪਤਾਲ ਆਏ। ਉਸ ਵਕਤ ਤੇਜਾ ਸਿੰਘ ਘਰੋਂ ਰੋਟੀ ਲੈਣ ਗਿਆ ਹੋਇਆ ਸੀ। ਉਹ ਆ ਕੇ ਮਾਂ ਨਾਲ ਦੁੱਖ ਸੁਖ ਫੋਲਣ ਲੱਗੇ। ਏਨੇ ਨੂੰ ਤੇਜਾ ਸਿੰਘ ਆ ਟਪਕਿਆ। ਉਸਨੇ ਆਉਂਦਿਆਂ ਹੀ ਤਲਖੀ ਵਿਚ ਆਉਣਾ ਸ਼ੁਰੂ ਕਰ ਦਿੱਤਾ। ਉਸਨੇ ਗ਼ੁੱਸੇ ਵਿਚ ਆ ਕੇ ਆਪਣੀ ਧੀ ਤੇ ਜਵਾਈ ਨੂੰ ਮੋਟੀਆਂ-ਮੋਟੀਆਂ ਗਾਲ੍ਹਾਂ ਕੱਢੀਆਂ। ਉਹ

ਕੁਝ ਚਿਰ ਤਾਂ ਚੁੱਪ ਰਹੇ ਪਰ ਉਸਦਾ ਚੜ੍ਹਦਾ ਪਾਰਾ ਵੇਖ ਕੇ ਉਨ੍ਹਾਂ ਨੇ ਉਥੋਂ ਜਾਣਾ ਹੀ ਠੀਕ ਸਮਝਿਆ। ਉਹ ਰੋਂਦੇ-ਰੋਂਦੇ ਬਾਹਰ ਨਿਕਲ ਗਏ।

ਇਸੇ ਤਰ੍ਹਾਂ ਇਕ ਦਿਨ ਉਸਦਾ ਸਾਂਢੂ ਵੀ ਆਪਣੀ ਸਾਲੀ ਦਾ ਹਾਲਚਾਲ ਪੁੱਛਣ ਹਸਪਤਾਲ ਆਇਆ। ਦੋਹਾਂ ਜੀਆਂ ਨੂੰ ਆਉਂਦਿਆਂ ਵੇਖ ਕੇ ਉਹ ਲੋਹਾ-ਲਾਖਾ ਹੋ ਗਿਆ। ਉਸਦੀ ਘਰਵਾਲੀ ਉਸਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੀ ਸੀ ਪਰ ਉਹ ਆਪਣੇ ਆਪ ਤੋਂ ਬਾਹਰ ਹੋ ਕੇ ਆਖਣ ਲੱਗਾ—"ਕੁੱਤਿਓ ਗੂੰਹ ਖਾਣ ਆਏ ਜੇ ਏਥੇ। ਅੱਗੇ ਨਹੀਂ ਪਿੱਛੇ ਨਹੀਂ, ਹੁਣ ਤੁਹਾਨੂੰ ਸਾਡੇ ਘਰ ਦਾ ਚੇਤਾ ਕਿੱਦਾਂ ਆ ਗਿਆ ? ਕਿਉਂ ਸਾਡੇ ਜ਼ਖ਼ਮਾਂ 'ਤੇ ਲੂਣ ਛਿੜਕਣ ਆਉਂਦੇ ਜੇ ? ਬਿਹਤਰ ਹੈ ਕਿ ਏਥੋਂ ਚਲੇ ਜਾਓ, ਅਸੀਂ ਤਾਂ ਅੱਗੇ ਹੀ ਬੜੇ ਦੁਖੀ ਹਾਂ, ਸਾਨੂੰ ਹੋਰ ਦੁਖੀ ਨਾ ਕਰੋ।" ਇਹ ਖਾੜਕੂ ਭਾਸ਼ਣ ਸੁਣ ਕੇ ਦੋਵੇਂ ਜੀਅ ਹਸਪਤਾਲੋਂ ਮਿੰਟੋ-ਮਿੰਟੀ ਬਾਹਰ ਨਿਕਲ ਗਏ। ਤੇਜਾ ਸਿੰਘ ਦੇ ਘਰਵਾਲੀ ਰੋਂਦੀ ਹੋਈ ਮਜਬੂਰ ਹੋ ਕੇ ਬੈਠ ਗਈ। ਉਸਦਾ ਹਿਰਦਾ ਗ਼ੁੱਸੇ ਤੇ ਗ਼ਮ ਨਾਲ ਫਟ ਰਿਹਾ ਸੀ। ਉਹ ਆਪਣੇ ਘਰਵਾਲੇ ਦੇ ਵਹਿਸ਼ੀਆਨਾ ਵਰਤਾਵੇ 'ਤੇ ਝੂਰ ਰਹੀ ਸੀ। ਏਸੇ ਤਰ੍ਹਾਂ ਵਿਚਾਰੀ ਘਰਵਾਲੇ ਦੀਆਂ ਫਿਟਕਾਂ ਝਿੜਕਾਂ ਖਾਂਦੀ, ਅੰਦਰੋ ਅੰਦਰੀ ਖੁਰ-ਖੁਰ ਕੇ ਅਕਾਲ ਪੁਰਖ ਦੇ ਚਰਨੀਂ ਜਾ ਬਿਰਾਜੀ।

ਤੇਜਾ ਸਿੰਘ ਜਦੋਂ ਪੂਰਾ ਹੋਇਆ ਤਾਂ ਬੜੀ ਦੁਨੀਆ ਉਸ ਨਾਲ ਨਰਾਜ਼ ਸੀ ਤੇ ਬੜੀ ਦੁਨੀਆ ਉਸਦੀ ਤਰਫ਼ਦਾਰੀ ਕਰ ਰਹੀ ਸੀ। ਸਸਕਾਰ ਵੇਲੇ ਲੋਕ ਹੁੰਮ-ਹੁੰਮਾ ਕੇ ਅਫ਼ਸੋਸ ਕਰਨ ਆਏ ਸਨ। ਉਨ੍ਹਾਂ ਵਿਚ ਉਸਦੀ ਲੜਕੀ ਤੇ ਜੁਆਈ ਵੀ ਹਾਜ਼ਰ ਸਨ। ਉਸਦਾ ਸਾਂਢੂ ਤੇ ਸਾਲੀ ਵੀ ਹਾਜ਼ਰ ਸਨ। ਉਹ ਤੇਜਾ ਸਿੰਘ ਤੋਂ ਏਨਾ ਡਰੇ ਹੋਏ ਸਨ ਕਿ ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਨੂੰ ਵੇਖ ਕੇ ਤੇਜਾ ਸਿੰਘ ਜਨਾਜ਼ੇ ਵਾਲੇ ਫੱਟੇ ਤੋਂ ਉੱਠ ਕੇ ਉਨ੍ਹਾਂ ਦੇ ਗਲ ਨਾ ਪੈ ਜਾਵੇ। ਉਹ ਇਸ ਲਈ ਪਿੱਛੇ ਹੀ ਖੜੇ ਰਹੇ ਤੇ ਉਨ੍ਹਾਂ ਨੇ ਤੇਜਾ ਸਿੰਘ ਦੇ ਅੰਤਮ ਦਰਸ਼ਨ ਦੂਰੋਂ ਹੀ ਕਰਕੇ ਵੇਲਾ ਸਾਰ ਲਿਆ। ਉਸਦੀ ਧੀ ਮਾਂ ਦੇ ਗਲ ਲੱਗ ਕੇ ਰੋਈ ਜਾ ਰਹੀ ਸੀ। ਤੇਜਾ ਸਿੰਘ ਦੇ ਚਿਹਰੇ 'ਤੇ ਅਜੇ ਵੀ ਤਲਖੀ ਭਾਸਦੀ ਸੀ। ਮਾਨੋ ਉਹ ਧਰਮ ਰਾਜ ਨਾਲ ਜਾ ਕੇ ਇੱਟ ਖੜਿੱਕਾ ਲਾਈ ਬੈਠਾ ਸੀ।

# ਜਗੀਰਾ ਜਾਲ

ਉਹ ਭਾਵੇਂ ਚਿੱਟਾ ਅਨਪੜ੍ਹ ਸੀ ਪਰ ਉਸ ਵਿਚ ਪੜ੍ਹਿਆਂ-ਲਿਖਿਆਂ ਨਾਲੋਂ ਵਧੇਰੇ ਚੁਸਤੀ ਤੇ ਚਲਾਕੀ ਸੀ। ਪਿੰਡ ਦੇ ਪੜ੍ਹਿਆਂ-ਲਿਖਿਆਂ ਮਾਸਟਰਾਂ ਤੇ ਹੋਰ ਮੁਲਾਜ਼ਮਾਂ ਨੂੰ ਉਹ ਬੜੇ ਫ਼ਖ਼ਰ ਨਾਲ ਆਖਦਾ—"ਮੇਰੇ ਪਿਉ ਨੇ ਸਭ ਤੋਂ ਚੰਗੀ ਗੱਲ ਇਹ ਕੀਤੀ ਆ ਕਿ ਉਸਨੇ ਮੈਨੂੰ ਪੜ੍ਹਾਇਆ ਨਹੀਂ। ਨਹੀਂ ਤਾਂ ਮੈਂ ਵੀ ਤੁਹਾਡੇ ਵਾਂਗ ਕਿਧਰੇ ਮਾਸਟਰ ਜਾਂ ਕੰਡਕਟਰ ਲੱਗਾ ਹੋਣਾ ਸੀ ਤੇ ਭੁੱਖੇ ਮਰਨਾ ਸੀ। ਵਾਹੀ ਖੇਤੀ ਕਰਦੇ ਆਂ ਤੇ ਐਸ਼ ਕਰਦੇ ਆਂ। ਤੁਹਾਡੇ ਕੋਲ ਤੇ ਦਸ ਤਰੀਕ ਬਾਅਦ ਪੈਸੇ ਨਹੀਂ ਹੁੰਦੇ, ਐਸ਼ ਤੁਸੀਂ ਆਪਣੀ ਮਾਂ ਸਿਰ ਕਰਨੀ ਐ।" ਉਸਦਾ ਇਹ ਕਥਨ ਸੁਣ ਕੇ ਸਭ ਹੱਸਣ ਲੱਗ ਪੈਂਦੇ ਕਿਉਂਕਿ ਉਨ੍ਹਾਂ ਨੂੰ ਜਗੀਰੇ ਦੇ ਕਥਨ ਵਿਚ ਸੱਚਾਈ ਭਾਸਦੀ ਸੀ। ਇਹ ਕੌੜਾ ਸੱਚ ਸੀ। ਉਸ ਵਕਤ ਮਾਸਟਰਾਂ ਦੀ ਤਨਖਾਹ ਬਹੁਤ ਨਿਗੂਣੀ ਸੀ।

ਉਹ ਪਿੰਡ ਵਿਚ ਖਾਂਦੇ-ਪੀਂਦੇ ਘਰ ਨਾਲ ਸੰਬੰਧ ਰੱਖਦਾ ਸੀ। ਭਾਵੇਂ ਉਹ ਕਦੀ ਪੰਚ, ਸਰਪੰਚ ਜਾਂ ਨੰਬਰਦਾਰ ਨਹੀਂ ਸੀ ਰਿਹਾ। ਪਰ ਉਸ ਤੋਂ ਬਿਨਾਂ ਕੋਈ ਵੀ ਪੰਚ ਸਰਪੰਚ ਆਪਣੇ-ਆਪ ਨੂੰ ਅਧੂਰਾ ਸਮਝਦਾ ਸੀ। ਉਹ ਜਮਾਂਦਰੂ ਹੀ ਸਿਆਸੀ ਸੁਭਾਅ ਵਾਲਾ ਸੀ। ਸਿਆਸੀ ਦਾਅ ਪੇਚ ਉਸ ਨੂੰ ਸ਼ੁਰੂ ਤੋਂ ਹੀ ਆਉਂਦੇ ਸਨ ਤੇ ਲੋਕਾਂ ਦੇ ਮਨੋਵਿਗਿਆਨਕ ਉਪਰ ਉਸਦੀ ਕੁਦਰਤ ਪਕੜ ਸੀ। ਉਸਦੇ ਵਿਰੋਧੀ ਪਿੰਡ ਦੇ ਪੜ੍ਹੇ-ਲਿਖੇ ਲੋਕ ਵੀ ਸਨ ਪਰ ਸਿਆਸਤ ਵਿਚ ਉਹ ਜਗੀਰੇ ਕੋਲੋਂ ਬੁਰੀ ਤਰ੍ਹਾਂ ਸ਼ਿਕਸਤ ਖਾਂਦੇ ਸਨ ਤੇ ਉਸਦਾ ਲੋਹਾ ਮੰਨਦੇ ਸਨ। ਪੱਕਾ ਗੁਰੂ ਘੰਟਾਲ ਸੀ ਉਹ।

ਉਹ ਆਪਣੀ ਧੁਨ ਦਾ ਪੱਕਾ ਸੀ। ਉਹ ਜਿਸ ਕੰਮ ਨੂੰ ਹੱਥ ਪਾਉਂਦਾ ਉਹ ਨੇਪਰੇ ਚਾੜ੍ਹਨ ਦੀ ਹਿੰਮਤ ਰੱਖਦਾ ਸੀ। ਉਸਦੇ ਵਿਰੋਧੀ ਕਿਆਸ ਅਰਾਈਆਂ ਲਗਾਉਂਦੇ ਰਹਿ ਜਾਂਦੇ। ਪਰ ਉਹ ਉਨ੍ਹਾਂ ਨੂੰ ਝਕਾਨੀ ਦੇ ਕੇ ਉਨ੍ਹਾਂ ਨੂੰ ਪਿਛਾੜਨ ਵਿਚ ਕਾਮਯਾਬ ਹੋ ਜਾਂਦਾ। ਉਹ ਹੱਥ ਮਲਦੇ ਹੀ ਰਹਿ ਜਾਂਦੇ। ਉਹ ਕਈ ਵਾਰ ਕਹਿੰਦਾ—"ਪੜ੍ਹੇ ਲਿਖੇ ਸਭ ਬੇਵਕੂਫ਼ ਹੁੰਦੇ ਨੇ। ਨਾ ਕਿਸੇ ਕੰਮ ਦੇ, ਨਾ ਕਿਸੇ ਕਾਰ ਦੇ। ਬਹਿਸ ਇਨ੍ਹਾਂ ਕੋਲੋਂ ਜਿੰਨੀ ਮਰਜ਼ੀ ਸੁਣ ਲਵੋ। ਜ਼ਬਾਨੀ ਜਵਾਂ ਖ਼ਰਚ ਭਾਵੇਂ ਜਿੰਨਾ ਮਰਜ਼ੀ ਕਰਵਾ ਲਉ, ਪਰ ਇਹ ਕਿਸੇ ਦੇ ਕੰਮ ਨਹੀਂ ਆ ਸਕਦੇ। ਇਹ ਟਕੇ ਦੇ ਬੰਦੇ ਨਹੀਂ।" ਉਸਨੇ ਇਕ ਵਾਰੀ ਧਾਰ ਲਿਆ ਕਿ ਆਪਣੇ ਕਿਸੇ ਕਾਮੇ ਨੂੰ ਸਰਪੰਚ ਬਣਾਉਣਾ ਏ। ਉਹ ਕਾਮਾ ਇਕ ਅਨਪੜ੍ਹ ਤੇ ਸਾਧਾਰਨ ਵਿਅਕਤੀ ਸੀ ਪਰ ਕਿਉਂਕਿ ਜਗੀਰਾ ਉਸਦੇ ਨਾਲ ਸੀ ਤੇ ਰੀਜ਼ਰਵ ਸੀਟ ਹੋਣ ਕਰਕੇ ਉਹ ਸਾਰੇ ਜ਼ਿਮੀਂਦਾਰਾਂ ਨੂੰ ਵੀ ਨਾਲ

ਲੈ ਕੇ ਉਸਨੂੰ ਜਿਤਾਉਣ ਵਿਚ ਕਾਮਯਾਬ ਹੋ ਗਿਆ। ਆਮ ਲੋਕਾਂ ਲਈ ਇਹ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਸੁਣਿਆ ਸੀ ਕਿ ਸੰਤ ਫਤਿਹ ਸਿੰਘ ਨੇ ਆਪਣੇ ਡਰਾਈਵਰ ਕਿੱਕਰ ਸਿੰਘ ਨੂੰ ਸਾਂਸਦ ਬਣਾਇਆ ਸੀ। ਜਗੀਰੇ ਜਾਲ ਨੇ ਇਕ ਹੋਰ ਕਿੱਕਰ ਸਿੰਘ ਨੂੰ ਜਨਮ ਦਿੱਤਾ ਸੀ। ਵਾਹ ਜਗੀਰਿਆ।

ਉਸਦੀ ਜ਼ਬਾਨ ਵਲ ਖਾਂਦੀ ਸੀ ਤੇ ਕਈ ਵਾਰ ਉਸਦੀ ਗਰਾਰੀ ਕਿੰਨਾ ਚਿਰ ਅੜੀ ਰਹਿੰਦੀ। ਉਸਦੀ ਜ਼ਬਾਨ ਵਿਚ ਨੁਕਸ ਸੀ ਇਸ ਲਈ ਉਸ ਨੂੰ ਕਈ ਅੱਖਰ ਉਚਾਰਣ ਵਾਸਤੇ ਰੁਕਣਾ ਪੈਂਦਾ ਸੀ। ਉਹ ਹੌਲੀ-ਹੌਲੀ ਹਰ ਬੰਦੇ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਾਉਣ ਦੀ ਹੈਸੀਅਤ ਰੱਖਦਾ ਸੀ। ਉਹ ਆਪਣੇ ਵਿਰੋਧੀਆਂ ਨੂੰ ਹੌਲੀ-ਹੌਲੀ ਆਪਣੇ ਵਿਚਾਰਾਂ ਨਾਲ ਸਹਿਮਤ ਕਰਾ ਲੈਂਦਾ ਤੇ ਵਲੇਟ ਵਲਾਟ ਕੇ ਆਪਣੇ ਜਾਲ ਵਿਚ ਫਸਾ ਲੈਂਦਾ। ਇਸ ਲਈ ਸਾਰੇ ਪਿੰਡ ਵਾਲੇ ਉਸ ਨੂੰ ਜਗੀਰਾ ਜਾਲ ਆਖਦੇ ਸਨ। ਸਾਧਾਰਨ ਲੋਕਾਂ ਦਾ ਉਸਦੇ ਜਾਲ ਜਾਂ ਪਕੜ ਵਿਚੋਂ ਨਿਕਲਣਾ ਕਠਿਨ ਸੀ। ਉਹ ਅਜਗਰ ਸੱਪ ਵਾਂਗ ਆਪਣੇ ਵਿਰੋਧੀ ਨੂੰ ਘੇਰਨ ਦੀ ਅਦੁੱਤੀ ਸਮਰੱਥਾ ਰੱਖਦਾ ਸੀ।

ਉਹ ਜਦੋਂ ਗੱਲ ਕਰਦਾ ਸੀ ਤਾਂ ਸੁਣਨ ਵਾਲੇ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸੀ ਆਉਂਦੀ। ਉਸ ਨੂੰ ਪਤਾ ਸੀ ਕਿ ਉਸਦੀ ਜ਼ਬਾਨ ਵਿਚ ਨੁਕਸ ਕਰਕੇ ਲੋਕ ਉਸਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ। ਇਸ ਲਈ ਉਹ ਨਿਝੱਕ ਹੋ ਕੇ ਆਖ ਦਿੰਦਾ—"ਐਵੇਂ ਸ਼ਰਮਾਈ ਨਾ, ਜੇ ਤੈਨੂੰ ਸਮਝ ਨਹੀਂ ਆਈ ਤਾਂ ਮੈਂ ਦੁਬਾਰਾ ਗੱਲ ਕਰ ਦੇਨਾ ਵਾਂ।" ਪਰ ਲੋਕੀ ਉਸਦਾ ਦਿਲ ਰੱਖਣ ਲਈ ਕਹਿੰਦੇ—"ਨਹੀਂ ਸਰਦਾਰ ਜੀ, ਸਾਨੂੰ ਸਾਰੀ ਗੱਲ ਸਮਝ ਆ ਗਈ ਐ। ਦੋਬਾਰਾ ਲੋੜ ਨਹੀਂ।" ਇਸ ਤਰ੍ਹਾਂ ਕਰਨ ਨਾਲ ਉਹ ਆਪਣੀ ਗੱਲ ਤੇ ਸੁਣਨ ਵਾਲੇ ਦੀ ਮੋਹਰ ਲਗਵਾ ਲੈਂਦਾ। ਇਹ ਉਸਦਾ ਕੁਦਰਤੀ ਹੁਨਰ ਸੀ। ਇਕ ਵਾਰੀ ਪਿੰਡ ਵਿਚ ਇਕ ਸਰਕਾਰੀ ਅਫ਼ਸਰ ਆਇਆ। ਜਗੀਰੇ ਵਲੇਟ ਨੇ ਵੀ ਆਪਣੀ ਸ਼ਿਕਾਇਤ ਉਸ ਕੋਲੋਂ ਸੁਣਾਈ। ਅਫ਼ਸਰ ਨੂੰ ਉਸਦੀ ਗੱਲ ਬਿਲਕੁਲ ਸਮਝ ਨਾ ਆਈ। ਉਹ ਕੋਈ ਸ਼ਹਿਰੀ ਅਫ਼ਸਰ ਸੀ। ਉਸਨੇ ਸਰਪੰਚ ਨੂੰ ਆਖਿਆ—"ਇਹ ਕੀ ਕਹਿੰਦਾ ਏ ? ਮੇਰੀ ਤਾਂ ਸਮਝ ਵਿਚ ਕੁਝ ਨਹੀਂ ਪਿਆ। ਇਹ ਬੋਲ਼ਦਾ ਕਿਸ ਤਰ੍ਹਾਂ ਏ ?" ਜਦੋਂ ਸਰਪੰਚ ਨੇ ਜਗੀਰੇ ਦੀ ਵਾਰਤਾਲਾਪ ਦਾ ਤਰਜਮਾ ਸਰਕਾਰੀ ਅਫ਼ਸਰ ਪਾਸ ਕੀਤਾ ਤਾਂ ਉਹ ਬਹੁਤ ਖ਼ੁਸ਼ ਹੋਇਆ ਤੇ ਜਗੀਰੇ ਨੂੰ ਥਾਪੀ ਦੇ ਕੇ ਕਹਿਣ ਲੱਗਾ—"ਮੁਆਫ਼ ਕਰਨਾ, ਮੈਂ ਤੁਹਾਨੂੰ ਸਮਝ ਨਹੀਂ ਸਕਿਆ। ਤੁਸੀਂ ਤਾਂ ਕਮਾਲ ਦੇ ਆਦਮੀ ਓ।"

ਜਗੀਰੇ ਜਾਲੇ ਦੀ ਸ਼ਖ਼ਸੀਅਤ ਦੇ ਕਈ ਪੱਖ ਸਨ। ਉਹ ਭਾਵੇਂ ਵੇਖਣ ਵਿਚ ਸਾਧਾਰਨ ਤੇ ਸਾਊ ਲੱਗਦਾ ਸੀ ਪਰ ਉਹ ਜ਼ਨਾਨੀਆਂ ਦਾ ਬਹੁਤ ਸ਼ੌਕੀਨ ਸੀ। ਉਸਦਾ ਰੰਗ ਗੋਰਾ ਤੇ ਨੈਣ ਨਕਸ਼ ਦਿਲ ਖਿਚਵੇਂ ਸਨ। ਉਹ ਹਮੇਸ਼ਾ ਕੋਈ ਨਾ ਕੋਈ ਖ਼ੁਸ਼ਬੂ ਜਾਂ ਅਤਰ ਫੁਲੇਲ ਲਗਾ ਕੇ ਰੱਖਦਾ ਸੀ। ਉਹ ਸਾਫ਼ ਸੁਥਰੀ ਪੋਸ਼ਾਕ ਪਹਿਨਦਾ ਸੀ ਅਤੇ ਮੁੱਛਾਂ ਨੂੰ ਹਮੇਸ਼ਾ ਤਾਓ ਦੇ ਕੇ ਰੱਖਦਾ ਸੀ। ਉਸਦੀ ਇਹ ਦਿੱਖ ਜ਼ਨਾਨੀਆਂ ਦੇ ਦਿਲ ਚੀਰ ਜਾਂਦੀ ਸੀ ਤੇ ਉਸਦੀ ਮੁਸਕਾਣ ਰਹਿੰਦੀ ਖੂੰਹਦੀ ਕਸਰ ਕੱਢ ਲੈਂਦੀ ਸੀ। ਉਹ ਭੌਰਿਆਂ ਵਾਂਗ ਜਗੀਰੇ ਨਾਲ ਗੁੱਝੀਆਂ

ਮੁਲਾਕਾਤਾਂ ਕਰਦੀਆਂ। ਕਈ ਮਰਦ ਉੱਚੀ ਨੀਵੀਂ ਬੋਲਦੇ ਪਰ ਜਗੀਰੇ ਦੀ ਸ਼ਖ਼ਸੀਅਤ ਹੀ ਇੰਨੀ ਭਾਰੂ ਸੀ ਕਿ ਕਿਸੇ ਦਾ ਵੀ ਉਸ ਵਿਰੁੱਧ ਬੋਲਣ ਦੀ ਜੁਰਅਤ ਨਾ ਪੈਂਦੀ। ਉਹ ਕੱਚੀ ਛੇੜ ਨਹੀਂ ਸੀ ਛੇੜਨਾ ਚਾਹੁੰਦੇ।

ਉਸਦੇ ਪੀੜ੍ਹੀ-ਦਰ-ਪੀੜ੍ਹੀ ਪਿੰਡ ਦੀਆਂ ਔਰਤਾਂ ਨਾਲ ਸੰਬੰਧ ਸਨ। ਪਹਿਲਾਂ ਕੋਈ ਔਰਤ ਉਸਦੀ ਚਹੇਤੀ ਰਹੀ ਸੀ। ਫਿਰ ਉਸਦੀ ਧੀ ਜਾਂ ਨੂੰਹ ਨਾਲ ਉਸਦੇ ਸੰਬੰਧ ਵੀ ਸੁਖਾਵੇਂ ਸਨ। ਜਗੀਰਾ ਇਹ ਕੰਮ ਬੜੀ ਹੁਸ਼ਿਆਰੀ ਨਾਲ ਕਰਦਾ। ਉਸਨੂੰ ਹਰੇਕ ਉਮਰ ਦੇ ਬੰਦੇ ਨਾਲ ਵਰਤਣ ਤੇ ਸਿੱਜਣ ਦੀ ਕੁਦਰਤੀ ਕਲਾ ਸੀ। ਕਿਸੇ ਨੂੰ ਸ਼ੱਕ ਸ਼ੁਭਾ ਨਹੀਂ ਸੀ ਕਿ ਉਸਦਾ ਅਸਲੀ ਚਿਹਰਾ ਕੋਈ ਹੋਰ ਵੀ ਹੋ ਸਕਦਾ ਹੈ। ਇਥੋਂ ਤਕ ਕਿ ਜਦੋਂ ਉਹ ਬੁੱਢਾ ਹੋ ਗਿਆ ਤਾਂ ਉਸਦਾ ਇਹ ਠਰਕ ਮੱਧਮ ਨਾ ਹੋਇਆ। ਉਸਨੇ ਆਪਣੀਆਂ ਚਹੇਤੀਆਂ ਦੇ ਪੋਤਰਿਆਂ ਤੇ ਉਨ੍ਹਾਂ ਦੀਆਂ ਪਤਨੀਆਂ ਨਾਲ ਵੀ ਸੰਬੰਧ ਵਧਾਉਣ ਤੋਂ ਗੁਰੇਜ਼ ਨਾ ਕੀਤਾ। ਪਰ ਇਸ ਕੰਮ ਵਿਚ ਇਹ ਨਿਰੋਲ ਕਲਾਕਾਰੀ ਹੀ ਸੀ ਕਿ ਸੱਸ ਨੂੰ ਕੁਝ ਪਤਾ ਨਹੀਂ ਸੀ ਕਿ ਨੂੰਹ ਕੀ ਕਰ ਰਹੀ ਏ ? ਅੱਗੇ ਨੂੰਹ ਨੂੰ ਇਹ ਇਲਮ ਨਹੀਂ ਸੀ ਕਿ ਉਸਦੀ ਧੀ ਜਾਂ ਨੂੰਹ ਕੀ ਕਰ ਰਹੀ ਏ ? ਇਹ ਕੰਮ ਇੰਨੀ ਕੁਸ਼ਲਤਾ ਨਾਲ ਚੱਲ ਰਿਹਾ ਸੀ ਕਿ ਸੰਬੰਧਤ ਵਿਅਕਤੀਆਂ ਨੂੰ ਇਸਦੀ ਕੋਈ ਖ਼ਬਰ ਤਕ ਨਹੀਂ ਸੀ। ਅਜੀਬ ਕਲਾਕਾਰੀ ਸੀ ਉਸਦੀ।

ਇਕ ਵਾਰੀ ਉਹ ਇਕ ਨਬਾਲਗ ਲੜਕੀ ਨਾਲ ਆਪਣੀ ਹੀ ਬੰਬੀ ਵਿਚ ਇਤਰਾਜ਼ਯੋਗ ਹਾਲਤ ਵਿਚ ਫੜਿਆ ਗਿਆ। ਫੜਨ ਵਾਲੀ ਲੜਕੀ ਦੀ ਮਾਂ ਸੀ। ਜਦ ਇਸ ਨਬਾਲਗ ਲੜਕੀ ਦੀ ਦਾਦੀ ਨੂੰ ਆਪਣੀ ਪੋਤਰੀ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸਨੂੰ ਡਾਹਢੀ ਚੋਟ ਲੱਗੀ। ਜਗੀਰਾ ਕਿਸੇ ਵੇਲੇ ਉਸਦਾ ਵੀ ਨਜ਼ਦੀਕੀ ਰਿਹਾ ਸੀ। ਲੜਕੀ ਦੀ ਮਾਂ ਨਾਲ ਵੀ ਜਗੀਰੇ ਜਾਲ ਦੇ ਸੰਬੰਧ ਰਹੇ ਸਨ। ਸਾਰੇ ਨਗਰ ਵਿਚ ਇਸ ਵਾਰਦਾਤ ਦੀ ਬੜੀ ਚਰਚਾ ਹੋਈ। ਲੋਕ ਥੂਹ-ਥੂਹ ਕਰਨ ਲੱਗੇ। ਜਗੀਰੇ ਦਾ ਵੱਕਾਰ ਦਾਓ 'ਤੇ ਸੀ। ਉਸਨੇ ਤੁਰੰਤ ਲੜਕੀ ਦੀ ਮਾਂ ਨੂੰ ਘਰ ਬੁਲਾਇਆ। ਉਸਨੂੰ ਦਸ ਹਜ਼ਾਰ ਰੁਪਏ ਨਕਦ ਤੇ ਦੋ ਸੋਨੇ ਦੀਆਂ ਚੂੜੀਆਂ ਭੇਟ ਕੀਤੀਆਂ। ਉਸਦੀ ਮਾਂ ਜਗੀਰੇ ਦੀ ਪੁਰਾਣੀ ਚਹੇਤੀ ਹੋਣ ਕਰਕੇ ਲਾਲਚ ਵਿਚ ਫਸ ਗਈ। ਉਸਨੇ ਅਗਲੇ ਦਿਨ ਹੀ ਬਿਆਨ ਬਦਲੇ ਤੇ ਕਿਹਾ—"ਪਿੰਡ ਦੇ ਸਰਪੰਚ ਨੇ (ਜੋ ਕਿ ਜਗੀਰੇ ਦਾ ਵਿਰੋਧੀ ਸੀ) ਦਬਾਅ ਪਾ ਕੇ ਉਸ ਕੋਲੋਂ ਆਪਣੀ ਲੜਕੀ ਵਿਰੁੱਧ ਝੂਠੇ ਬਿਆਨ ਦੇਣ ਲਈ ਮਜਬੂਰ ਕੀਤਾ ਏ। ਉਸਨੂੰ ਆਪਣੇ ਕੀਤੇ ਉਪਰ ਸ਼ਰਮਿੰਦਗੀ ਏ ਅਤੇ ਉਸਨੇ ਜਗੀਰੇ ਨੂੰ ਖਾਹਮਖਾਹ ਬਦਨਾਮ ਕੀਤਾ ਏ।" ਇਸ ਬਿਆਨ ਨਾਲ ਸਾਰੇ ਪਿੰਡ ਵਿਚ ਜਗੀਰੇ ਦੇ ਹੱਕ ਵਿਚ ਚਰਚਾ ਹੋਣ ਲੱਗੀ ਤੇ ਗਲ ਆਸਤਾ-ਆਸਤਾ ਰਫਾ-ਦਫਾ ਹੋ ਗਈ। ਉਹ ਡੁੱਬਦਾ-ਡੁੱਬਦਾ ਬਚ ਗਿਆ।

ਜਗੀਰਾ ਹੁਣ ਸਾਵਧਾਨ ਹੋ ਗਿਆ ਸੀ। ਕੁਝ ਉਮਰ ਦਾ ਵੀ ਤਕਾਜ਼ਾ ਸੀ। ਹੁਣ ਉਸਨੇ ਆਪਣਾ ਅੱਗਾ ਸੁਧਾਰਨ ਲਈ ਸੋਚਣਾ ਸ਼ੁਰੂ ਕਰ ਦਿੱਤਾ। ਹੁਣ ਉਸਨੇ ਹੱਜ ਨੂੰ ਜਾਣ ਦਾ ਇਰਾਦਾ ਬਣਾਇਆ। ਲੋਕੀ ਤਾਂ ਅਕਸਰ ਲਾਈਲੱਗ ਹੁੰਦੇ ਨੇ। ਮੋਮ ਦੇ ਨੱਕ ਵਾਂਗ ਜਿਧਰ

ਮਰਜ਼ੀ ਮੋੜ ਲਵੋ। ਜਗੀਰੇ ਨੂੰ ਲੋਕਾਂ ਦੀ ਮਨੋਵਿਗਿਆਨ ਦੀ ਪੂਰੀ ਪੂਰੀ ਸੂਝ ਸੀ। ਲੋਕੀ ਹਰ ਗੱਲ ਨੂੰ ਜਲਦੀ ਹੀ ਭੁੱਲ ਜਾਂਦੇ ਸਨ। ਜਗੀਰੇ ਨੇ ਆਪਣਾ ਇਕ ਜਥਾ ਤਿਆਰ ਕੀਤਾ, ਜਿਹੜਾ ਕਿ ਆਨੰਦਪੁਰ ਜਾ ਕੇ ਅੰਮ੍ਰਿਤਪਾਨ ਕਰਦਾ ਸੀ। ਉਸਨੇ ਹਜ਼ਾਰਾਂ ਨਗਰਵਾਸੀਆਂ ਤੇ ਗੁਆਂਢੀ ਪਿੰਡਾਂ ਵਾਲਿਆਂ ਨੂੰ ਗੁਰੂ ਵਾਲੇ ਬਣਾਇਆ। ਇਸ ਸੇਵਾ ਲਈ ਉਸਨੂੰ ਸ੍ਰੀ ਅਕਾਲ ਤਖ਼ਤ ਤੋਂ ਸਿਰੋਪਾ ਵੀ ਭੇਂਟ ਕੀਤਾ ਗਿਆ। ਹੈਰਾਨੀ ਦੀ ਗੱਲ ਇਹ ਸੀ ਕਿ ਪਿੰਡ ਦੀਆਂ ਜੋ ਵੀ ਸਿੰਘਣੀਆਂ, ਜੋ ਕਿਸੇ ਵੇਲੇ ਉਹਦੀਆਂ ਚਹੇਤੀਆਂ ਰਹੀਆਂ ਸਨ, ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸ਼ੀਹਣੀਆਂ ਬਣ ਬੈਠੀਆਂ ਸਨ। ਸਾਰੇ ਪਿੰਡ ਵਿਚ ਸਿੱਖੀ ਪ੍ਰਚਾਰ ਦੀ ਇਕ ਜ਼ਬਰਦਸਤ ਲਹਿਰ ਚੱਲੀ। ਜਗੀਰਾ ਜਾਲ ਹੁਣ ਜਥੇਦਾਰ ਜਗੀਰ ਸਿੰਘ ਬਣ ਚੁੱਕਾ ਸੀ। ਉਹ ਹਰ ਵਰ੍ਹੇ ਇਨ੍ਹਾਂ ਸਿੰਘਣੀਆਂ ਨੂੰ ਉਚੇਚਾ ਸ੍ਰੀ ਆਨੰਦਪੁਰ ਸਾਹਿਬ ਲੈ ਕੇ ਜਾਂਦਾ ਤੇ ਗੁਰੂ ਘਰ ਤੇ ਨਗਰ ਨਿਵਾਸੀਆਂ ਦੀਆਂ ਖ਼ੁਸ਼ੀਆਂ ਝੋਲੀ ਪਵਾਉਂਦਾ। ਇਹ ਉਸਦਾ 'ਹੱਕ' ਵੀ ਸੀ। ਅਣਗਿਣਤ ਚੂਹੇ ਖਾ ਕੇ ਬਿੱਲੀ ਹੱਜ ਵੀ ਪਹੁੰਚ ਗਈ ਸੀ। ਉਸਨੇ ਆਪਣਾ ਲੋਕ ਤਾਂ ਸੁਧਾਰਿਆ ਹੀ ਸੀ, ਪਰਲੋਕ ਦਾ ਵੀ ਪ੍ਰਬੰਧ ਕਰ ਲਿਆ ਸੀ। ਆਨੰਦਪੁਰ ਸਾਹਿਬ ਜਾ ਕੇ ਹਰ ਮਹੀਨੇ ਇਸ਼ਨਾਨ ਕਰਨ ਨਾਲ ਉਸਦੇ ਸਭੇ ਪਾਪ ਧੁਪ ਗਏ ਸਨ ਤੇ ਉਹ ਪਾਕ ਪੁਨੀਤ ਦੁੱਧ ਨਹਾਤਾ ਬਣ ਬੈਠਾ ਸੀ।

# ਜੈਮਲ ਸਿੰਘ

ਜੈਮਲ ਪਿੰਡ ਦੇ ਇਕ ਸਾਊ ਤੇ ਸਮਰੱਥ ਪਰਿਵਾਰ ਵਿਚ ਪੈਦਾ ਹੋਇਆ ਸੀ। ਉਸਦੇ ਘਰ ਵਿਚ ਕਿਸੇ ਨੇ ਕੁੱਤੇ ਨੂੰ ਸੋਟੀ ਵੀ ਮਾਰ ਕੇ ਨਹੀਂ ਵੇਖੀ ਸੀ। ਉਸਦਾ ਬਾਪ ਬੜਾ ਸਿਆਣਾ ਤੇ ਮਿਹਨਤੀ ਸੀ। ਜੱਟਾਂ ਦੇ ਆਮ ਪਰਿਵਾਰਾਂ ਵਾਂਗ ਉਹ ਲੜਾਈ-ਭੜਾਈ ਵਿਚ ਕੋਈ ਰੁਚੀ ਨਹੀਂ ਰੱਖਦਾ ਸੀ। ਉਸਨੂੰ ਕਦੀ ਕਿਸੇ ਨੇ ਕਿਸੇ ਨਾਲ ਖਹਿਬੜਦਾ ਨਹੀਂ ਵੇਖਿਆ ਸੀ। ਉਹ ਬਾਬੇ ਫਰੀਦ ਵਾਂਗ ਇੰਤਕਾਮ ਵਿਚ ਵਿਸ਼ਵਾਸ ਨਹੀਂ ਰੱਖਦਾ ਸੀ। ਉਹ ਵਧੀਕੀਆਂ ਬਰਦਾਸ਼ਤ ਕਰਕੇ ਵੀ ਘਰ ਪਰਤ ਆਉਂਦਾ ਸੀ। ਉਹ ਲੜਾਕੂਆਂ ਤੇ ਝਗੜਾਲੂਆਂ ਨੂੰ ਮੱਤਾਂ ਦਿੰਦਾ ਆਖਦਾ ਸੀ ਕਿ ਇਨ੍ਹਾਂ ਗੱਲਾਂ ਨਾਲ ਪੈਸੇ ਤੇ ਸਮੇਂ ਦੀ ਬਰਬਾਦੀ ਹੁੰਦੀ ਹੈ। ਉਸਦਾ ਵਿਚਾਰ ਸੀ ਕਿ ਜੇਕਰ ਸਾਡੇ ਜੱਟ ਭਰਾ ਲੜਨਾ-ਝਗੜਨਾ ਛੱਡ ਦੇਣ ਤਾਂ ਬਹੁਤ ਤਰੱਕੀ ਕਰ ਸਕਦੇ ਹਨ। ਪਰ ਉਸਦੇ ਵਿਰੋਧੀ ਆਖਦੇ ਸਨ ਕਿ ਜੇਕਰ ਕੋਈ ਸੱਪ ਡੰਗ ਮਾਰਨਾ ਛੱਡ ਦੇਵੇ ਤਾਂ ਉਸਨੂੰ ਕੁੱਤੇ ਬਿੱਲੇ ਹੀ ਖਾ ਜਾਣਗੇ। ਡੰਗ ਮਾਰਨ ਨਾਲ ਹੀ ਉਸਦੀ ਹਸਤੀ ਕਾਇਮ ਹੈ। ਇਸੇ ਤਰ੍ਹਾਂ ਜੇਕਰ ਜੱਟ ਲੜਨਾ ਛੱਡ ਦੇਣ ਤਾਂ ਹੋਰ ਕੌਣ ਲੜੇਗਾ ? ਜੈਮਲ ਦਾ ਪਿਤਾ ਇਹ ਗੱਲਾਂ ਸੁਣ ਕੇ ਹੱਸ ਛੱਡਦਾ ਤੇ ਵਾਹਿਗੁਰੂ ਵਾਹਿਗੁਰੂ ਕਰਦਾ ਰਹਿੰਦਾ।

ਪਿੰਡ ਦੇ ਲੋਕਾਂ ਨੂੰ ਇਹ ਆਦਤ ਹੁੰਦੀ ਹੈ ਕਿ ਜੇਕਰ ਤੁਸੀਂ ਇਕ ਵਾਰੀ ਉਨ੍ਹਾਂ ਕੋਲੋਂ ਡਰ ਕੇ ਭੱਜ ਉੱਠੋ ਤਾਂ ਉਹ ਤੁਹਾਡਾ ਘਰ ਤਕ ਪਿੱਛਾ ਕਰਨਗੇ ਅਤੇ ਹੋ ਸਕਦਾ ਹੈ ਕਿ ਤੁਹਾਡੇ ਘਰ ਵੜਨ ਦੀ ਵੀ ਗੁਸਤਾਖ਼ੀ ਕਰ ਲੈਣ। ਉਹ ਅੱਗੋਂ ਡਟਣ ਵਾਲੇ ਨੂੰ ਹੀ ਸਹੀ ਮਰਦ ਸਮਝਦੇ ਹਨ। ਇਕ ਦਿਨ ਉਨ੍ਹਾਂ ਦੇ ਪਿੰਡਾਂ ਦਾ ਇਕ ਨਾਮੀ ਬਦਮਾਸ਼ ਮਾਘਾ ਸਿੰਘ ਜੈਮਲ ਦੇ ਘਰ ਸਵੇਰੇ ਸਵਖਤੇ ਆਇਆ ਤੇ ਉਸਦੇ ਬਾਪ ਉੱਤੇ ਦੋਸ਼ ਲਾਉਣ ਲੱਗਾ ਕਿ ਉਨ੍ਹਾਂ ਮਾਘੇ ਦੀ ਸ਼ਰਾਬ ਦੀ ਡਰੱਮੀ ਪੁੱਟ ਕੇ ਲਿਆਂਦੀ ਹੈ। ਜੈਮਲ ਦੇ ਬਾਪ ਨੇ ਇਸ ਦੋਸ਼ ਤੋਂ ਇਨਕਾਰ ਕੀਤਾ। ਮਾਘਾ ਗਰਮ ਹੋ ਗਿਆ ਤੇ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗਾ। ਉਸਦੇ ਬਾਪ ਨੇ ਉਨ੍ਹਾਂ ਨੂੰ ਹੱਥ ਜੋੜ ਕੇ ਘਰੋਂ ਬਾਹਰ ਜਾਣ ਲਈ ਆਖਿਆ। ਉਹ ਜਦੋਂ ਬਾਹਰ ਨਿਕਲੇ ਤਾਂ ਜੈਮਲ ਨੇ ਅੰਦਰੋਂ ਗੇਟ ਬੰਦ ਕਰ ਦਿੱਤਾ। ਮਾਘਾ ਤੇ ਉਹਦੇ ਬੰਦੇ ਬਾਹਰਲੀ ਕੰਧ 'ਤੇ ਚੜ੍ਹ ਗਏ। ਮਾਘਾ ਸਿੰਘ ਨੇ ਜੈਮਲ ਦੇ ਘਰ ਵੱਲ ਮੂੰਹ ਕਰਕੇ ਪਿਸ਼ਾਬ ਕਰਨਾ ਸ਼ੁਰੂ ਕਰ ਦਿੱਤਾ। ਜੈਮਲ ਦਾ ਬਾਪ, ਆਪਣੇ ਪਰਿਵਾਰ ਨੂੰ ਅੰਦਰ ਲੈ ਵੜਿਆ। ਉਧਰੋਂ ਮਾਘੇ ਦੇ ਬੰਦੇ ਗਾਲ ਮੰਦਾ ਕਰਦੇ ਕੰਧਾਂ ਤੋਂ ਉਤਰ ਕੇ ਚਲੇ ਗਏ।

ਜਦੋਂ ਉਹ ਚਲੇ ਗਏ ਤਾਂ ਜੈਮਲ ਆਪਣੇ ਬਾਪ ਨੂੰ ਕੋਸਣ ਲੱਗਾ। ਉਸਨੇ ਕਿਹਾ—"ਏਹਦੇ

ਨਾਲੋਂ ਤਾਂ ਹੁਣ ਮਰ ਜਾਣਾ ਹੀ ਬੇਹਤਰ ਏ। ਏਸ ਤਰ੍ਹਾਂ ਤਾਂ ਮਰਾਸੀ ਵੀ ਨਹੀਂ ਡਰਦੇ, ਜਿੱਦਾਂ ਆਪਾਂ ਸਾਰੇ ਡਰ ਕੇ ਅੰਦਰੀਂ ਵੜ ਗਏ ਸਾਂ। ਏਹਨਾਂ ਨਾਲ ਸਾਨੂੰ ਦੋ ਹੱਥ ਕਰਨੇ ਪੈਣਗੇ।" ਉਸਦਾ ਬਾਪ ਵੀ ਬੜਾ ਦੁਖੀ ਹੋਇਆ। ਉਸਨੇ ਇਸ ਘਟਨਾ ਦੀ ਪੁਲਿਸ ਕੋਲ ਸ਼ਿਕਾਇਤ ਕੀਤੀ ਪਰ ਉਹ ਤਾਂ ਪਹਿਲਾਂ ਹੀ ਬਦਮਾਸ਼ਾਂ ਦੀ ਬੋਲੀ ਬੋਲਦੀ ਸੀ। ਜੈਮਲ ਦਾ ਖ਼ੂਨ ਖੌਲ ਰਿਹਾ ਸੀ ਪਰ ਉਸਦਾ ਬੁੱਢਾ ਉਸਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦਾ। ਪਿੰਡ ਵਿਚੋਂ ਵੀ ਮਾਘੇ ਤੋਂ ਡਰਦੇ ਲੋਕ ਜੈਮਲ ਕਿਆਂ ਦੀ ਮਦਦ ਕਰਨ ਤੋਂ ਡਰਦੇ ਸਨ। ਉਸਦਾ ਪਿਉ ਅੰਦਰੋ-ਅੰਦਰੀ ਘੁਲਦਾ ਜਾ ਰਿਹਾ ਸੀ। ਉਹ ਇਸ ਜ਼ਲਾਲਤ ਤੇ ਵਧੀਕੀਆਂ ਦੀ ਜ਼ਿੰਦਗੀ ਬਸਰ ਕਰਦਾ ਪਰਲੋਕ ਸੁਧਾਰ ਗਿਆ। ਜੈਮਲ ਨੇ ਉਸਦੀ ਚਿੰਤਾ ਦੀ ਸਵਾਹ ਮੱਥੇ 'ਤੇ ਮਲਦਿਆਂ ਇਹ ਸੁਗੰਧ ਖਾਧੀ ਸੀ ਕਿ ਜਿੰਨਾ ਚਿਰ ਉਹ ਮਾਘੇ ਬਦਮਾਸ਼ ਕੋਲੋਂ ਬਦਲਾ ਨਹੀਂ ਲੈ ਲੈਂਦਾ, ਚੈਨ ਨਾਲ ਨਹੀਂ ਰਹੇਗਾ।

ਪਿਤਾ ਦੀ ਮੌਤ ਤੋਂ ਬਾਅਦ ਜੈਮਲ ਦੇ ਜੀਵਨ ਵਿਚ ਇਕ ਨਵਾਂ ਮੋੜ ਆਇਆ। ਉਸਨੇ ਆਪਣੇ ਪਰਵਾਰ ਦੀ ਪਰੰਪਰਾ ਦੇ ਉਲਟ ਪਿੰਡ ਵਿਚ ਆਪਣਾ ਇਕ ਧੜਾ ਪਾਲਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਜੋ ਵੀ ਬੰਦੇ ਮਾਘੇ ਬਦਮਾਸ਼ ਦੇ ਸਤਾਏ ਹੋਏ ਸਨ, ਉਸਦੀ ਸ਼ਰਨ ਵਿਚ ਆਉਣ ਲੱਗੇ। ਉਨ੍ਹਾਂ ਨੇ ਜੈਮਲ ਦਾ ਸਾਥ ਦੇਣ ਦਾ ਵਾਅਦਾ ਕੀਤਾ। ਡਾਂਗਾਂ ਤੇ ਗੰਡਾਸੀਆਂ ਇਕੱਠੀਆਂ ਕਰਕੇ ਜੈਮਲ ਦੇ ਘਰ ਵਿਚ ਰੱਖ ਦਿੱਤੀਆਂ। ਚੋਰੀਂ-ਛਿਪੀਂ ਜੈਮਲ ਨੇ ਇਕ ਦੇਸੀ ਪਿਸਟਲ ਖਰੀਦ ਕੇ ਆਪਣੇ ਕੋਲ ਰੱਖ ਲਿਆ। ਪਿੰਡ ਦੇ ਬਹੁਤ ਬੰਦੇ ਜੋ ਮਾਘੇ ਦੇ ਸਤਾਏ ਹੋਏ ਸਨ, ਜੈਮਲ ਕੋਲ ਆਪਣੇ ਦੁਖੜੇ ਫੋਲਣ ਲੱਗੇ ਅਤੇ ਉਹਦੀਆਂ ਧੱਕੇਸ਼ਾਹੀਆਂ ਦੀਆਂ ਕਹਾਣੀਆਂ ਸੁਣਾਉਣ ਲੱਗੇ। ਜੈਮਲ ਉਨ੍ਹਾਂ ਨੂੰ ਹੌਸਲਾ ਦੇਂਦਾ ਹੋਇਆ ਆਖਦਾ—"ਫਿਕਰ ਨਾ ਕਰੋ, ਪੜਨੇ ਪਾ ਦਿਆਂਗੇ ਸਭ ਲੇਡਿਆਂ ਨੂੰ!" ਉਹ ਖ਼ੁਸ਼ ਹੋ ਕੇ ਜੈਮਲ ਦੇ ਗੋਡੇ ਘੁੱਟਣ ਲੱਗਦੇ।

ਇਕ ਦਿਨ ਲੋਹੜੀ ਵਾਲੇ ਦਿਨ ਜੈਮਲ ਦਾ ਜੱਥਾ ਉਹਦਾ ਹਵੇਲੀ ਖਾ-ਪੀ ਰਿਹਾ ਸੀ। ਸਾਰੇ ਆਪਣੀ-ਆਪਣੀ ਮੌਜ ਵਿਚ ਚਹਿਕ ਰਹੇ ਸਨ। ਉਪਰੋਂ ਅਚਿੰਤੇ ਬਾਜ ਪਏ। ਮਾਘੇ ਦਾ ਜਥਾ ਉਹਦੀ ਹਵੇਲੀ ਅੱਗੋਂ ਬੜਕਾਂ ਮਾਰਦਾ, ਲਲਕਾਰੇ ਮਾਰਦਾ, ਬੱਕਰੇ ਬੁਲਾਉਂਦਾ ਉਹਦੀ ਹਵੇਲੀ ਅੱਗੋਂ ਲੰਘਿਆ। ਜੈਮਲ ਨੇ ਬੜਕਾਂ ਦਾ ਜਵਾਬ ਬੜਕਾਂ ਤੇ ਲਲਕਾਰਿਆਂ ਵਿਚ ਦਿੱਤਾ। ਉਸਦੇ ਸਾਥੀ ਬੱਕਰੇ ਬੁਲਾਉਂਦੇ ਡਾਂਗਾਂ ਸੋਟੇ ਲੈ ਕੇ ਤੀਰ ਵਾਂਗ ਹਵੇਲੀਓਂ ਬਾਹਰ ਨਿਕਲੇ। ਅੱਗੋਂ ਲਲਕਾਰੇ ਦਾ ਜਵਾਬ ਲਲਕਾਰੇ ਨਾਲ ਦਿੱਤਾ ਜਾਣ ਲੱਗਾ। ਦੋਵੇਂ ਜਥੇ ਭੱਜ ਕੇ ਆਹਮੋ-ਸਾਹਮਣੇ ਹੋ ਗਏ। ਜੰਗ ਸ਼ੁਰੂ ਹੋ ਗਿਆ। ਪਹਿਲਾਂ ਤਾਂ ਬੜਕਾਂ ਤੇ ਲਲਕਾਰੇ ਦੋਵੇਂ ਪਾਸਿਓਂ ਵੱਜਦੇ ਰਹੇ। ਫਿਰ ਇਕਦਮ ਮਾਘਾ ਬਦਮਾਸ਼ ਭੱਜਾ ਜੈਮਲ ਕੋਲ ਆਇਆ ਤੇ ਉਸਨੇ ਵਗਾਤੀ ਗੰਡਾਸੀ ਉਸਦੇ ਸਿਰ ਮਾਰੀ। ਜੈਮਲ ਭੁਆਟਣੀਆਂ ਖਾ ਕੇ ਡਿੱਗ ਪਿਆ। ਮਾਘੇ ਨੇ ਦੂਜਾ ਵਾਰ ਫਿਰ ਉਸ ਉੱਤੇ ਕਰਨਾ ਚਾਹਿਆ ਪਰ ਜੈਮਲ ਦਾ ਭਤੀਜਾ ਉਸ ਉਪਰ ਡਿੱਗ ਪਿਆ ਤੇ ਗੰਡਾਸੀ ਭਤੀਜੇ ਨੂੰ ਵੱਜੀ। ਭਤੀਜਾ ਉੱਠ ਕੇ ਮਾਘੇ ਨਾਲ

ਲੜਨ ਲੱਗਾ। ਜੈਮਲ ਨੇ ਉੱਠ ਕੇ ਡੱਬ ਵਿਚੋਂ ਪਸਤੌਲ ਕੱਢ ਕੇ ਮਾਘੇ ਦੇ ਗੋਲੀ ਮਾਰੀ। ਮਾਘਾ ਚੁਫਾਲ ਡਿੱਗ ਪਿਆ। ਉਸਨੂੰ ਡਿੱਗਦਾ ਵੇਖ ਕੇ ਮਾਘੇ ਦਾ ਭਰਾ ਸਾਹਮਣੇ ਆਇਆ। ਜੈਮਲ ਨੇ ਉਹਦੇ ਵੀ ਦੋ ਫਾਇਰ ਕੀਤੇ ਤੇ ਉਹਨੂੰ ਚਿੱਤ ਕਰ ਦਿੱਤਾ।

ਮੈਦਾਨ ਮਾਰ ਕੇ ਜਦੋਂ ਜੈਮਲ ਤੇ ਉਸਦੇ ਸਾਥੀ ਆ ਰਹੇ ਸਨ ਤਾਂ ਉਸਨੇ ਪਿੱਛੇ ਝਾਕ ਕੇ ਮਰੇ ਦੁਸ਼ਮਣਾਂ ਵੱਲ ਵੇਖਿਆ। ਮਾਘਾ ਹਾਲੇ ਹਿੱਲ ਰਿਹਾ ਸੀ। ਜੈਮਲ ਨੇ ਭੱਜ ਕੇ ਉਹਦੇ ਇਕ ਹੋਰ ਗੋਲੀ ਦਾਗੀ ਤੇ ਉਸ ਨੂੰ ਸਦਾ ਦੀ ਨੀਂਦੇ ਸੰਵਾ ਦਿੱਤਾ। ਇਸ ਲੜਾਈ ਨੂੰ ਦੂਰੋਂ ਸਾਰਾ ਪਿੰਡ ਵੇਖ ਰਿਹਾ ਸੀ। ਪੁਲਿਸ ਆਈ। ਲੋਹੜੀ ਵਾਲੇ ਦਿਨ ਪਿੰਡ ਵਿਚ ਲੋਹੜਾ ਆ ਗਿਆ। ਆਹਮੋ-ਸਾਹਮਣੇ ਗਵਾਹੀਆਂ ਹੋਈਆਂ। ਪੁਲਿਸ ਜੈਮਲ ਤੇ ਉਸਦੇ ਭਤੀਜੇ ਨੂੰ ਫੜ ਕੇ ਲੈ ਗਈ। ਉਨ੍ਹਾਂ ਵਿਰੁੱਧ ਦੋ ਕਤਲਾਂ ਦਾ ਮੁਕੱਦਮਾ ਦਰਜ ਹੋਇਆ। ਕੇਸ ਪੰਜ ਸਾਲ ਚਲਦਾ ਰਿਹਾ। ਕਈ ਕੋਸ਼ਿਸ਼ਾਂ ਦੇ ਬਾਵਜੂਦ ਚਾਚੇ ਭਤੀਜੇ ਦੀ ਜਮਾਨਤ ਨਾ ਹੋ ਸਕੀ। ਉਹ ਸਾਰਾ ਮੁਕੱਦਮਾ ਅੰਦਰ ਹੀ ਰਹੇ। ਜੈਮਲ ਦੇ ਸਾਲਿਆਂ ਨੇ ਜੈਮਲ ਨਾਲ ਸਲਾਹ ਕਰਕੇ ਪੰਜ ਕਿੱਲੇ ਜ਼ਮੀਨ ਵੇਚੀ ਤੇ ਕੇਸ ਦੀ ਪੂਰੀ ਸ਼ਿੱਦਤ ਨਾਲ ਪੈਰਵਾਈ ਕੀਤੀ। ਗਵਾਹਾਂ ਨੂੰ ਬਿਠਾਉਣ ਦੀ ਕੋਸ਼ਿਸ਼ ਕੀਤੀ ਗਈ। ਚੰਗੇ ਤੋਂ ਚੰਗਾ ਵਕੀਲ ਕਰਕੇ ਉਨ੍ਹਾਂ ਰਾਹੀਂ ਜੱਜਾਂ ਦੀ ਸੇਵਾ ਦਾ ਪ੍ਰਬੰਧ ਕੀਤਾ ਗਿਆ। ਬੜੇ ਰੌਲੇ ਰੱਪੇ ਬਾਅਦ ਅਖ਼ੀਰ ਫ਼ੈਸਲਾ ਜੈਮਲ ਕਿਆਂ ਦੇ ਹੱਕ ਵਿਚ ਹੋਇਆ। ਉਹ ਸ਼ੱਕ ਦੀ ਬਨਾਅ 'ਤੇ ਬਰੀ ਹੋ ਗਏ। ਪਿੰਡ ਵਿਚ ਉਸਦੇ ਧੜੇ ਨੇ ਖ਼ੁਸ਼ੀ ਦਾ ਉਤਸਵ ਮਨਾਇਆ। ਦੁਸ਼ਮਣਾਂ ਦੀ ਝੌਰ ਮੱਠੀ ਹੋ ਗਈ। ਲੋਕੀ ਜੈਮਲ ਨੂੰ ਜੈਮਲ ਜੋਧਾ ਆਖਣ ਲੱਗ ਪਏ। ਮਾਘੇ ਕਿਆਂ ਦੀ ਮਾਂ ਮਰ ਗਈ।

ਉਧਰੋਂ ਪੰਜਾਬ ਦੇ ਹਾਲਾਤ ਖਰਾਬ ਹੋਣੇ ਸ਼ੁਰੂ ਹੋ ਗਏ। ਮਾਘੇ ਦੇ ਮੁੰਡੇ ਤੇ ਭਤੀਜੇ ਜੈਮਲ ਨੂੰ ਮਾਰ ਮੁਕਾਣ ਲਈ ਭਾਊਆਂ ਨਾਲ ਜਾ ਰਲੇ। ਉਹ ਹਥਿਆਰ ਇਕੱਠੇ ਕਰਨ ਲੱਗੇ। ਜੈਮਲ ਵੀ ਪੂਰਾ ਚੁਕੰਨਾ ਸੀ। ਉਸ ਨੇ ਵੀ ਇਕ ਅੱਤਵਾਦੀ ਜਥੇਬੰਦੀ ਨਾਲ ਆਪਣਾ ਗੰਢ-ਤੁਪ ਕਰ ਲ਼ਿਆ। ਉਸਨੇ ਵੀ ਆਧੁਨਿਕ ਹਥਿਆਰ ਖਰੀਦਣ ਲਈ ਇਕ ਪਾਕਿਸਤਾਨੀ ਵਿਚੋਲੇ ਦਾ ਸਹਾਰਾ ਲਿਆ। ਉਧਰੋਂ ਮਾਘੇ ਕਿਆਂ ਵੀ ਉਸੇ ਵਿਚੋਲੇ ਕੋਲੋਂ ਹਥਿਆਰ ਖਰੀਦੇ ਸਨ। ਇਹ ਇਕ ਇਤਫਾਕ ਸੀ। ਮਾਘੇ ਕਿਆਂ ਨੂੰ ਪਤਾ ਲੱਗ ਗਿਆ ਕਿ ਜੈਮਲ ਨੇ ਕਿਥੇ ਹਥਿਆਰ ਲੁਕਾਏ ਹਨ। ਉਨ੍ਹਾਂ ਨੇ ਪੁਲਸ ਕੋਲ ਮੁਖਬਰੀ ਕਰਕੇ, ਹਥਿਆਰ ਮੌਕੇ 'ਤੇ ਬਰਾਮਦ ਕਰਵਾ ਦਿੱਤੇ। ਜੈਮਲ ਫੜਿਆ ਗਿਆ ਇਕ ਡੀ.ਐੱਸ.ਪੀ. ਜਿਸ ਨੂੰ ਵਹਿਸ਼ੀ ਆਖਦੇ ਸਨ। ਉਸਨੇ ਜੈਮਲ ਕੋਲੋਂ ਇਕ ਲੱਖ ਚੁੱਕਿਆ ਤੇ ਉਸ ਨੂੰ ਸਾਫ਼ ਛੱਡ ਦਿੱਤਾ। ਜੈਮਲ ਨੇ ਲੱਗਦੇ ਹੱਥ ਹੀ ਮਾਘੇ ਦੇ ਘਰ ਛਾਪਾ ਪਵਾ ਕੇ ਉਨ੍ਹਾਂ ਨੂੰ ਫੜਵਾ ਦਿੱਤਾ। ਉਹ ਕਈ ਅੱਤਵਾਦੀਆਂ ਨਾਲ ਘਰੋਂ ਹੀ ਫੜੇ ਗਏ। ਪੁਲਿਸ ਨੇ ਇਹ ਅੱਤਵਾਦੀ ਕੁਝ ਤਾਂ ਪੈਸੇ ਲੈ ਕੇ ਛੱਡ ਦਿੱਤੇ ਬਾਕੀ ਹਰੀਕੇ ਪੱਤਣ ਲਿਜਾ ਕੇ ਸਪੁਰਦੇ ਆਬ ਕਰ ਦਿੱਤੇ। ਇਨ੍ਹਾਂ ਵਿਚ ਮਾਘੇ ਦੇ ਮੁੰਡੇ ਤੇ ਭਤੀਜੇ ਸ਼ਾਮਲ ਸਨ।

ਹੁਣ ਜੈਮਲ ਫਿਰ ਹੀਰੋ ਬਣ ਗਿਆ। ਉਸਦੇ ਸਾਥੀ ਉਸਨੂੰ ਜੈਮਲ ਜੋਧਾ ਆਖਣ ਲੱਗੇ।

ਉਸਦਾ ਦੁਸ਼ਮਣ ਪਰਿਵਾਰ ਮਰ ਮੁੱਕ ਚੁੱਕਾ ਸੀ। ਮਾਘੇ ਦੇ ਦੁੱਧ ਪੀਣੇ ਮਜਨੂੰ ਡਰਦੇ ਛਾਈਂ-ਮਾਈਂ ਹੋ ਗਏ। ਪਿੰਡ ਵਾਲਿਆਂ ਉਸਨੂੰ ਸਰਬਸੰਮਤੀ ਨਾਲ ਸਰਪੰਚ ਬਣਾ ਦਿੱਤਾ। ਉਹ ਧੱਕੇ ਤੇ ਧੌਂਸ ਨਾਲ ਹੀ ਪਿੰਡ ਦਾ ਚੌਧਰੀ ਬਣ ਗਿਆ। ਉਹ ਨਾ ਤਾਂ ਠਾਣੇ ਜਾਣੋਂ ਡਰਦਾ ਸੀ, ਨਾ ਜੇਲ੍ਹ ਜਾਣੋਂ ਤੇ ਨਾ ਹੀ ਲੜਨ ਭਿੜਨ ਤੋਂ। ਉਹ ਬੰਦੇ ਨੂੰ ਗਾਜਰਾਂ ਮੂਲੀਆਂ ਵਾਂਗ ਕੱਟ ਸਕਦਾ ਸੀ। ਇਕ ਵਾਰੀ ਇਲਾਕੇ ਦਾ ਵਿਧਾਇਕ ਉਹਦੇ ਪਿੰਡ ਕਿਸੇ ਰਿਸ਼ਤੇਦਾਰ ਨੂੰ ਮਿਲਣ ਆਇਆ। ਉਹ ਉਸਦੀ ਹਵੇਲੀ ਅੱਗੋਂ ਜਦੋਂ ਲੰਘ ਰਿਹਾ ਸੀ ਤਾਂ ਜੈਮਲ ਨੇ ਉਸ ਵਿਰੁੱਧ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ। ਜਦੋਂ ਉਸਦੇ ਅੰਗ ਰੱਖਿਅਕ ਉਸਨੂੰ ਫੜਨ ਲਈ ਉਸ ਵੱਲ ਦੌੜੇ ਤਾਂ ਉਹ ਕਿਰਪਾਨ ਲੈ ਕੇ ਉਨ੍ਹਾਂ ਨੂੰ ਕਹਿਣ ਲੱਗਾ—"ਜਿਹੜਾ ਵੀ ਅੱਗੇ ਆਇਆ ਵੱਢ ਕੇ ਰੱਖ ਦੂੰ। ਉਹ ਵਿਚਾਰੇ ਸਰਕਾਰੀ ਕਰਮਚਾਰੀ ਡਰਦੇ ਮਾਰੇ ਪਿੱਛੇ ਹਟ ਗਏ। ਵਿਧਾਇਕ ਦੇ ਸਹਾਇਕਾਂ ਤੇ ਮਿੱਤਰਾਂ ਨੇ ਉਥੋਂ ਜਾਣ ਦੀ ਸਲਾਹ ਦਿੱਤੀ। ਉਹ ਇਸ ਮੂਰਖ ਨਾਲ ਮੱਥਾ ਲਾਉਣ ਦੇ ਹੱਕ ਵਿਚ ਨਹੀਂ ਸਨ। ਵਿਧਾਇਕ ਸਿਆਸੀ ਹੋਣ ਕਰਕੇ ਉਥੋਂ ਚੁੱਪ-ਚਾਪ ਚਲਾ ਗਿਆ ਕਿਉਂਕਿ ਸਰਕਾਰ ਕਾਂਗਰਸੀ ਸੀ।

ਉਹ ਪਿੰਡ ਦਾ ਸਰਪੰਚ ਸੀ। ਭਾਵੇਂ ਅਕਾਲੀ ਆਉਣ ਭਾਵੇਂ ਕਾਂਗਰਸੀ। ਜੋ ਵੀ ਪੰਚਾਇਤ ਨੂੰ ਪੈਸਾ ਆਉਂਦਾ ਜਾਂ ਤਾਂ ਉਹ ਖ਼ੁਦ ਖਾ ਪੀ ਜਾਂਦਾ ਜਾਂ ਫਿਰ ਆਪਣੇ ਸਮਰਥਕਾਂ ਨੂੰ ਖਿਲਾ ਦਿੰਦਾ। ਪਿੰਡ ਵਾਸਤੇ ਉਸਨੇ ਡੱਕਾ ਨਹੀਂ ਸੀ ਤੋੜਿਆ। ਉਸਨੇ ਪਿੰਡ ਦੀ ਫਿਰਨੀ ਜੋ ਪੱਕੀਆਂ ਇੱਟਾਂ ਦੀ ਬਣੀ ਸੀ, ਉਸਦੀ ਜਗ੍ਹਾ ਪੱਕੀ ਲੁੱਕ ਵਾਲੀ ਸੜਕ ਬਣਵਾ ਦਿੱਤੀ। ਪਹਿਲੀ ਲੱਗੀ ਪੱਕੀ ਇੱਟ ਜੋ ਕਿ ਲਗਭਗ ਪੰਜ ਲੱਖ ਦੇ ਕਰੀਬ ਸੀ, ਆਪਣੇ ਸਮਰਥਕਾਂ ਵਿਚ ਵੰਡ ਦਿੱਤੀ। ਉਸਦਾ ਧੜਾ ਜੋ ਕਿ ਕਾਂਗਰਸ ਪੱਖੀ ਸੀ, ਉਸਦੇ ਵਿਚ ਜੈਮਲ ਸਿੰਘ ਗ਼ਲਤ ਮਲਤ ਕੰਮ ਵੀ ਕਰਵਾ ਦਿੰਦਾ ਸੀ।

ਅਗਲੀਆਂ ਚੋਣਾਂ ਵਿਚ ਅਕਾਲੀਆਂ ਦੀ ਸਰਕਾਰ ਆ ਗਈ। ਵਿਧਾਇਕ ਫਿਰ ਉਹੀ ਚੁਣਿਆ ਗਿਆ। ਐਤਕੀਂ ਉਹ ਤਰੱਕੀ ਕਰਕੇ ਮੰਤਰੀ ਬਣ ਗਿਆ। ਪਿੰਡ ਦੇ ਸਕੂਲ ਵਿਚ ਉਹ ਸਕੂਲ ਦੇ ਇਕ ਵਾਰਸ਼ਿਕ ਸਮਾਰੋਹ 'ਤੇ ਆਇਆ। ਪਿੰਡ ਵਾਲਿਆਂ ਨੂੰ ਬੁਲਾਇਆ ਗਿਆ ਸੀ। ਜੈਮਲ ਸਿੰਘ ਬਤੌਰ ਸਰਪੰਚ ਹਾਜ਼ਰ ਸੀ। ਸਟੇਜ 'ਤੇ ਸਭਿਆਚਾਰਕ ਪ੍ਰੋਗਰਾਮ ਚੱਲ ਰਿਹਾ ਸੀ। ਬਾਕੀਆਂ ਵਾਂਗ ਜੈਮਲ ਨੇ ਵੀ ਇਕ ਗਾਇਕ ਨੂੰ ਸੌ ਰੁਪਏ ਇਨਾਮ ਦਿੱਤਾ। ਉਸਨੇ ਸਟੇਜ ਸਕੱਤਰ ਨੂੰ ਤਾਕੀਦ ਕੀਤੀ ਕਿ ਉਸਦਾ ਨਾਮ ਜੈਮਲ ਸਿੰਘ ਕਾਂਗਰਸੀ ਸਰਪੰਚ ਕਹਿ ਕੇ ਬੋਲਿਆ ਜਾਵੇ। ਪਰ ਸਟੇਜ ਸਕੱਤਰ ਨੇ ਡਰਦੇ ਕੇਵਲ ਜੈਮਲ ਸਿੰਘ ਸਰਪੰਚ ਹੀ ਬੋਲਿਆ। ਜੈਮਲ ਤੜਫ਼ ਉਠਿਆ ਤੇ ਸਟੇਜ 'ਤੇ ਜਾ ਕੇ ਸਕੱਤਰ ਨੂੰ ਜਾ ਗਲੋਂ ਫੜਿਆ। ਰੌਲਾ ਪੈ ਗਿਆ। ਲਾਗੋਂ ਸਿਪਾਹੀ ਭੱਜੇ ਆਏ ਤੇ ਜੈਮਲ ਨੂੰ ਫੜਨ ਲੱਗੇ। ਉਹ ਦੌੜ ਕੇ ਭੀੜ ਵਿਚ ਵੜ ਗਿਆ ਤੇ ਮੰਤਰੀ ਨੂੰ ਗਾਲ੍ਹਾਂ ਕੱਢਣ ਲੱਗਾ। ਪੁਲਿਸ ਨੇ ਉਹਨੂੰ ਫੜਨਾ ਚਾਹਿਆ ਪਰ ਉਹ ਭੀੜ ਦਾ ਸਹਾਰਾ ਲੈ ਕੇ ਨਿਕਲ ਗਿਆ। ਸ਼ਾਮ ਨੂੰ ਪੁਲਿਸ ਨੇ ਜਦੋਂ ਉਹਦੇ ਘਰ ਛਾਪਾ ਮਾਰਿਆ ਤਾਂ ਘਰ ਵਿਚ ਜੈਮਲ ਦੀ ਮਾਂ ਤੋਂ ਇਲਾਵਾ ਕੋਈ ਵੀ ਨਹੀਂ ਸੀ। ਉਸਦੇ

ਪੁੱਤਰ ਭਤੀਜੇ ਆਪਣੇ ਰਿਸ਼ਤੇਦਾਰਾਂ ਕੋਲ ਭੱਜ ਗਏ ਸਨ ਤੇ ਜੈਮਲ ਸਿੰਘ ਦਿੱਲੀ ਜਾ ਕੇ ਕੇਂਦਰੀ ਮੰਤਰੀ ਬੂਟਾ ਸਿੰਘ ਕੋਲ ਰਹਿਣ ਲੱਗਾ।

ਇਸ ਘਟਨਾ ਤੋਂ ਬਾਅਦ ਵਜ਼ੀਰ ਦੇ ਕਹਿਣ 'ਤੇ ਪੁਲਿਸ ਪਾਰਟੀਆਂ ਨੇ ਕਈ ਵਾਰੀ ਛਾਪੇ ਮਾਰੇ ਪਰ ਹਰ ਵਾਰੀ ਉਥੇ ਜੈਮਲ ਦੀ ਮਾਂ ਤੋਂ ਬਿਨਾਂ ਕੋਈ ਨਜ਼ਰ ਨਾ ਆਇਆ। ਕੇਵਲ ਕਾਮੇ ਹੀ ਵਾਹੀ ਕਰ ਰਹੇ ਸਨ ਤੇ ਹਨੇਰੇ-ਸਵੇਰੇ ਆ ਕੇ ਉਸਦੇ ਪੁੱਤਰ ਭਤੀਜੇ ਆ ਕੇ ਭਈਆਂ ਦਾ ਹਿਸਾਬ ਕਿਤਾਬ ਕਰ ਜਾਂਦੇ।

ਕਹਿੰਦੇ ਹਨ ਕਿ ਜੈਮਲ ਸਿੰਘ ਅੱਜ ਕੱਲ੍ਹ ਬੂਟਾ ਸਿੰਘ ਕੋਲੋਂ ਆਪਣੇ ਹਲਕੇ ਦੀ ਟਿਕਟ ਲੈਣ ਲਈ ਜੱਦੋਜਹਿਦ ਕਰ ਰਿਹਾ ਹੈ। ਉਹ ਆਪਣੇ ਸਮਰਥਕਾਂ ਨੂੰ ਕਹਿੰਦਾ ਹੈ ਕਿ ਜਦੋਂ ਨਵੀਆਂ ਚੋਣਾਂ ਦਾ ਐਲਾਨ ਹੋਇਆ ਤਾਂ ਉਹ ਪਿੰਡ ਆ ਕੇ ਉਨ੍ਹਾਂ ਸਭਨਾਂ ਦੇ ਦੁੱਖ ਦੂਰ ਕਰ ਦੇਵੇਗਾ। ਜੰਮਣਾ ਈ ਜੈਮਲਾ ਤੇਰਾ ਸੀ ਬਾਕੀ ਤਾਂ ਘੱਲੇ ਆਇ ਨਾਨਕਾ ਸੱਦੇ ਉਠ ਜਾਇ ਵਾਲੀ ਗੱਲ ਸੀ।

# ਜੱਗਾ ਪਟਵਾਰੀ

ਉਸਦਾ ਪੂਰਾ ਨਾਮ ਜਗਤਾਰ ਸਿੰਘ ਸੀ ਪਰ ਪਿੰਡ ਤੇ ਘਰ ਵਾਲੇ ਸਿਰਫ਼ ਜੱਗਾ ਹੀ ਕਹਿੰਦੇ ਸਨ। ਉਹ ਨਾਈ ਬਰਾਦਰੀ ਨਾਲ ਸੰਬੰਧਤ ਸੀ। ਪਿੰਡ ਦੇ ਲੋਕੀ ਇਸ ਬਰਾਦਰੀ ਵਾਲਿਆਂ ਨੂੰ ਮੂੰਹ 'ਤੇ ਰਾਜਾ ਜੀ ਤੇ ਅੱਗੇ ਪਿੱਛੇ ਨਾਈ, ਨੌਟਾ ਜਾਂ ਕੁੱਤਾ ਨਾਈ ਕਹਿ ਕੇ ਬੁਲਾਉਂਦੇ ਸਨ। ਜੱਗਾ ਜਦੋਂ ਆਪਣੀ ਬਰਾਦਰੀ ਬਾਰੇ ਦੂਜੇ ਲੋਕਾਂ ਕੋਲੋਂ ਖ਼ਾਸ ਕਰਕੇ ਜ਼ਿਮੀਂਦਾਰਾਂ ਕੋਲੋਂ ਆਪਣੀ ਬਰਾਦਰੀ ਬਾਰੇ ਅਪਸ਼ਬਦ ਸੁਣਦਾ ਤਾਂ ਉਸਦਾ ਪਾਰਾ ਚੜ੍ਹ ਜਾਂਦਾ ਸੀ ਪਰ ਉਸਨੂੰ ਇਹ ਸੁਣ ਕੇ ਦੁੱਖ ਹੁੰਦਾ ਸੀ ਕਿ ਜਦੋਂ ਉਸਦੀ ਬਰਾਦਰੀ ਵਾਲਿਆਂ ਦੇ ਸਾਹਮਣੇ ਵੀ ਕਈ ਵਾਰ ਜਦ ਉਨ੍ਹਾਂ ਨੂੰ ਜਾਤੀ ਉਪਨਾਵਾਂ ਨਾਲ ਬੁਲਾ ਕੇ ਉਕਸਾਉਂਦਾ ਤਾਂ ਉਹ ਢੀਠਾਂ ਵਾਂਗ ਚੁੱਪ ਕੀਤੇ ਰਹਿੰਦੇ ਸਨ। ਸ਼ਾਇਦ ਸਦੀਆਂ-ਸਦੀਆਂ ਤੋਂ ਅਜਿਹਾ ਵਿਹਾਰ ਸੁਣ ਕੇ ਉਨ੍ਹਾਂ ਦਾ ਮੱਚ ਮਾਰਿਆ ਗਿਆ ਸੀ ਤੇ ਆਤਮਾ ਅਧਮੋਈ ਹੋ ਚੁੱਕੀ ਸੀ। ਮੂੰਹ ਤੇ ਲੋਕ ਰਾਜਾ ਜੀ ਤੇ ਪਿੱਠ ਪਿੱਛੇ 'ਕੁੱਤਾ ਨਾਈ' ਕਹਿ ਕੇ ਬੁਲਾਉਂਦੇ ਸਨ। ਇਕ ਵਾਰੀ ਇਕ ਜਮਾਤੀ ਮੁੰਡੇ ਨੇ ਜੱਗੇ ਨੂੰ ਜਾਤੀ ਉਪਨਾਮ ਨਾਲ ਕਹਿ ਕੇ ਛੇੜਿਆ ਸੀ। ਜੱਗੇ ਨੇ ਉਸਨੂੰ ਇਕ ਦੀਆਂ ਚਾਰ-ਚਾਰ ਸੁਣਾਈਆਂ ਤੇ ਉਨ੍ਹਾਂ ਦੀ ਜਾਤ ਬਾਰੇ ਭਰਪੂਰ ਚਾਨਣਾ ਪਾਇਆ। ਉਸਦੀ ਉਥੇ ਹੀ ਖੁੰਬ ਠੱਪ ਕੇ ਰੱਖ ਦਿੱਤੀ। ਪਰ ਇਕ ਹੋਰ ਮੌਕੇ 'ਤੇ ਜਦੋਂ ਉਸਨੇ ਅਜਿਹੀ ਇਕ ਹੋਰ ਘਟਨਾ ਤੇ ਅਗਲੇ ਨੂੰ ਸੱਚੀਆਂ ਸੁਣਾਈਆਂ ਤਾਂ ਅਗਲੇ ਨੇ ਤਗੜੇ ਤੇ ਪ੍ਰਭਾਵਸ਼ਾਲੀ ਹੋਣ ਕਰਕੇ ਜੱਗੇ ਨੂੰ ਅੱਗੋਂ ਚੰਗੇ ਪੱਠੇ ਪਾਏ ਤੇ ਉਸਨੂੰ ਅੱਗੇ ਤੋਂ ਜ਼ਬਾਨ ਨੂੰ ਲਗਾਮ ਦੇਣ ਦੀ ਨਸੀਹਤ ਕੀਤੀ। ਜੱਗਾ ਘਬਰਾ ਕੇ ਪਿੱਛੇ ਹਟ ਗਿਆ। ਇਹ ਉਸਦੀ ਮਜਬੂਰੀ ਸੀ।

ਉਸਦੇ ਵੱਡੇ ਵਡੇਰੇ ਪਿੰਡ ਵਿਚ ਸਦੀਆਂ ਤੋਂ ਨੌਂਹ ਕੰਡਾ ਕੱਢਦੇ। ਹਜ਼ਾਮਤਾਂ ਕਰਦੇ, ਵਿਆਹਾਂ ਵੇਲੇ ਵਿਚੋਲਗੀਆਂ ਕਰਦੇ, ਪਿੰਡ ਵਾਲਿਆਂ ਦਾ ਸੁਨੇਹਾ ਪਤਾ ਲਿਜਾਂਦੇ, ਵਿਆਹ ਤੋਂ ਪਹਿਲਾਂ ਰਿਸ਼ਤੇਦਾਰਾਂ ਕੋਲ ਗੰਢਾਂ ਲੈ ਕੇ ਜਾਂਦੇ। ਵਿਆਹਾਂ ਵਿਚ ਕਈ-ਕਈ ਸ਼ਗਨ ਵਿਹਾਰ ਕਰਦੇ। ਏਸੇ ਲਈ ਤਾਂ ਉਨ੍ਹਾਂ ਦੀ ਵਿਆਹਾਂ ਵਿਚ ਜ਼ਿਕਰਯੋਗ ਭੂਮਿਕਾ ਵੇਖ ਕੇ ਕਹਿੰਦੇ ਹਨ— "ਉਹ ਵਿਆਹ ਵਿਚ ਨੈਣ ਵਾਂਗ ਭੱਜੀ ਫਿਰਦੀ ਸੀ।" ਪਰ ਜਗਤਾਰ ਜੱਗਾ ਇਨ੍ਹਾਂ ਕੰਮਾਂ ਵਿਚ ਕੋਈ ਰੁਚੀ ਨਹੀਂ ਸੀ ਰੱਖਦਾ। ਉਹ ਆਪਣੇ ਆਪ ਨੂੰ ਤੇ ਆਪਣੀ ਬਰਾਦਰੀ ਨੂੰ ਇਸ ਚੰਦਰੇ ਚੱਕਰ ਵਿਚੋਂ ਕੱਢਣਾ ਚਾਹੁੰਦਾ ਸੀ। ਪਰ ਉਸਨੂੰ ਇਹ ਕੰਮ ਬਹੁਤ ਪਚੀਦਾ ਤੇ ਕਠਿਨ ਲੱਗ ਰਿਹਾ ਸੀ ਕਿਉਂਕਿ ਉਸਦੀ ਬਰਾਦਰੀ ਵਿਚ ਇਸ ਬਾਰੇ ਬਹੁਤ ਘੱਟ ਚੇਤਨਤਾ ਸੀ।

ਉਹ ਸਮਝਦਾ ਸੀ ਕਿ ਨਾਈ ਲੋਕ ਕਿਸੇ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਉਹ ਅਕਸਰ ਆਖਦਾ ਸੀ ਕਿ ਉਸਦੀ ਬਰਾਦਰੀ ਦੇ ਲੋਕ ਜ਼ਿਮੀਂਦਾਰਾਂ ਦੇ ਲੋਕਾਂ ਨਾਲੋਂ ਸੋਹਣੇ ਸੁਨੱਖੇ ਹਨ ਤੇ ਦਿਮਾਗੀ ਤੌਰ 'ਤੇ ਕਿਸੇ ਨਾਲੋਂ ਘੱਟ ਨਹੀਂ। ਪਰ ਪਰੰਪਰਾ ਅਨੁਸਾਰ ਇਨ੍ਹਾਂ ਲੋਕਾਂ ਨੂੰ ਕੰਮੀ-ਕਮੀਣ ਕਹਿ ਕੇ ਦੁਰਕਾਰਿਆ ਜਾਂਦਾ ਸੀ। ਇਹ ਲੋਕ ਜੱਟਾਂ ਜ਼ਿਮੀਂਦਾਰਾਂ ਦੇ ਸਾਹਮਣੇ ਖਲੋ ਕੇ ਪੂਰੇ ਸਵੈ-ਵਿਸ਼ਵਾਸ ਤੇ ਹੌਸਲੇ ਨਾਲ ਬਾਤਚੀਤ ਨਹੀਂ ਸਨ ਕਰ ਸਕਦੇ। ਉਪਰਲੀਆਂ ਜਾਤੀਆਂ ਦਾ ਸਦੀਆਂ ਤੋਂ ਇਨ੍ਹਾਂ ਉਪਰ ਜੋ ਛੱਪਾ ਪਿਆ ਸੀ, ਉਸਨੂੰ ਲਾਹੁਣਾ ਕਠਿਨ ਸੀ। ਭਾਵੇਂ ਅਸੰਭ ਨਹੀਂ।

ਉਸਨੇ ਸਕੂਲ ਵਿਚ ਆਪਣੀ ਬਰਾਦਰੀ ਨਾਲ ਸੰਬੰਧਤ ਵਿਦਿਆਰਥੀਆਂ ਦਾ ਇਕ ਜਥਾ ਬਣਾਇਆ ਹੋਇਆ ਸੀ ਜਿਹੜਾ ਬਰਾਦਰੀ ਵਿਰੁੱਧ ਹਰੇਕ ਵਧੀਕੀ ਦਾ ਮੂੰਹ ਤੋੜਵਾਂ ਜਵਾਬ ਦਿੰਦਾ ਸੀ। ਬਾਕੀ ਮੁੰਡੇ ਇਸ ਜਥੇ ਨੂੰ 'ਨਾਈ ਸੈਨਾ' ਕਹਿੰਦੇ ਸਨ। ਇਹ ਸੈਨਾ ਇਕੱਠੀ ਹੋ ਕੇ ਜਿਸਦੇ ਮਗਰ ਪੈ ਜਾਂਦੀ, ਉਸ ਦੀਆਂ ਭੁਆਟੜੀਆਂ ਭੁਆਂ ਦਿੰਦੀ ਸੀ। ਇਸ ਜਥੇ ਦੀ ਸਾਰੇ ਸਕੂਲ ਵਿਚ ਬੜੀ ਦਹਿਸ਼ਤ ਸੀ। ਜਦੋਂ ਕਿਸੇ ਨਾਈ ਲੜਕੇ ਨਾਲ ਵਧੀਕੀ ਹੁੰਦੀ ਤਾਂ ਇਹ ਸੈਨਾ ਵਾਲੇ ਭੂੰਡਾਂ ਵਾਂਗ ਉਸਦੇ ਪਿੱਛੇ ਪੈ ਜਾਂਦੇ ਤੇ ਉਸਦਾ ਹੁਲੀਆ ਵਿਗਾੜ ਦਿੰਦੇ।ਇਸ ਲਈ ਬਹੁਤੇ ਮੁੰਡਿਆਂ ਨੇ ਇਸ ਜਥੇ ਨਾਲ ਸੰਬੰਧਤ ਜ਼ਿਮੀਂਦਾਰਾਂ ਦੇ ਮੁੰਡੇ ਇਕ ਦੂਜੇ ਨੂੰ ਨਸੀਹਤ ਦਿੰਦੇ ਆਖਦੇ—"ਇਹ ਨਾਈਵਾਦੇ ਕੋਲੋਂ ਬਚ ਕੇ ਰਹਿਓ, ਬੜੇ ਕੁੱਤੇ ਜੇ ਇਹ। ਐਵੇਂ ਕਿਸੇ ਨੂੰ ਨੌਟਾ ਨਾ ਕਹਿ ਬੈਠਣਾ, ਇਹ ਗੱਲ ਪਏ ਨਹੀਂ ਜੇ ਲੱਥਦੇ। ਇਨ੍ਹਾਂ ਦੇ ਮੂੰਹ ਨਾਲ ਕੁੱਤਾ ਬੱਝਾ ਏ, ਏਹਨਾਂ ਕੋਲੋਂ ਰੱਬ ਈ ਫਨਾਹ ਏ।"

ਉਹ ਦਸਵੀਂ ਪਾਸ ਕਰਕੇ, ਪਟਵਾਰ ਦਾ ਕੋਰਸ ਕਰਕੇ ਤਲਵੰਡੀ ਵਿਚ ਪਟਵਾਰੀ ਲੱਗ ਗਿਆ। ਉਸਨੇ ਲੱਗਦਿਆਂ ਹੀ ਧੂੜਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਢਾਈ ਘਰ ਤਾਂ ਡੈਣ ਵੀ ਛੱਡ ਜਾਂਦੀ ਏ ਪਰ ਉਸਦਾ ਘਰ ਤਿੰਨ ਤੋਂ ਸ਼ੁਰੂ ਹੁੰਦਾ ਸੀ। ਉਹ ਕੇਵਲ ਆਪਣੀ ਬਰਾਦਰੀ ਦੇ ਲੋਕਾਂ ਨੂੰ ਬਖ਼ਸ਼ਦਾ ਸੀ। ਬਾਕੀਆਂ ਦੀ ਤਾਂ ਉਹ ਠੋਕ ਕੇ ਛਿੱਲ ਲਾਹੁੰਦਾ ਸੀ। ਲੋਕ ਉਸਨੂੰ ਜੱਗ ਪਟਵਾਰੀ ਦੀ ਜਗਾ ਜਗਾ ਟੋਕਾ ਆਖਣ ਲੱਗ ਪਏ ਸਨ। ਉਹ ਵਾਕਫ਼ਾਂ ਤੇ ਯਾਰਾਂ ਦੋਸਤਾਂ ਦੀ ਰਤਾ ਵੀ ਪਰਵਾਹ ਨਹੀਂ ਸੀ ਕਰਦਾ। ਉਸ ਨਾਲ ਕਿਸੇ ਨੇ ਲਿਹਾਜ਼ ਨਹੀਂ ਸੀ ਕੀਤਾ, ਇਸ ਲਈ ਉਹ ਵੀ ਕਿਸੇ ਕੰਜਰ ਦਾ ਲਿਹਾਜ ਨਹੀਂ ਸੀ ਕਰਦਾ।

ਉਹ ਜਦੋਂ ਜਣੇ-ਖਣੇ ਦੀ ਛਿੱਲ ਲਾਹੁਣ ਲੱਗ ਪਿਆ ਤਾਂ ਲੋਕ ਉਸ ਤੋਂ ਤੰਗ ਆ ਗਏ। ਉਸ ਬਾਰੇ ਲੋਕਾਂ ਨੇ ਪੁੱਛਣਾ ਗਿੱਛਣਾ ਸ਼ੁਰੂ ਕਰ ਦਿੱਤਾ। ਲੋਕਾਂ ਨੂੰ ਪਤਾ ਲੱਗ ਗਿਆ ਕਿ ਉਹ ਕਿਹੜੇ ਪਿੰਡ ਦਾ ਏ ਤੇ ਕਿਸ ਜਾਤੀ ਨਾਲ ਸੰਬੰਧਤ ਹੈ। ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਨਾਈਪੁਣਾ ਤਾਂ ਛੱਡ ਗਿਆ ਏ ਪਰ ਉਸਨੇ ਹਾਲੇ ਮੁੰਨਣਾ ਜਾਂ ਛਿੱਲਣਾ ਨਹੀਂ ਛੱਡਿਆ। ਉਹ ਆਪਣੇ ਹਰ ਗਾਹਕ ਦੀ ਹਜ਼ਾਮਤ ਕਰ ਦਿੰਦਾ ਸੀ। ਕੋਈ ਵੀ ਉਸ ਕੋਲੋਂ ਸਾਬਤ ਬਚ ਕੇ ਨਹੀਂ ਜਾ ਸਕਦਾ ਸੀ। ਆਪਣੀ ਬਰਾਦਰੀ ਨਾਲ ਉਹ ਨਰਮੀ ਵਰਤਦਾ ਸੀ ਪਰ ਉਸਦੀ ਬਰਾਦਰੀ ਕੋਲ ਬਹੁਤ ਘੱਟ ਜ਼ਮੀਨ ਸੀ। ਇਸ ਲਈ ਉਸਦੇ ਸ਼ਿਕਾਰ ਬਹੁਤੇ

ਜੱਟ ਜ਼ਿਮੀਂਦਾਰ ਹੀ ਹੁੰਦੇ ਸਨ। ਇਕ ਵਾਰ ਜੱਟ ਨੇ ਤੰਗ ਆ ਕੇ ਉਸਨੂੰ ਵਿਜੀਲੈਂਸ ਕੋਲ ਫੜਵਾ ਦਿੱਤਾ। ਉਹ ਰੰਗੇ ਹੱਥੀਂ ਪਕੜਿਆ ਗਿਆ। ਉਸ ਵਿਰੁੱਧ ਭ੍ਰਿਸ਼ਟਾਚਾਰ ਦਾ ਮੁਕੱਦਮਾ ਚੱਲਿਆ ਤੇ ਉਹ ਬਰਖਾਸਤ ਹੋ ਗਿਆ। ਉਹ ਇਕ ਸਾਲ ਕੇਸ ਲੜਦਾ ਰਿਹਾ ਤੇ ਬਾਅਦ ਵਿਚ ਕੇਸ ਹਾਰ ਗਿਆ। ਉਸਨੇ ਸੈਸ਼ਨ ਵਿਚ ਵੀ ਅਪੀਲ ਕੀਤੀ ਪਰ ਉਹ ਵੀ ਖਾਰਜ ਹੋ ਗਈ। ਉਹ ਚੁੱਪ ਕਰਕੇ ਘਰ ਬੈਠ ਗਿਆ।

ਉਹ ਵਾਪਸ ਪਿੰਡ ਆ ਗਿਆ। ਲੋਕਾਂ ਕਿਹਾ—"ਖੋਤੀ ਬੋਹੜਾਂ ਹੇਠ ਆ ਗਈ।" ਪਿੰਡ ਦੇ ਲੋਕਾਂ ਨੂੰ ਉਸ ਨਾਲ ਕੋਈ ਹਮਦਰਦੀ ਨਹੀਂ ਸੀ ਭਾਵੇਂ ਕਿ ਉਸਨੇ ਪਿੰਡ ਵਾਲਿਆਂ ਦਾ ਕੁਝ ਨਹੀਂ ਵਿਗਾੜਿਆ ਸੀ। ਦਿਲੋਂ ਤਾਂ ਉਹ ਪਹਿਲਾਂ ਹੀ ਉਸਦਾ ਬੇੜਾ ਗਰਕ ਹੋਇਆ ਵੇਖਣਾ ਚਾਹੁੰਦੇ ਸਨ। ਇਸ ਲਈ ਜਦੋਂ ਉਹ ਨੌਕਰੀਓਂ ਲੱਥਾ ਤਾਂ ਬਹੁਤੇ ਕਹਿਣ ਲੱਗੇ ਕਿ ਇਸ ਨਾਲ ਏਦਾਂ ਹੋਣੀ ਹੀ ਚਾਹੀਦਾ ਸੀ ਕਿਉਂਕਿ ਇਹਨੇ ਬੜੀ ਊਧੜ-ਧੁੰਮੀ ਚੁੱਕੀ ਹੋਈ ਸੀ। ਜੱਗੇ ਨਾਲ ਹਰੇਕ ਨੇ ਟਿੱਚਰਾਂ ਹੀ ਕੀਤੀਆਂ। ਕੇਵਲ ਪਿੰਡ ਦੇ ਬਜ਼ੁਰਗਾਂ ਦਾਨਿਆਂ ਨੇ ਉਸ ਨਾਲ ਹਮਦਰਦੀ ਕੀਤੀ। ਉਨ੍ਹਾਂ ਦੀ ਹਮਦਰਦੀ ਦਾ ਪਿੰਡ ਵਿਚ ਕੋਈ ਮੁੱਲ ਨਹੀਂ ਸੀ।

ਮੁਕੱਦਮੇ ਦੌਰਾਨ ਜੋ ਉਸਨੇ ਨੌਕਰੀ ਦੌਰਾਨ ਪੈਸੇ ਕਮਾਏ ਸਨ ਜਾਂ ਤਾਂ ਪੁਲਸੀਆਂ ਨੂੰ ਦੇ ਦਿੱਤੇ ਜਾਂ ਫਿਰ ਵਕੀਲਾਂ ਤੇ ਸਿਫ਼ਾਰਸ਼ੀਆਂ ਨੇ ਖੋਹ ਲਏ। ਉਹ ਚਿੱਟਾ ਭੁੱਖਾ ਹੋ ਕੇ ਰਹਿ ਗਿਆ। ਉਸਦੀ ਵਾਤ ਕੋਈ ਪੁੱਛਣ ਵਾਲਾ ਨਹੀਂ ਸੀ। ਬਹੁਤੇ ਉਸਦਾ ਮਜ਼ਾਕ ਉਡਾਉਣ ਵਾਲੇ ਸਨ। ਉਹ ਭੁੱਖ ਨਾਲ ਮਰਨ ਲੱਗਾ ਤਾਂ ਉਸਨੇ ਕੁਝ ਪੈਸੇ ਆਪਣੇ ਕੋਲੋਂ ਲਏ ਤੇ ਕੁਝ ਬੈਂਕ ਤੋਂ ਕਰਜ਼ਾ ਲੈ ਕੇ, ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਇਹ ਦੁਕਾਨ ਬਹੁਤੀ ਨਾ ਚੱਲੀ ਕਿਉਂਕਿ ਪਿੰਡ ਵਿਚ ਅੱਗੇ ਹੀ ਬਹੁਤ ਦੁਕਾਨਾਂ ਸਨ। ਉਹ ਲੋਕਾਂ ਨੂੰ ਉਧਾਰ ਦੇਣ ਦੀ ਸਥਿਤੀ ਵਿਚ ਨਹੀਂ ਸੀ। ਇਸ ਲਈ ਉਸਦੀ ਦੁਕਾਨ ਬਹੁਤੀ ਨਾ ਚੱਲੀ। ਉਸਦਾ ਕੰਮ ਖਲੋ ਗਿਆ। ਹੌਲੀ-ਹੌਲੀ ਉਸਦੇ ਚੰਦ ਕੁ ਗਾਹਕ ਰਹਿ ਗਏ। ਆਪਣੀ ਬੇੜੀ ਨੂੰ ਡੁੱਬਦਾ ਵੇਖ ਕੇ ਉਹ ਵਹਿਮੀ ਹੁੰਦਾ ਜਾ ਰਿਹਾ ਸੀ। ਉਸਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਤਕਦੀਰ ਉਸ ਨਾਲ ਕੀ ਖੇਡ ਰਹੀ ਹੈ?

ਉਸਨੇ ਜੋਤਸ਼ੀਆਂ ਨੂੰ ਹੱਥ ਵਿਖਾਉਣੇ ਸ਼ੁਰੂ ਕਰ ਦਿੱਤੇ। ਉਹ ਸ਼ਹੀਦਾਂ ਗੁਰਦੁਆਰੇ ਵਿਚ ਦੁਪਹਿਰੇ, ਚਲੀਹੇ ਤੇ ਹੋਰ ਪਾਠ ਕਰਨ ਲੱਗਾ। ਉਸਨੇ ਬਾਬਿਆਂ ਦੇ ਡੇਰੇ ਜਾ ਕੇ ਪੁੱਛਾਂ ਪਵਾਈਆਂ ਤੇ ਜੰਤਰ-ਮੰਤਰ ਕੀਤੇ। ਪਰ ਉਸਦੀ ਕਿਸੇ ਨੇ ਵੀ ਬਾਂਹ ਨਾ ਫੜੀ। ਉਹ ਅੰਦਰੋਂ ਟੁੱਟ ਚੁੱਕਾ ਸੀ। ਉਸਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਾ। ਘਰਦਿਆਂ ਵੀ ਉਹਨੂੰ ਵਿਹਲੜ ਸਮਝ ਕੇ ਤਾਹਨੇ ਮਿਹਣੇ ਦੇਣੇ ਸ਼ੁਰੂ ਕਰ ਦਿੱਤੇ। ਉਸਨੂੰ ਕੰਵਾਰੇ ਨੂੰ ਹੀ ਵੱਖਰਾ ਕਰ ਦਿੱਤਾ ਗਿਆ। ਉਸਦੇ ਦੋਵੇਂ ਵੱਡੇ ਭਰਾ ਵਿਆਹੇ ਵਰ੍ਹੇ ਸਨ ਤੇ ਪਿੰਡ ਵਿਚ ਮੀਟ ਦੀ ਦੁਕਾਨ ਚਲਾ ਰਹੇ ਸਨ। ਉਸਦਾ ਹੁਣ ਅੱਲਾ ਹੀ ਬੇਲੀ ਸੀ।

ਅੱਲਾ ਬੇਲੀ ਬਣ ਹੀ ਗਿਆ। ਉਸਨੂੰ ਲਾਟਰੀਆਂ ਪਾਉਣ ਦਾ ਸ਼ੌਕ ਸੀ। ਉਹ ਹਰ

ਵਾਰੀ ਮਹਿੰਗੀ ਤੋਂ ਮਹਿੰਗੀ ਲਾਟਰੀ ਪਾਉਂਦਾ। ਉਸਦੀ ਦੁਕਾਨ ਦਾ ਕੰਮ ਬੰਦ ਕਿਨਾਰੇ ਤੱਕ ਚਲਾ ਗਿਆ ਕਿਉਂਕਿ ਥੋੜ੍ਹੀ ਬਹੁਤੀ ਵਟਕ ਜੋ ਹੁੰਦੀ ਸੀ, ਉਸ ਵਿਚੋਂ ਉਹ ਲਾਟਰੀਆਂ ਪਾ ਛੱਡਦਾ ਸੀ। ਆਖ਼ਰ ਉਸਨੇ ਕੋਈ ਕਾਮਯਾਬੀ ਨਾ ਹੁੰਦੀ ਵੇਖ ਕੇ ਇਹ ਕੰਮ ਵੀ ਬੰਦ ਕਰਨ ਦਾ ਫ਼ੈਸਲਾ ਕਰ ਲਿਆ। ਪਰ ਕੁਦਰਤ ਨੇ ਹਾਲੇ ਉਸਦਾ ਹੱਥ ਨਹੀਂ ਸੀ ਛੱਡਿਆ। ਜਿਹੜੀ ਲਾਟਰੀ ਪਾਉਣ ਤੋਂ ਬਾਅਦ ਉਸਨੇ ਸਹੁੰ ਖਾਧੀ ਸੀ ਕਿ ਇਹ ਉਸ ਦੀ ਆਖ਼ਰੀ ਲਾਟਰੀ ਹੋਵੇਗੀ, ਉਹੀ ਲਾਟਰੀ ਉਸਦੇ ਹੱਕ ਵਿਚ ਨਿਕਲੀ। ਉਸਦਾ ਵੀਹ ਲੱਖ ਦਾ ਇਨਾਮ ਨਿਕਲਿਆ। ਉਸਨੂੰ ਪਤਾ ਉਸਦੇ ਏਜੰਟ ਰਾਹੀਂ ਲੱਗਾ। ਉਸਨੇ ਆਪਣੇ ਹਾਲਾਤ ਨੂੰ ਮੁੱਖ ਰੱਖ ਕੇ ਇਸ ਖ਼ਬਰ ਨੂੰ ਗੁਪਤ ਰੱਖਣ ਦੀ ਕੋਸ਼ਿਸ਼ ਕੀਤੀ। ਉਸਨੂੰ ਆਪਣੇ ਆਲੇ-ਦੁਆਲੇ ਅਤੇ ਸ਼ਰੀਕਾਂ ਦਾ ਪਤਾ ਸੀ। ਇਸ ਲਈ ਉਹ ਪਿੰਡ ਵਿਚ ਹੌਲੀ-ਹੌਲੀ ਹਿਸਾਬ ਨਾਲ ਵਿਚਰਨ ਲੱਗਾ। ਉਸਨੇ ਕਾਫ਼ੀ ਚਿਰ ਇਸ ਖ਼ਬਰ ਨੂੰ ਗੁਪਤ ਰੱਖਿਆ।

ਉਸਨੇ ਸਭ ਤੋਂ ਪਹਿਲਾਂ ਆਪਣੀ ਦੁਕਾਨ ਨੂੰ ਢਾਹ ਕੇ ਨਵਾਂ ਤੇ ਵੱਡਾ ਕੀਤਾ। ਫਿਰ ਉਸ ਵਿਚ ਦੂਣਾ-ਤੀਣਾ ਮਾਲ ਪਾਇਆ। ਉਸਨੇ ਦਿਖਾਵਾ ਕੀਤਾ ਕਿ ਉਸਨੇ ਬੈਂਕ ਤੋਂ ਕਰਜ਼ਾ ਲਿਆ ਹੈ। ਵੱਡੀ ਦੁਕਾਨ ਤੇ ਨਵਾਂ ਤਾਜ਼ਾ ਸੌਦਾ ਵੇਖ ਕੇ, ਉਸਦੀ ਦੁਕਾਨ ਵੱਲ ਗਾਹਕ ਪਰਤਣ ਲੱਗੇ। ਉਸਦੇ ਭਰਾ ਸੋਚਦੇ ਸਨ ਕਿ ਜੱਗਾ ਕਰਜ਼ਾ ਲੈ ਕੇ ਗ਼ਲਤੀ ਕਰ ਰਿਹਾ ਹੈ ਕਿਉਂਕਿ ਪਿੰਡ ਦੀ ਦੁਕਾਨ ਤੋਂ ਏਨਾ ਕਰਜ਼ਾ ਲਾਹੁਣਾ ਔਖਾ ਹੋਵੇਗਾ ਪਰ ਉਸਨੇ ਦਾਅਵੇ ਨਾਲ ਆਖਿਆ ਕਿ ਦੁਕਾਨਾਂ ਕਰਨੀਆਂ ਕੇਵਲ ਖਤਰੀਆਂ ਮਹਾਜਨਾਂ ਦਾ ਕੰਮ ਹੀ ਨਹੀਂ, ਬਾਕੀ ਵੀ ਚਲਾ ਸਕਦੇ ਹਨ। ਉਸਨੇ ਹੱਥਾਂ 'ਤੇ ਸਰ੍ਹੋਂ ਜਮਾ ਕੇ ਰੱਖ ਦਿੱਤੀ। ਹੌਲੀ-ਹੌਲੀ ਉਸਦੀ ਦੁਕਾਨ ਪਿੰਡ ਵਿਚੋਂ ਅੱਵਲ ਨੰਬਰ 'ਤੇ ਹੋ ਗਈ। ਉਸਨੇ ਆਪਣੀ ਦੁਕਾਨ ਦਾ ਨਵਾਂ ਨਾਮ 'ਜਗਤਾਰ ਕਰਿਆਨਾ ਸਟੋਰ' ਰੱਖਿਆ ਪਰ ਲੋਕੀ ਉਸ ਦੁਕਾਨ ਨੂੰ ਜੱਗੇ ਪਟਵਾਰੀ ਦੀ ਹੀ ਦੁਕਾਨ ਆਖਦੇ ਸਨ।

ਜ਼ਦੋਂ ਕੋਈ ਜਣਾ ਅਚਾਨਕ ਹੀ ਤਰੱਕੀ ਵੱਲ ਪੁਲਾਂਘਾਂ ਪੁੱਟਣ ਲੱਗੇ ਤਾਂ ਲੋਕਾਂ ਵਿਚ ਹਲਚਲ ਮੱਚ ਜਾਂਦੀ ਹੈ। ਲੋਕੀ ਜਾਨਣਾ ਚਾਹੁੰਦੇ ਹਨ ਕਿ ਇਹ ਪੈਸਾ ਕਿਥੋਂ ਆਇਆ ? ਉਨ੍ਹਾਂ ਨੇ ਕਿਆਫੇ ਲਾਉਣੇ ਸ਼ੁਰੂ ਕਰ ਦਿੱਤੇ ਪਰ ਉਨ੍ਹਾਂ ਨੂੰ ਹਾਲੇ ਅਸਲੀਅਤ ਦਾ ਪਤਾ ਨਹੀਂ ਸੀ ਲੱਗਾ। ਕਈ ਕਹਿਣ ਲੱਗ ਪਏ ਸਨ—"ਇੰਜ ਲਗਦਾ ਜਿਵੇਂ ਜੱਗੇ ਦੀ ਰਾਤੋਂ-ਰਾਤ ਕੋਈ ਲਾਟਰੀ ਨਿਕਲੀ ਜਾਂ ਉਹਦੇ ਘਰੋਂ ਕੋਈ ਦੱਬਿਆ ਖਜ਼ਾਨਾ ਨਿਕਲਿਆ।" ਕਈ ਕਹਿੰਦੇ—"ਇਹਨੇ ਕੋਈ ਡਾਕਾ ਮਾਰਿਆ ਏ।" ਲੋਕੀ ਉੱਤੋਂ ਤਾਂ ਜੱਗੇ ਦੀ ਚੜ੍ਹਤ ਵੇਖ ਕੇ ਵਧਾਈਆਂ ਦਿੰਦੇ ਪਰ ਅੰਦਰੋਂ ਦੁਖੀ ਸਨ ਕਿ ਇਹ ਬਾਂਦਰ ਦੇ ਹੱਥ ਅੱਗ ਦੀ ਛੜੀ ਕਿਵੇਂ ਆ ਗਈ ? ਜੇਕਰ ਕੋਈ ਦੁਖੀ ਹੋਵੇ ਤਾਂ ਲੋਕ ਤਰਸ ਕਰਦੇ ਹਨ। ਜੇਕਰ ਕੋਈ ਸੁਖੀ ਹੋਵੇ ਤਾਂ ਲੋਕੀ ਈਰਖਾ ਕਰਦੇ ਹਨ। ਲੋਕਾਂ ਦੇ ਕਿਰਦਾਰ ਦੀ ਜੱਗੇ ਨੂੰ ਛੋਟੀ ਉਮਰ ਵਿਚ ਹੀ ਧੱਕੇ ਧੋੜੇ ਖਾ ਕੇ ਸਮਝ ਆ ਗਈ ਸੀ। ਉਹ ਇਸ ਦੋਧਾਰੀ ਦਾਤਰੀ ਤੋਂ ਸੁਚੇਤ ਹੋ ਕੇ ਚੱਲ ਰਿਹਾ ਸੀ।

ਉਸਨੇ ਕੁਝ ਸਮੇਂ ਬਾਅਦ ਆਪਣਾ ਮਕਾਨ ਵੀ ਪੱਕਾ ਤੇ ਵੱਡਾ ਕਰ ਲਿਆ। ਉਸਨੇ

ਫਰਸ਼ਾਂ ਉਪਰ ਚਿਪਸ ਤੇ ਕਰੇਜ਼ੀ ਲਵਾ ਲਈ। ਉਸਦਾ ਮਕਾਨ ਜ਼ਿਮੀਂਦਾਰਾਂ ਦੇ ਮਕਾਨਾਂ ਨੂੰ ਮਾਤ ਪਾਉਣ ਲੱਗਾ। ਉਸਦੇ ਵੱਡੇ ਭਰਾ ਨੇ ਆਪਣੀ ਸਾਲੀ ਜੋ ਕਿ ਮਾਸਟਰਾਣੀ ਲੱਗੀ ਸੀ, ਦਾ ਰਿਸ਼ਤਾ ਜੱਗੇ ਨੂੰ ਕਰਵਾ ਦਿੱਤਾ। ਜੱਗੇ ਦੀ ਮਾਲੀ ਹਾਲਤ ਦਿਨੋ-ਦਿਨ ਸੁਧਰਦੀ ਜਾ ਰਹੀ ਸੀ। ਪਿੰਡ ਵਿਚ ਰਾਜਾ ਬਰਾਦਰੀ ਦੇ ਪੰਦਰਾਂ ਸੋਲਾਂ ਘਰ ਸਨ। ਉਨ੍ਹਾਂ ਐਤਕੀਂ ਜੱਗੇ ਨੂੰ ਮੈਂਬਰ ਪੰਚਾਇਤ ਬਣਾ ਦਿੱਤਾ। ਉਸ ਸਾਲ ਸਰਪੰਚ ਦੀ ਸਿੱਧੀ ਚੋਣ ਨਹੀਂ ਸੀ। ਪੰਚਾਂ ਵਿਚੋਂ ਹੀ ਸਰਪੰਚ ਚੁਣਨਾ ਸੀ। ਜੱਗੇ ਨੇ ਦਾਰੂ ਅਤੇ ਪੈਸੇ ਦੇ ਜ਼ੋਰ ਨਾਲ ਬਹੁਤੇ ਮੈਂਬਰ ਆਪਣੇ ਵੱਲ ਕਰ ਲਏ ਤੇ ਉਹ ਬਹੁਗਿਣਤੀ ਨਾਲ ਸਰਪੰਚ ਬਣ ਗਿਆ।

ਸਰਪੰਚ ਬਣਦਿਆਂ ਹੀ ਉਸਨੇ ਨਾਦਰਸ਼ਾਹੀ ਚਲਾ ਦਿੱਤੀ। ਉਸਨੇ ਪਿੰਡ ਦਾ ਸਾਂਝਾ ਪੈਸਾ ਕੇਵਲ ਆਪਣੀ ਬਰਾਦਰੀ ਲਈ ਇਕ ਨਵਾਂ ਗੁਰਦੁਆਰਾ ਬਣਵਾਇਆ ਜਿਸ ਦਾ ਨਾਮ ਭਾਈ ਮੋਹਕਮ ਸਿੰਘ ਸਭਾ ਰੱਖਿਆ। ਉਸਨੇ ਆਪਣੇ ਲਾਣੇ ਵਿਚੋਂ ਬਹੁਤ ਸਾਰਿਆਂ ਦੀ ਬੁਢੇਪਾ ਤੇ ਵਿਧਵਾ ਪੈਨਸ਼ਨ ਲਗਵਾ ਦਿੱਤੀ ਅਤੇ ਕਈਆਂ ਨੂੰ ਆਪਣੇ ਰਸੂਖ ਨਾਲ ਕੰਮ ਕਾਰ ਲਈ ਕਰਜ਼ੇ ਦਵਾਏ। ਪਿੰਡ ਵਿਚ ਨੈਣ ਬਰਾਦਰੀ ਦੀ ਵੀ ਪੁੱਛਗਿੱਛ ਸ਼ੁਰੂ ਹੋ ਗਈ। ਉਸਨੇ ਪਿੰਡ ਵਿਚ ਅੰਮ੍ਰਿਤ ਪ੍ਰਚਾਰ ਵੀ ਸ਼ੁਰੂ ਕੀਤਾ। ਉਸਨੇ ਕਿਹਾ ਕਿ ਜਿਹੜਾ ਸਿੱਖ ਪਤਿਤ ਤੇ ਮਨਮੁਖ ਹੋਵੇਗਾ, ਉਸਨੂੰ ਪੰਚਾਇਤ ਵੱਲੋਂ ਕੋਈ ਸਹੂਲਤ ਨਹੀਂ ਦਿੱਤੀ ਜਾਵੇਗੀ। ਉਸਦੀ ਪ੍ਰੇਰਨਾ ਨਾਲ ਬਹੁਤ ਸਾਰੇ ਜੱਟਾਂ ਦੇ ਮੁੰਡੇ ਫਿਰ ਗੁਰੂ ਵਾਲੇ ਬਣ ਗਏ। ਉਹ ਆਪਣੀ ਰਹਿਤ ਵਿਚ ਪੱਕਾ ਸੀ। ਉਸਨੇ ਸਿੱਖੀ ਦਾ ਪ੍ਰਚਾਰ ਡਟ ਕੇ ਕੀਤਾ।

ਉਸਦੇ ਪਿੰਡ ਦਾ ਪੁਰਾਣਾ ਨਾਮ ਭੂਤਨਪੁਰਾ ਸੀ। ਇਹ ਨਾਮ ਨਵੀਂ ਪੀੜ੍ਹੀ ਨੂੰ ਚੁਭਦਾ ਸੀ। ਉਸਨੇ ਪੰਚਾਇਤ ਵਿਚ ਐਲਾਨ ਕੀਤਾ, "ਜਿਹੜਾ ਵੀ ਪੰਚਾਇਤ ਨੂੰ ਪੰਜ ਲੱਖ ਦਾਨ ਦੇਵੇਗਾ, ਉਹ ਆਪਣੇ ਬਜ਼ੁਰਗਾਂ ਦੇ ਨਾਮ ਪਿੰਡ ਦਾ ਨਾਮ ਰੱਖ ਸਕਦਾ ਹੈ।" ਰਕਮ ਵੱਡੀ ਵੇਖ ਕੇ ਕਿਸੇ ਨੇ ਵੀ ਜੇਰਾ ਨਾ ਕੀਤਾ। ਪਰ ਜੱਗੇ ਨੇ ਜੇਰਾ ਕੀਤਾ। ਉਸਨੇ ਕੋਲੋਂ ਪੰਜ ਲੱਖ ਦੇ ਕੇ ਪਿੰਡ ਦਾ ਨਾਮ ਆਪਣੇ ਬਾਪ ਦੇ ਨਾਮ 'ਬੰਤਾ ਸਿੰਘ ਵਾਲਾ' ਰੱਖ ਦਿੱਤਾ। ਇਹ ਕੰਮ ਨਿਯਮਾਂ ਅਨੁਸਾਰ ਪੱਕੇ ਪੈਰੀਂ ਕੀਤਾ ਗਿਆ ਤੇ ਸਰਕਾਰੀ ਕਾਗ਼ਜ਼ੀ ਵਿਚ ਇਸ ਪਿੰਡ ਦਾ ਨਾਮ ਬਦਲ ਕੇ 'ਬੰਤਾ ਸਿੰਘ ਵਾਲਾ' ਲਿਖਿਆ ਗਿਆ।

ਜਦੋਂ ਜੱਗਾ ਪੰਚਾਇਤ ਦੇ ਬਹੁਤੇ ਪੈਸਿਆਂ ਨੂੰ ਆਪਣੇ ਹਿਤਾਂ ਲਈ ਵਰਤਣ ਲੱਗਾ ਤਾਂ ਪਿੰਡ ਵਿਚ ਉਸਦਾ ਵਿਰੋਧ ਸ਼ੁਰੂ ਹੋ ਗਿਆ। ਉਨ੍ਹਾਂ ਨੇ ਜਾਤ ਬਰਾਦਰੀ ਦਾ ਨਾਅਰਾ ਲਾ ਕੇ ਉਸ ਨੂੰ ਸਰਪੰਚੀਉਂ ਲਾਹ ਦਿੱਤਾ ਤੇ ਆਪਣਾ ਕੋਈ ਬੰਦਾ ਚੁਣ ਲਿਆ। ਉਹਨਾਂ ਨੇ ਜੱਗੇ ਵੱਲੋਂ ਦਿੱਤਾ ਪੰਜ ਲੱਖ, ਰਾਜਿਆਂ ਦੀ ਪੱਤੀ ਛੱਡ ਕੇ ਬਾਕੀ ਸਾਰੇ ਪਿੰਡ ਵਿਚ ਲਗਾਇਆ। ਪਰ ਜੱਗੇ ਨੂੰ ਇਸਦੀ ਕੋਈ ਪਰਵਾਹ ਨਹੀਂ ਸੀ। ਉਸਨੇ ਜੋ ਕਰਨਾ ਸੀ, ਕਰ ਲਿਆ ਸੀ। ਉਸਨੇ ਆਪਣੇ ਮਕਾਨ 'ਤੇ ਨਾਂ ਵਾਲੀ ਫੱਟੀ 'ਤੇ ਲਿਖਿਆ—ਰਾਜਾ ਜਗਤਾਰ ਸਿੰਘ, ਸਾਬਕਾ ਸਰਪੰਚ, ਬੰਤਾ ਸਿੰਘ ਵਾਲਾ। ਜਦੋਂ ਲੋਕ ਇਹ ਫੱਟੀ ਪੜ੍ਹਦੇ ਤਾਂ ਉਹ ਈਰਖਾ ਨਾਲ ਉਬਲਣ ਲੱਗਦੇ। ਉਨ੍ਹਾਂ ਨੇ ਬਲਵਾਨ ਵਿਚ ਦਰਖ਼ਾਸਤ ਦਿੱਤੀ ਕਿ ਪਿੰਡ ਦਾ ਨਾਮ

ਪਹਿਲਾਂ ਵਾਲਾ ਹੀ ਹੋਣਾਂ ਚਾਹੀਦਾ ਹੈ ਪਰ ਇੱਟ ਖੂਹ ਵਿਚ ਡਿੱਗ ਪਈ ਸੀ। ਇਸ ਨੂੰ ਸੁੱਕੀ ਕੱਢਣਾ ਮੁਮਕਿਨ ਨਹੀਂ ਸੀ। ਜੱਗੇ ਦਾ ਦਾਨ ਕੀਤਾ ਪੈਸਾ ਵੀ ਉਹ ਵਰਤ ਚੁੱਕੇ ਸਨ ਤੇ ਹੁਣ ਨੌਂ ਮਣ ਤੇਲ ਇਕੱਠਾ ਕਰਨਾ ਮੁਸ਼ਕਲ ਸੀ। ਜੱਗੇ ਨੇ ਕੀ ਮਾੜਾ ਕੀਤਾ ਸੀ ? ਉਨ੍ਹਾਂ ਨੂੰ ਭੂਤਾਂ ਵਿਚੋਂ ਕੱਢ ਕੇ, ਨਵੇਂ ਯੁੱਗ ਨਾਲ ਜੋੜਿਆ ਸੀ। ਪਿੰਡ ਦਾ ਨਵਾਂ ਪੋਚ ਆਪਣੇ ਬਜ਼ੁਰਗਾਂ ਨਾਲ ਸਹਿਮਤ ਨਹੀਂ ਸੀ। ਉਹ ਬੰਤਾ ਸਿੰਘ ਵਾਲਾ ਨੂੰ ਦੋਬਾਰਾ ਭੂਤਨਪੁਰਾ ਨਹੀਂ ਸਨ ਬਣਾਉਣਾ ਚਾਹੁੰਦੇ।

# ਬਾਬਾ ਕਲਜੁਗ

ਅਸੀਂ ਭਾਵੇਂ ਵੇਖਣ ਨੂੰ ਇੱਕੀਵੀਂ ਸਦੀ ਵਿਚ ਵਿਚਰ ਰਹੇ ਹਾਂ ਪਰ ਸਾਡੇ ਸਮਾਜ ਵਿਚ ਅੱਜ ਵੀ ਕਈ ਐਸੇ 'ਮਹਾਪੁਰਸ਼' ਹਨ ਜੋ ਦਸਵੀਂ ਬਾਹਰਵੀਂ ਸਦੀ ਵਿਚ ਹੀ ਜਿਊ ਰਹੇ ਹਨ। ਉਨ੍ਹਾਂ ਦਾ ਜ਼ਿਹਨ ਕੇਵਲ ਅਤੀਤ ਨਾਲ ਹੀ ਉਸਾਰਿਆ ਹੈ ਤੇ ਨਵੇਂ ਜ਼ਮਾਨੇ ਦੀ ਹਾਲੇ ਉਨ੍ਹਾਂ ਨੂੰ ਕਤੱਈ ਹਵਾ ਨਹੀਂ ਲੱਗੀ। ਉਨ੍ਹਾਂ ਦੀ ਸੋਚ ਅੜੀਅਲ ਖੋਤੀ ਵਾਂਗ ਪਿਛਾਂਹ ਨੂੰ ਹੁਲਾਰੇ ਮਾਰਦੀ ਹੈ। ਉਹ ਹਰੇਕ ਆਧੁਨਿਕ ਸਮੱਸਿਆ ਨੂੰ ਭੂਤ-ਕਾਲ ਦੇ ਸੰਦਰਭ ਵਿਚ ਵੇਖਦੇ ਤੇ ਵਾਚਦੇ ਹਨ। ਉਨ੍ਹਾਂ ਨੂੰ ਵਿਗਿਆਨ ਤੇ ਤਕਨਾਲੋਜੀ ਨਾਲ ਦੁਲਹਨ ਵਾਂਗ ਸੰਵਾਰੀ ਇਸ ਦੁਨੀਆ ਦੀ ਕੋਈ ਚੀਜ਼ ਪੋਂਹਦੀ ਨਹੀਂ ਤੇ ਉਹ 'ਨਾ ਮਾਨੂੰ' ਦੀ ਮੁਹਾਰਨੀ ਪੜ੍ਹਦੇ ਹੋਏ, ਅੱਗੇ ਵਧਣ ਦੀ ਜਗ੍ਹਾ ਪਿਛਾਂਹ ਨੂੰ ਜਾਣਾ ਆਪਣੀ ਸ਼ਾਨ ਸਮਝਦੇ ਹਨ। ਬਾਬਾ ਕਲਜੁਗ, ਜੋ ਸਾਰੇ ਪਿੰਡ ਵਾਂਗ ਬਾਰ 'ਚੋਂ ਉਜੜ ਕੇ ਆਇਆ ਸੀ, ਅਜੋਕੇ ਸਮੇਂ ਨੂੰ ਕਲਜੁਗ ਕਹਿ ਕੇ ਪੁਕਾਰਦਾ ਸੀ ਤੇ ਹਰ ਗਲੇ ਲੱਦ ਗਏ ਸਮਿਆਂ ਨੂੰ ਵਡਿਆਉਣ ਵਿਚ ਮਸਤ ਰਹਿੰਦਾ ਸੀ। ਭਾਵੇਂ ਉਸਦਾ ਨਾਮ ਬੁੱਧ ਸਿੰਘ ਸੀ ਪਰ ਉਸਦੇ ਵਖਿਆਣਾਂ ਨੂੰ ਸੁਣ ਕੇ ਲੋਕ ਉਸਨੂੰ ਬਾਬਾ ਕਲਜੁਗ ਕਹਿਣਾ ਹੀ ਮੁਨਾਸਬ ਸਮਝਦੇ ਸਨ।

ਉਹ ਹਰ ਗੱਲੇ ਖਿਝ ਕੇ ਆਖਦਾ—"ਹੁਣ ਤਾਂ ਭਾਈ ਕਲਜੁਗ ਛਾ ਗਿਆ ਆ। ਚਾਰ-ਚੁਫ਼ੇਰੇ ਕਲਜੁਗ ਦਾ ਪਹਿਰਾ ਆ। ਸਾਡੇ ਵੇਲੇ ਏਦਾਂ ਥੋੜ੍ਹਾ ਹੁੰਦਾ ਸੀ, ਹੁਣ ਤਾਂ ਲੋਕਾਂ ਨੇ ਮੂਲੋਂ ਸ਼ਰਮ ਈ ਲਾਹੀ ਆ। ਸਾਡੇ ਵੇਲਿਆਂ ਵਿਚ ਸਭ ਨੂੰ ਧੀ-ਭੈਣ ਦੀ ਸ਼ਰਮ ਸੀ। ਜ਼ਨਾਨੀਆਂ ਪਰਦੇ ਤੇ ਹਯਾ ਵਿਚ ਰਹਿੰਦੀਆਂ ਸਨ। ਜਦੋਂ ਚਲਣਾ ਉਸ ਊਂਦੀ ਪਾ ਕੇ ਚੱਲਣਾ। ਹੁਣ ਤਾਂ ਭਾਈ ਆਵਾ ਈ ਊਤ ਗਿਆ ਆ। ਸਭ ਨੰਗੇ ਸਿਰ, ਮਰਦਾਂ ਵਿਚ ਬਿਨਾਂ ਪਰਦੇ ਤੋਂ ਦਗੜ-ਦਗੜ ਕਰਦੀਆਂ ਫਿਰਦੀਆਂ ਨੇ। ਇਧਰ-ਉਧਰ ਝਾਕਦੀਆਂ ਨੇ ਤੇ ਅੱਖਾਂ ਨਾਲ ਗੱਲਾਂ ਕਰਦੀਆਂ ਨੇ। ਉਨ੍ਹਾਂ ਦੇ ਦੀਦਿਆਂ ਵਿਚ ਜ਼ਰਾ ਵੀ ਸ਼ਰਮ ਹਯਾ ਬਾਕੀ ਨਹੀਂ ਸੀ। ਬਾਬੇ ਬੁੱਧ ਸਿੰਘ ਦੀ ਉਮਰ ਸੁਖ ਨਾਲ ਅੱਸੀ ਤੋਂ ਉਪਰ ਹੋ ਗਈ ਸੀ। ਉਹ ਆਪਣੇ ਬਚਪਨ ਤੇ ਜਵਾਨੀ ਦੇ ਦਿਨਾਂ ਨੂੰ ਸਤਿਜੁਗ ਤੇ ਬੁਢੇਪੇ ਨੂੰ ਕਲਜੁਗ ਸਮਝਦਾ ਸੀ। ਉਸਦੇ ਜੁਗਾਂ ਵਿਚ ਹਜ਼ਾਰਾਂ ਸਾਲਾਂ ਦੀ ਬਜਾਇ ਖ਼ਾਲੀ ਦਹਾਕਿਆਂ ਦਾ ਹੀ ਅੰਤਰ ਸੀ। ਹਰ ਚੀਜ਼ ਜਾਂ ਘਟਨਾ ਜਾਂ ਦੁਰਘਟਨਾ ਨੂੰ ਮਾਪਣ ਦਾ ਉਸਦਾ ਦ੍ਰਿਸ਼ਟੀਕੋਣ ਪੁਰਾਣਾ ਤੇ ਬੋਦਲ ਸੀ। ਅੱਜ ਦੇ ਬੰਦੇ ਉਸਨੂੰ ਰਾਕਸ਼ ਤੇ ਪੁਰਾਣੇ ਦੇਵਤੇ ਲੱਗਦੇ ਸਨ। ਪਿੰਡ ਦੇ ਪੜ੍ਹੇ-ਲਿਖੇ ਮੁੰਡੇ ਤੇ ਜਵਾਨ ਉਸ ਨਾਲ ਬਹਿਸਾਂ ਕਰਦੇ ਤੇ ਖਈਆਂ ਲੈਂਦੇ ਪਰ ਉਸਨੇ ਆਪਣੀ ਸੋਚ ਦਾ ਝੰਡਾ ਬੜਾ ਡੂੰਘਾ

ਗੱਡਿਆ ਹੋਇਆ ਸੀ।

ਜਦੋਂ ਉਹ ਪਾਕਿਸਤਾਨ ਤੋਂ ਉੱਜੜ ਕੇ ਸਾਡੇ ਪਿੰਡ ਬਾਕੀਆਂ ਵਾਂਗ ਆਇਆ ਸੀ ਤਾਂ ਉਹ ਬਾਰ ਦੇ ਨਗਮੇ ਹੀ ਅਲਾਪਦਾ ਰਹਿੰਦਾ। ਉਸਨੂੰ ਅੱਜ ਦੀ ਜਦੋਂ ਕੋਈ ਚੀਜ਼ ਮਾੜੀ ਲੱਗਦੀ ਤਾਂ ਫੱਟ ਉਹ ਬਾਰ ਦੀ ਬੈਕ ਮਾਰਦਾ। ਉਸਦਾ ਪਿਛਲਾ ਗੇਅਰ ਬਹੁਤਾ ਤੇ ਅਗਲਾ ਗੇਅਰ ਘੱਟ-ਵੱਧ ਹੀ ਚਲਦਾ ਸੀ। ਇਕ ਦਿਨ ਮੁੰਡਿਆਂ ਨੂੰ ਕਬੱਡੀ ਖੇਡਦਿਆਂ ਵੇਖ ਕੇ ਆਖਣ ਲੱਗਾ—"ਇਨ੍ਹਾਂ ਮੁੰਡਿਆਂ 'ਚ ਤਾਂ ਜਾਨ ਹੈ ਈ ਨਹੀਂ, ਕਾਗ਼ਤੀ ਭਲਵਾਨ ਨੇ ਏਹ, ਫੂਕ ਮਾਰਿਆਂ ਉੱਡਣ ਵਾਲੇ। ਸਾਡੇ ਵੇਲੇ ਮੁੰਡੇ ਦੁੱਧ ਮੱਖਣ ਮਲਾਈਆਂ ਖਾਂਦੇ ਸਨ। ਲੋਹੇ ਵਰਗੇ ਸਨ ਉਨ੍ਹਾਂ ਦੇ ਜਿਸਮ। ਅੱਜ ਕੱਲ੍ਹ ਤਾਂ ਮੁੰਡਿਆਂ ਨੂੰ ਛਟਾਂਗੀ ਘਿਉ ਖਵਾ ਕੇ ਵੇਖੋ, ਪਚਕਾਰੀਆਂ ਮਾਰਦੇ ਫਿਰਦੇ ਨੇ। ਭੜੂਏ ਭਲਵਾਨੀ ਦੇ ਸੁਪਨੇ ਲੈਂਦੇ ਨੇ। ਇਕ ਹੀ ਦਬਕਾ ਮਾਰੀਏ ਤਾਂ ਇਨ੍ਹਾਂ ਦੀਆਂ ਲੱਤਾਂ ਲਿਬੜ ਜਾਂਦੀਆਂ ਨੇ।"

ਇਕ ਵਾਰੀ ਉਸਦੇ ਕਿਸੇ ਰਿਸ਼ਤੇਦਾਰ ਦੀ ਬੇਵਕਤੇ ਮੌਤ ਹੋ ਗਈ। ਪਿੰਡ ਵਾਲਿਆਂ ਦੀ ਬੇਰੁਖੀ ਵੇਖ ਕੇ ਉਹ ਆਖਣ ਲੱਗਾ—"ਸਾਡੇ ਵੇਲੇ ਜਦੋਂ ਕੋਈ ਪਿੰਡ ਵਿਚ ਰੱਬ ਨੂੰ ਪਿਆਰਾ ਹੋ ਜਾਂਦਾ, ਸਾਰੇ ਪਿੰਡ ਨੇ ਮਰਗ ਵਾਲੇ ਘਰ ਢੁਕ ਬਹਿਣਾ। ਆਪਣੇ ਸਾਰੇ ਕੰਮ-ਧੰਦੇ ਛੱਡ ਕੇ ਮਕਾਣੇ ਤੁਰ ਪੈਣਾ। ਸਾਰੇ ਮਜ਼੍ਹਬਾਂ ਤੇ ਜਾਤਾਂ ਦੇ ਬੰਦੇ ਭੂੰਡਾਂ ਵਾਂਗ ਇਕੱਠੇ ਹੋ ਜਾਂਦੇ ਸਨ ਤੇ ਮਰਗ ਵਾਲੇ ਘਰ ਦਾ ਰੋਟੀ ਪਾਣੀ ਆਪ ਕਰਦੇ। ਮਰਗ ਵਾਲੀ ਰਾਤ ਕੋਈ ਦੁੱਧ ਨਾ ਪੀਂਦਾ। ਸਾਰੇ ਪਿੰਡ ਵਾਸੀ ਸੋਗ ਵਿਚ ਡੁੱਬ ਜਾਂਦੇ ਸਨ। ਹੱਸਣਾ ਖੇਡਣਾ ਤਿਆਗ ਕੇ ਮਕਾਣ ਵਾਲੇ ਘਰ ਜਾ ਕੇ ਉਹਨੂੰ ਦਲਾਸੇ ਦੇਂਦੇ ਤੇ ਉਹਦਾ ਹਰ ਹੀਲੇ ਦੁੱਖ ਵੰਡਾਉਂਦੇ। ਅੱਜ ਕੱਲ੍ਹ ਤਾਂ ਬੰਦਾ ਮਰਿਆ ਜਾਂ ਕੁੱਤਾ ਮਰਿਆ ਇਕੋ ਗੱਲ ਆ। ਉਸੇ ਪੱਤੀ ਵਿਚ ਹੀ ਹਿਲਜੁਲ ਹੁੰਦੀ ਆ, ਬਾਕੀ ਸਭ ਜਾਣੇ ਆਪਣੇ ਟਕੇ ਕਮਾਉਣ ਵੱਲ ਲੱਗੇ ਰਹਿੰਦੇ ਨੇ। ਜੀਹਦਾ ਕੋਈ ਮਰਦਾ ਆ, ਉਹਨੂੰ ਈ ਦੁੱਖ ਹੁੰਦਾ ਆ, ਬਾਕੀ ਅੱਖਾਂ ਮੀਟ ਕੇ ਖੱਬਿਉਂ-ਸੱਜਿਉਂ ਪਾਸਾ ਦੇ ਕੇ ਲੰਘਣ ਦੀ ਕਰ਼ਦੇ ਨੇ ਠੇਠਰਾਂ ਵਾਂਗ।

ਪਿੰਡ ਵਿਚ ਸਾਵਣ ਦੇ ਪਹਿਲੇ ਐਤਵਾਰ ਮੇਲਾ ਲੱਗਦਾ ਹੈ। ਅਕਬਰ ਦੇ ਵੇਲੇ ਇਕ ਰੱਬ ਦਾ ਭਗਤ ਸਾਈਂ ਮੀਆਂ ਲਾਲ ਸ਼ਾਹ ਹੋਇਆ ਹੈ, ਉਸਦੇ ਮਜ਼ਾਰ ਉੱਤੇ ਹਰ ਸਾਲ ਸਾਡੇ ਪਿੰਡ ਮੇਲਾ ਲੱਗਦਾ ਹੈ। ਉਹ ਮੇਲਾ ਵੇਖਣ ਗਿਆ। ਵੇਖ ਕੇ ਆਖਣ ਲੱਗਾ—"ਭਾਈ ਸਾਡੇ ਵਾਰੇ ਜਦੋਂ ਸੌਣ ਦਾ ਮਹੀਨਾ ਆਉਣਾ, ਸਭ ਨੂੰ ਚਾਅ ਚੜ੍ਹ ਜਾਣਾ। ਮੁੰਡਿਆਂ-ਖੁੰਡਿਆਂ ਨੇ ਕੌਡੀ ਖੇਡਣੀ ਤੇ ਘੋਲ ਡੈਹਣੇ। ਕੁੜੀਆਂ ਨੇ ਢਾਣੀਆਂ ਬਣਾ ਕੇ ਤੀਆਂ ਖੇਡਣ ਜਾਣਾ। ਮਾਲ੍ਹ ਪੂੜੇ ਤੇ ਖੀਰਾਂ ਖਾਣੀਆਂ ਤੇ ਪੀਂਘਾਂ ਨੇ ਛਹਿਬਰ ਲਾਉਣੀ। ਢੋਲ ਢਮੱਕੇ ਵੱਜਣੇ ਤੇ ਜਵਾਨਾਂ ਨੇ ਦੰਗਲ ਲਈ ਡੰਡ ਬੈਠਕਾਂ ਮਾਰਨੇ ਤੇ ਲੁੱਡੀਆਂ ਪਾਉਣੀਆਂ। ਅੱਜ ਤਾਂ ਸਾਉਣ ਆਵੇ ਤਾਂ ਉਲਟੀ ਮੁਰਦੇਹਾਣ ਛਾ ਜਾਂਦੀ ਆ। ਕੋਈ ਭੜੂਆ ਛਿੰਜ ਨਹੀਂ ਪਵਾਉਂਦਾ। ਕੋਈ ਤੀਆਂ ਖੇਡਣ ਨਹੀਂ ਜਾਂਦਾ। ਲੋਕਾਂ ਨੇ ਸ਼ਰਾਬ 'ਤੇ ਟੱਕ ਧਰਿਆ। ਗੌਣ ਵਾਲੀਆਂ ਸੱਦ ਲੈਂਦੇ ਨੇ ਤੇ ਉਹਦੇ ਆਲੇ ਦੁਆਲੇ ਭੁੜਕਦੇ ਫਿਰਦੇ ਨੇ। ਆਉਂਦੀ-ਜਾਂਦੀ ਧੀ-ਭੈਣ

ਨੂੰ ਮਾੜੀ ਅੱਖ ਨਾਲ ਵੇਖਦੇ ਨੇ। ਜੇ ਕੋਈ ਸਾਡੇ ਵਰਗਾ ਡੱਕੇ ਤਾਂ ਅੱਗੋਂ ਸਿਰ ਦੇ ਵਾਲਾਂ ਨੂੰ ਪੈਂਦੇ ਨੇ। ਵੇਂਹਦੇ ਇੰਜ ਨੇ ਜਿਵੇਂ ਖਾ ਹੀ ਜਾਣਾ ਹੋਵੇ।"

ਬਾਰ ਵਿਚ ਸਾਡੇ ਵੇਲੇ ਨਨਕਾਣੇ ਦਾ ਮੇਲਾ ਲਗਦਾ ਸੀ। ਵੀਹ-ਵੀਹ ਕੋਹਾਂ ਤੋਂ ਲੋਕ ਢਾਣੀਆਂ ਬੰਨ੍ਹ ਕੇ ਹੱਸਦੇ-ਖੇਡਦੇ, ਗਾਉਂਦੇ-ਨੱਚਦੇ, ਮੇਲੇ ਪੈਦਲ ਹੀ ਤੁਰ ਪੈਂਦੇ। ਅੱਜ ਕੱਲ੍ਹ ਤਾਂ ਜੰਗਲ ਪਾਣੀ ਜਾਣਾ ਹੋਵੇ ਤਾਂ ਸਾਇਕਲ 'ਤੇ ਜਾਂਦੇ ਨੇ। ਉਥੇ ਜਾਣ ਤੋਂ ਵੀਹ ਦਿਨ ਪਹਿਲਾਂ ਜਾਣ ਦਾ ਚਾਅ ਚੜ੍ਹਿਆ ਰਹਿਣਾ। ਅੱਜ ਇੰਨੇ ਦਿਨ ਰਹਿੰਦੇ ਆ, ਅੱਜ ਇੰਨੇ ਦਿਨ ਰਹਿੰਦੇ ਆ। ਮੇਲੇ ਤੋਂ ਇਕ ਦਿਨ ਪਹਿਲਾਂ ਤੁਰ ਪੈਣਾ ਤੇ ਦੋ ਦਿਨ ਬਾਅਦ ਆਉਣਾ। ਕਿਸੇ ਨੇ ਮੇਲੇ ਸ਼ਰਾਰਤ ਕਰਨੀ ਤਾਂ ਸਾਰਿਆਂ ਨੇ ਰਲ ਕੇ ਉਹਦੇ ਗਲ ਪੈ ਜਾਣਾ। ਅਬਲ ਤਾਂ ਕੋਈ ਕਰਦਾ ਈ ਨਹੀਂ ਸੀ। ਅੱਜ ਕੱਲ੍ਹ ਤਾਂ ਲੋਕੀਂ ਮੇਲੇ ਜਾਂਦੇ ਈ ਤਮਾਸ਼ਬੀਨੀ ਵਾਸਤੇ ਨੇ। ਕੁੜੀਆਂ ਆਪ ਚਾਹੁੰਦੀਆਂ ਨੇ ਕਿ ਮੁੰਡੇ ਉਨ੍ਹਾਂ ਨੂੰ ਚੂੰਡੀਆਂ ਵੱਢਣ ਤੇ ਅੱਖ ਮਟੱਕਾ ਕਰਨ। ਬਸ ਅੱਜ-ਕੱਲ੍ਹ ਦੇ ਮੇਲੇ ਤਾਂ ਏਹੋ ਕੁਝ ਹੀ ਰਹਿ ਗਏ ਨੇ। ਧੀ ਭੈਣ ਨੂੰ ਮੇਲੇ ਭੇਜਣ ਨੂੰ ਚਿੱਤ ਈ ਨਹੀਂ ਕਰਦਾ। ਕੁੜੀਆਂ ਨੂੰ ਕਹਿ ਦਈਦਾ ਭਈ ਏਥੇ ਘਰ ਵਿਚ ਈ ਦੋ-ਚਾਰ ਧੱਕੇ ਖਾ ਲਉ, ਉਥੇ ਵੀ ਤਾਂ ਇਹੀ ਕੁਝ ਮਿਲਣੈਂ। ਅੱਜ ਕੱਲ੍ਹ ਤਾਂ ਮੇਲਾ ਪਿੱਛੋਂ ਆਉਂਦਾ ਲੰਘ ਪਹਿਲਾਂ ਜਾਂਦੈ। ਮੇਲੇ ਨਾਲੋਂ ਤਾਂ ਲੋਕੀਂ ਹੁਣ 'ਟੀ.ਬੀ.' ਵਧੇਰੇ ਵੇਖਦੇ ਨੇ। ਉਹ ਟੀ.ਵੀ. ਨੂੰ ਚਿੜ ਨਾਲ ਟੀ.ਬੀ. ਆਖਦੀ ਸੀ। ਬਹੁਤੇ ਲੋਕੀ ਅੰਦਰੀਂ ਵੜੇ ਰਹਿੰਦੇ ਸਨ। ਅੰਦਰ ਵੜ ਕੇ ਵੀ ਭਲਾ ਮੇਲੇ ਵੇਖੇ ਜਾਂਦੇ ਨੇ ? ਹੁਣ ਤਾਂ ਬਈ ਰੱਬ ਈ ਰਾਖਾ ਆ।"

ਬਾਬੇ ਕਲਜੁਗ ਦੇ ਲੰਮੇ-ਲੰਮੇ ਵਖਿਆਨ ਸੁਣ ਕੇ ਲੋਕ ਉਸਦੀ ਗੱਲ ਵਿਚੇ ਛੱਡ ਕੇ ਤੁਰ ਪੈਂਦੇ। ਉਹ ਜਦੋਂ ਇਕ ਵਾਰ ਛਿੜ ਪੈਂਦਾ ਤਾਂ ਪੂਰੀ ਝੁੱਟੀ ਲਾ ਕੇ ਹੀ ਹਟਦਾ ਸੀ। ਭਾਵੇਂ ਕੋਈ ਹੁੰਗਾਰਾ ਦੇਵੇ ਜਾ ਨਾਂ, ਉਹ ਦੱਬੀ ਤੁਰਿਆ ਜਾਂਦਾ ਸੀ। ਇਸ ਤਰ੍ਹਾਂ ਉਹ ਆਪਣੇ ਵੇਲੇ ਦੀ ਗੱਲਾਂ ਕਰਕੇ ਆਪਣਾ ਗੁਬਾਰ ਕੱਢ ਲੈਂਦਾ ਸੀ। ਕਈ ਵਾਰ ਉਹਦੀ ਗੱਲ ਸੁਣਨ ਵਾਲਾ ਜਦ ਕੋਈ ਇਕੱਲਾ ਹੀ ਰਹਿ ਜਾਂਦਾ ਤਾਂ ਉਹ ਉਸਦੀ ਬਾਂਹ ਫੜ ਕੇ ਗੱਲ ਜਾਰੀ ਰੱਖਦਾ ਤੇ ਉਸ ਵੇਲੇ ਹੀ ਛੱਡਦਾ, ਜਦ ਤਕ ਉਸਦਾ ਭਾਸ਼ਣ ਪੂਰੀ ਤਰ੍ਹਾਂ ਉਤਰ ਨਾ ਜਾਂਦਾ। ਕਈ ਲੋਕ ਤਾਂ ਬਾਬੇ ਨੂੰ ਆਪਣੇ ਵੱਲ ਤੁਰੇ ਆਉਂਦੇ ਨੂੰ ਵੇਖ ਕੇ ਪਾਸਾ ਹੀ ਮੋੜ ਲੈਂਦੇ ਤਾਂ ਕਿ ਬਾਬੇ ਨਾਲ ਪੇਚਾ ਨਾ ਹੀ ਪਵੇ। ਪਰ ਫਿਰ ਵੀ ਬਾਬਾ ਹਰ ਰੋਜ਼ ਆਪਣੇ ਨਵੇਂ-ਨਵੇਂ ਸ਼ਿਕਾਰ ਲੱਭ ਹੀ ਲੈਂਦਾ ਸੀ।

ਇਕ ਦਫ਼ਾ ਪਿੰਡ ਦੇ ਦੋ ਮੋਹਤਬਰ ਪਰਿਵਾਰਾਂ ਦਾ ਜ਼ਮੀਨ ਤੋਂ ਝਗੜਾ ਹੋ ਗਿਆ। ਦੋਵੇਂ ਪਾਰਟੀਆਂ ਦੇ ਬੰਦਿਆਂ ਨੂੰ ਗੰਭੀਰ ਚੋਟਾਂ ਲੱਗੀਆਂ। ਉਨ੍ਹਾਂ ਵਿਚੋਂ ਇਕ ਬਾਬੇ ਕਲਜੁਗ ਦੇ ਸਕੇ ਸੋਧਰੇ ਸਨ। ਉਸਨੇ ਵਿਚ ਹੋ ਕੇ ਦੋਹਾਂ ਧਿਰਾਂ ਦੀ ਸੁਲਾਹ ਸਫ਼ਾਈ ਕਰਾਉਣ ਦਾ ਬੀੜਾ ਚੁੱਕਿਆ ਪਰ ਉਹ ਦੋਵੇਂ ਧਿਰ ਇਕ ਦੂਜੇ ਨੂੰ ਸਬਕ ਸਿਖਾਉਣ ਦੇ ਰੌਂਅ ਵਿਚ ਸਨ। ਉਨ੍ਹਾਂ ਪੰਚਾਇਤ ਤੇ ਬਾਬੇ ਦੀ ਇਕ ਨਾ ਮੰਨੀ ਤੇ ਕੇਸ ਪੁਲਿਸ ਕੋਲ ਚਲਾ ਗਿਆ। ਖੂਹ ਵਿਚ ਡਿੱਗੀ ਇੱਟੀ ਸੁੱਕੀ ਕਿਵੇਂ ਨਿਕਲਣੀ ਸੀ ? ਪੁਲਸ ਵਾਲੇ ਦੋਵਾਂ ਧਿਰਾਂ ਨੂੰ ਝੂਠੀਆਂ ਛੱਬੀਆਂ ਬਣਾਉਣ

ਲਈ ਦਾਅ ਪੇਚ ਦੱਸ ਰਹੇ ਸਨ। ਡਾਕਟਰਾਂ ਕੋਲ ਵੀ ਗੇੜੇ ਵੱਜਣ ਲੱਗੇ। ਬਾਬੇ ਨੇ ਠਾਣੇ ਜਾ ਕੇ ਦੋਹਾਂ ਧਿਰਾਂ ਨੂੰ ਅਕਲ ਤੋਂ ਕੰਮ ਲੈਣ ਲਈ ਆਖਿਆ। ਉਹ ਬਜਿਦ ਸਨ। ਬਾਬੇ ਨੇ ਉਨ੍ਹਾਂ ਨੂੰ ਆਖਿਆ—"ਮੈਂ ਪਿੰਡ ਨੂੰ ਏਦਾਂ ਨਹੀਂ ਉਜੜਨ ਦੇਵਾਂਗਾ। ਜੇਕਰ ਤੁਸੀਂ ਮੇਰੀ ਚੌਥ ਬਾਰਾਂ ਵਜੇ ਤਕ ਨਹੀਂ ਮੰਨੋਗੇ ਤਾਂ ਮੈਂ ਗੁਰਦੁਆਰੇ ਦੇ ਸਾਹਮਣੇ ਤੇਲ ਪਾ ਕੇ ਆਪਣੇ ਆਪ ਨੂੰ ਸਾੜ ਫੂਕ ਲਵਾਂਗਾ। ਕੋਈ ਹੱਜ ਨਹੀਂ ਏਦਾਂ ਜੀਣ ਦਾ।" ਇਹ ਕਹਿ ਕੇ ਬਾਬਾ ਪਿੰਡ ਪਰਤ ਆਇਆ। ਦੋਵਾਂ ਪਾਰਟੀਆਂ ਨੇ ਸਮਝਿਆ ਕਿ ਬਾਬੇ ਨੇ ਟਰਪੱਲ ਹੀ ਮਾਰਿਆ ਏ। ਸਮਾਂ ਲੰਘਦਾ ਗਿਆ ਤੇ ਚੌਥ ਦੇ ਬਾਰਾਂ ਵੀ ਵੱਜ ਗਏ।

ਏਧਰ ਬਾਬੇ ਨੇ ਬਾਰਾਂ ਵੱਜਣ ਤੋਂ ਪਹਿਲਾਂ ਗੁਰਦੁਆਰੇ ਮੱਥਾ ਟੇਕਿਆ ਤੇ ਘਰੋਂ ਤੇਲ ਦੀ ਪੀਪੀ ਲਿਆ ਕੇ ਵੱਡੇ ਗੁਰਦੁਆਰੇ ਦੇ ਐਨ ਸਾਹਮਣੇ ਚੌਂਕੜੀ ਮਾਰ ਕੇ ਬੈਠ ਗਿਆ। ਲੋਕ ਇਕੱਠੇ ਹੋਣ ਲੱਗੇ। ਕੁਝ ਤਾਂ ਹਾਲੇ ਵੀ ਕਹਿ ਰਹੇ ਸਨ 'ਮਰਨ ਦਿਉ ਬੁੱਢੇ ਨੂੰ। ਬੜਾ ਚਿਰ ਖਾ-ਹੰਢਾ ਲਿਆ ਏ ਏਹਨੇ।' ਪਰ ਬਹੁਤ ਸਮਝੌਤੇ ਦੇ ਹੱਕ ਵਿਚ ਸਨ। ਏਨੇ ਨੂੰ ਦੋਹਾਂ ਪਾਰਟੀਆਂ ਨੂੰ ਬਾਬੇ ਦੀ ਤਿਆਰੀ ਦੀ ਖ਼ਬਰ ਮਿਲੀ। ਉਨ੍ਹਾਂ ਨੂੰ ਭਾਜੜਾਂ ਪੈ ਗਈਆਂ। ਪਿੰਡ ਦੇ ਮੋਹਤਬਰਾਂ ਨੇ ਦੋਹਾਂ ਪਾਰਟੀਆਂ ਨੂੰ ਪੰਚਾਇਤ ਘਰ ਵਿਚ ਇਕੱਠਾ ਕੀਤਾ ਤੇ ਉਨ੍ਹਾਂ ਨੂੰ ਬਾਬੇ ਦੀ ਜ਼ਿੰਦਗੀ ਦਾ ਵਾਸਤਾ ਪਾ ਕੇ ਸਮਝੌਤੇ ਦੀਆਂ ਤਿੰਨ ਦਰਖਾਸਤਾਂ ਲਿਖਾਈਆਂ। ਉਨ੍ਹਾਂ ਇਕ ਦਰਖਾਸਤ ਸਰਪੰਚ ਨੂੰ, ਦੂਜੀ ਪੁਲਸ ਨੂੰ ਤੇ ਤੀਜੀ ਬਾਬੇ ਦੇ ਅੱਗੇ ਜਾ ਰੱਖੀ। ਬਾਬੇ ਨੇ ਜਦੋਂ ਪੜ੍ਹੀ ਤਾਂ ਉਹ ਫਿਰ ਉੱਠ ਕੇ ਗੁਰਦੁਆਰੇ ਮੱਥਾ ਟੇਕਣ ਗਿਆ ਤੇ ਪੀਪੀ ਚੁੱਕ ਕੇ ਘਰ ਲੈ ਆਇਆ। ਲੋਕ ਬਾਬੇ ਨੂੰ ਬੜੇ ਅਦਬ-ਮਾਣ ਨਾਲ ਘਰ ਤਕ ਛੱਡਣ ਗਏ। ਦੋਵੇਂ ਪਾਰਟੀਆਂ ਦੇ ਮੋਹਰੀ ਵੀ ਨਾਲ ਸਨ। ਜਦੋਂ ਇਹ ਖ਼ਬਰ ਹਲਕੇ ਦੇ ਮੰਤਰੀ ਨੂੰ ਮਿਲੀ ਤਾਂ ਉਸ ਨੇ ਪਿੰਡ ਆ ਕੇ ਬਾਬੇ ਬੁੱਧ ਸਿੰਘ ਨੂੰ ਅਮਨ ਸ਼ਾਂਤੀ ਲਈ ਸਨਮਾਨਿਆ। ਇਸ ਕਾਰਜ ਨਾਲ ਬਾਬੇ ਦਾ ਮਾਣ ਸਤਿਕਾਰ ਦੂਣਾ ਹੋ ਗਿਆ ਸੀ। ਹੁਣ ਬਾਬੇ ਨੂੰ ਪੀੜ੍ਹੀ ਆਖਦੀ ਸੀ ਕਿ ਬਾਬੇ ਨੇ ਜ਼ਿੰਦਗੀ ਵਿਚ ਇਹ ਪਹਿਲਾ ਨੇਕ ਕੰਮ ਕੀਤਾ ਏ। ਪਹਿਲਾਂ ਤਾਂ ਐਵੇਂ ਯੱਕੜ ਈ ਮਾਰਿਆ ਕਰਦਾ ਸੀ। ਪਰ ਪਿੰਡ ਦੇ ਸਿਆਣੀ ਉਮਰ ਦੇ ਬੰਦੇ ਬਾਬੇ ਦੀ ਦਿਲੋਂ ਇੱਜ਼ਤ ਕਰਨ ਲੱਗ ਪਏ ਸਨ।

# ਰਾਜੂ ਰੰਘਰੇਟਾ

ਰਾਜੂ ਛੋਟੇ ਹੁੰਦਿਆਂ ਹੀ ਨਾਨਕੇ ਕਲਕੱਤੇ ਚਲਾ ਗਿਆ ਸੀ। ਉਥੇ ਉਸਦੇ ਮਾਮੇ ਟਰੱਕ ਤੇ ਟੈਕਸੀ ਚਲਾਉਂਦੇ ਸਨ। ਉਹ ਕਲਕੱਤੇ ਦਸਵੀਂ ਜਮਾਤ ਤਕ ਪੜ੍ਹਿਆ ਤੇ ਉਸਦੇ ਪਿਤਾ ਬਿਮਾਰ ਰਹਿਣ ਕਾਰਨ ਉਸ ਨੂੰ ਵਾਪਸ ਪਿੰਡ ਪਰਤਣਾ ਪਿਆ। ਉਹ ਭਾਵੇਂ ਹਰੀਜਨ ਸਿੱਖ ਪਰਿਵਾਰ ਨਾਲ ਸੰਬੰਧਤ ਸੀ ਪਰ ਉਸਦਾ ਰੰਗ ਕਾਫੀ ਸਾਫ਼ ਤੇ ਨੈਣ ਨਕਸ਼ ਤਿੱਖੇ ਸਨ। ਬਾਹਰਲਾ ਬੰਦਾ ਵੇਖ ਕੇ ਕਹਿ ਨਹੀਂ ਸੀ ਸਕਦਾ ਕਿ ਉਹ ਹਰੀਜਨ ਹੈ। ਉਹ ਕਿਉਂਕਿ ਕਲਕੱਤੇ ਪੜ੍ਹਿਆ ਸੀ ਇਸ ਲਈ ਉਸਦਾ ਸੁਭਾਅ ਤੇ ਵਿਹਾਰ ਅਨਪੜ੍ਹ ਪੇਂਡੂ ਹਰੀਜਨਾਂ ਨਾਲੋਂ ਕਾਫ਼ੀ ਸੁਧਰ ਗਿਆ ਸੀ। ਥਾਵਾਂ ਰਾਖਵੀਆਂ ਹੋਣ ਕਾਰਨ ਉਸਨੂੰ ਜੰਗਲਾਤ ਵਿਭਾਗ ਵਿਚ ਬਤੌਰ ਕਲਰਕ ਨੌਕਰੀ ਮਿਲ ਗਈ ਸੀ। ਨੌਕਰੀ ਮਿਲ ਜਾਵੇ ਤਾਂ ਕੁੜੀਆਂ ਵਾਲੇ ਮਗਰ-ਮਗਰ ਫਿਰਨ ਲੱਗਦੇ ਹਨ। ਇਸ ਲਈ ਉਹਦੇ ਨਾਲ ਵੀ ਇਸ ਤਰ੍ਹਾਂ ਹੀ ਹੋਇਆ। ਉਹ ਇਕ ਫ਼ੌਜੀ ਦੀ ਸੁੰਦਰ ਕੰਨਿਆ ਨਾਲ ਉਹ ਮੰਗਿਆ ਗਿਆ।

ਕਿਉਂਕਿ ਉਹ ਬਹੁਤ ਸੋਹਣਾ ਸੁਨੱਖਾ ਸੀ, ਉਸਦਾ ਅੱਖ-ਮਟੱਕਾ ਇਕ ਜ਼ਿਮੀਂਦਾਰ ਦੀ ਲੜਕੀ ਨਾਲ ਹੋ ਗਿਆ। ਲੜਕੀ ਉਸ ਉਪਰ ਲੱਟੂ ਹੋ ਗਈ ਸੀ। ਉਹ ਜ਼ਿਮੀਂਦਾਰ ਲਾਗਲੇ ਪਿੰਡ ਦਾ ਸੀ। ਇਕ ਰਾਤ ਜਦੋਂ ਉਹ ਲੜਕੀ ਨੂੰ ਇਕ ਖੇਤਾਂ ਵਿਚ ਮਿਲ ਰਿਹਾ ਸੀ ਤਾਂ ਲੜਕੀ ਦੇ ਭਰਾਵਾਂ ਨੇ ਸੂਹ ਕੱਢ ਕੇ ਉਸ ਨੂੰ ਉਥੇ ਹੀ ਦਬੋਚ ਲਿਆ। ਲੜਕੀ ਤਾਂ ਭਰਾਵਾਂ ਨੂੰ ਵੇਖ ਕੇ ਘਰ ਭੱਜ ਗਈ ਪਰ ਰਾਜੂ ਦੀ ਸ਼ਾਮਤ ਆ ਗਈ। ਰਾਜੂ ਨੂੰ ਰਾਤ ਉਨ੍ਹਾਂ ਕੁੱਟ ਮਾਰ ਕੇ ਅੰਦਰ ਤਾੜ ਦਿੱਤਾ। ਤੇ ਸਵੇਰੇ ਸਾਡੇ ਪਿੰਡ ਦੀ ਪੰਚਾਇਤ ਕੋਲ ਪੇਸ਼ ਕੀਤਾ। ਕੁੜੀ ਸਾਡੇ ਪਿੰਡ ਦੇ ਨੱਥਾ ਸਿੰਘ ਸ਼ਾਹ ਦੀ ਨੇੜਿਓਂ ਰਿਸ਼ਤੇਦਾਰ ਸੀ। ਇਕ ਮਜ਼੍ਹਬੀਆਂ ਦਾ ਮੁੰਡਾ ਇਕ ਜ਼ਿਮੀਂਦਾਰਾਂ ਦੀ ਲੜਕੀ ਨਾਲ ਮੇਲ ਜੋਲ ਰੱਖੇ, ਇਹ ਗੱਲ ਬਰਦਾਸ਼ਤ ਨਹੀਂ ਸੀ ਕੀਤੀ ਜਾ ਸਕਦੀ। ਰਾਜੂ ਨੇ ਜਦ ਕਿਹਾ ਕਿ ਉਹ ਲੜਕੀ ਉਸ ਨੂੰ ਖ਼ੁਦ ਬੁਲਾਉਂਦੀ ਹੈ ਤਾਂ ਲੜਕੀ ਨੇ ਭਰਾਵਾਂ ਤੋਂ ਡਰਦੀ ਨੇ ਕਿਹਾ ਕਿ ਰਾਜੂ ਨੇ ਉਸ ਨੂੰ ਧੋਖੇ ਨਾਲ ਬੁਲਾਇਆ ਹੈ। ਪੰਚਾਇਤ ਪਹਿਲਾਂ ਹੀ ਰਾਜੂ ਨੂੰ ਠੋਕਣਾ ਚਾਹੁੰਦੀ ਸੀ। ਬਹੁਸੰਮਤੀ ਨਾਲ ਫ਼ੈਸਲਾ ਹੋਇਆ ਕਿ ਉਸਦਾ ਮੂੰਹ ਕਾਲਾ ਕਰਕੇ ਖੋਤੀ ਉੱਤੇ ਬਿਠਾ ਕੇ ਪਿੰਡ ਵਿਚ ਫੇਰਿਆ ਜਾਵੇ। ਰਾਜੂ ਨੂੰ ਇਹ ਸਜ਼ਾ ਭੁਗਤਣੀ ਪਈ ਕਿਉਂਕਿ ਪਿੰਡ ਦੀ ਮਜ਼੍ਹਬੀ ਬਰਾਦਰੀ ਜ਼ਿਮੀਂਦਾਰਾਂ ਦੇ ਦਬਦਬੇ ਹੇਠ ਦੱਬੀ ਪਈ ਸੀ। ਕਿਸੇ ਨੇ ਹਾਅ ਦਾ ਨਾਅਰਾ ਨਾ ਮਾਰਿਆ ਤੇ ਰਾਜੂ ਦਾ ਨਜਾਇਜ਼ ਜਲੂਸ ਨਿਕਲ ਗਿਆ।

ਉਸਦਾ ਘਰ ਜ਼ਿਮੀਂਦਾਰਾਂ ਦੇ ਘਰਾਂ ਨਾਲ ਲੱਗਦਾ ਸੀ। ਸ਼ਾਹ ਨੇ ਉਸਦਾ ਕੋਠਾ ਕੁੱਲਾ ਢਾਅ ਦਿੱਤਾ ਤੇ ਉਸਨੂੰ ਠੱਠੀ ਵਿਚ ਰਹਿਣ ਲਈ ਹੁਕਮ ਹੋਇਆ। ਉਧਰ ਇਹ ਘਟਨਾ ਸੁਣ ਕੇ ਉਸਦੀ ਮੰਗਣੀ ਟੁੱਟ ਗਈ। ਲੋਕੀ ਉਸਨੂੰ ਨਫ਼ਰਤ ਭਰੀਆਂ ਅੱਖਾਂ ਨਾਲ ਵੇਖਣ ਲੱਗੇ। ਭਾਵੇਂ ਉਹ ਹਰ ਮੋਹਤਬਰ ਬੰਦੇ ਨੂੰ ਆਖਦਾ ਸੀ ਕਿ ਉਹ ਨਿਰਦੋਸ਼ ਹੈ ਤੇ ਲੜਕੀ ਨੇ ਡਰ ਕੇ ਉਸਦੇ ਵਿਰੁੱਧ ਬਿਆਨਬਾਜ਼ੀ ਕੀਤੀ ਹੈ ਪਰ ਲੋਕ ਉਸਦੇ ਸਾਹਮਣੇ ਉਹਦੀ ਗੱਲ ਸੁਣ ਲੈਂਦੇ ਤੇ ਦੂਰ ਜਾ ਕੇ ਆਖਦੇ—"ਐਵੇਂ ਕੰਜਰਾਂ ਦਾ ਹੁਣ ਝੂਠ ਬੋਲਦਾ।" ਉਸਦੇ ਬਿਮਾਰ ਪਿਉ ਨੇ ਸ਼ਾਹ ਕੋਲ ਜਾ ਕੇ ਮੁਆਫ਼ੀ ਮੰਗੀ ਤੇ ਉਸਦੇ ਪੈਰੀਂ ਪੈ ਗਿਆ। ਸ਼ਾਹ ਦਾ ਬੜੀ ਮੁਸ਼ਕਲ ਨਾਲ ਗ਼ੁੱਸਾ ਠੰਡਾ ਹੋਇਆ।

ਰਾਜੂ ਧੁਨ ਦਾ ਪੱਕਾ ਸੀ। ਉਹ ਗੁਰੂ ਦਾ ਸਿੱਖ ਤੇ ਸਾਬਤ ਸੂਰਤ ਸੀ। ਉਸਨੇ ਆਪਣਾ ਵਿਆਹ ਕਿਸੇ ਬਰਾਦਰੀ ਦੀ ਲੜਕੀ ਨਾਲ ਕਰਵਾਇਆ। ਉਹ ਜ਼ਿਮੀਂਦਾਰਾਂ ਦੇ ਗੁਰਦੁਆਰੇ ਆਪਣੀ ਸਿੰਘਣੀ ਨਾਲ ਮੱਥਾ ਟੇਕਣ ਜਾਂਦਾ, ਜਦੋਂ ਕਿ ਪਿੰਡ ਵਿਚ ਹਰੀਜਨਾਂ ਦੀ ਪੱਤੀ ਵਿਚ ਉਨ੍ਹਾਂ ਲਈ ਵੱਖਰਾ ਗੁਰਦੁਆਰਾ ਸੀ। ਇਕ ਦਿਨ ਕੁਝ ਜ਼ਿਮੀਂਦਾਰਾਂ ਇਕੱਠੇ ਹੋ ਕੇ ਉਸ ਨੂੰ ਗੁਰਦੁਆਰਿਓਂ ਬਾਹਰ ਕੱਢਿਆ ਤੇ ਗਾਲ੍ਹਾਂ ਕੱਢਣ ਲੱਗ ਪਏ। ਇਕ ਜਣਾ ਆਖਣ ਲੱਗਾ:—"ਹਰਾਮ ਦਿਆ ਪੁੱਤਾ ਆਪਣੀ ਔਕਾਤ ਨਹੀਂ ਵੇਖਦਾ, ਕਿਉਂ ਜ਼ਿਮੀਂਦਾਰਾਂ ਨਾਲ ਪੰਘੇ ਲੈਂਦਾ ਏਂ। ਛਿਤਰ ਪਿਆਂ ਨੂੰ ਬਹੁਤਾ ਚਿਰ ਨਹੀਂ ਹੋਇਆ। ਦੁਬਾਰਾ ਖਾਣ ਨੂੰ ਤਾਂ ਨਹੀਂ ਦਿਲ ਕਰਦਾ?" ਰਾਜੂ ਬੇਵੱਸ ਹੋ ਕੇ ਚੁੱਪ ਰਿਹਾ ਤੇ ਜਾਣ ਤੋਂ ਪਹਿਲਾਂ ਆਖਣ ਲੱਗਾ—"ਇਹ ਉਸੇ ਗੁਰੂ ਦਾ ਗੁਰਦੁਆਰਾ ਏ, ਜਿਸਦਾ ਮੈਂ ਸਿੱਖ ਵਾਂ। ਸਿੱਖਾਂ ਵਿਚ ਕੋਈ ਜਾਤ ਪਾਤ ਜਾਂ ਭੇਦਭਾਵ ਨਹੀਂ ਹੋਣਾ ਚਾਹੀਦੈ। ਇਹ ਤਾਂ ਤੁਸੀਂ ਘਰ ਦੀ ਸਿੱਖੀ ਬਣਾ ਰੱਖੀ ਏ। ਗੁਰੂ ਨੇ ਤਾਂ ਜੀਵਨ ਸਿੰਘ ਰੰਗਰੇਟੇ ਨੂੰ ਗਲੇ ਲਾ ਕੇ ਆਖਿਆ ਸੀ—"ਰੰਗਰੇਟਾ ਗੁਰੂ ਕਾ ਬੇਟਾ। ਤੁਸੀਂ ਕਿਹੜੇ ਕਿਸੇ ਆਪਣੇ ਹੀ ਗੁਰੂ ਦਾ ਇਹ ਗੁਰਦੁਆਰਾ ਬਣਾਇਆ ਏ?" ਉਨ੍ਹਾਂ ਵੱਲੋਂ ਕੋਈ ਜਵਾਬ ਨਾ ਮਿਲਣ 'ਤੇ ਉਹ ਆਪਣੀ ਸਰਦਾਰਨੀ ਨੂੰ ਨਾਲ ਲੈ ਕੇ ਬੁੜਬੁੜ ਕਰਦਾ ਘਰ ਵੱਲ ਤੁਰ ਪਿਆ।

ਅਗਲੇ ਹੀ ਸਾਲ ਰਾਜੂ ਦੇ ਪਿਤਾ ਜੀ ਦੀ ਮੌਤ ਹੋ ਗਈ। ਪਿੰਡ ਵਿਚ ਮਜ਼ਬੀ ਸਿੰਘਾਂ ਲਈ ਵੱਖਰੀਆਂ ਮੜ੍ਹੀਆਂ ਸਨ। ਪਰ ਰਾਜੂ ਬਜ਼ਿਦ ਹੋ ਕੇ ਆਪਣੇ ਪਿਤਾ ਦੀ ਅਰਥੀ ਜ਼ਿਮੀਂਦਾਰਾਂ ਦੀਆਂ ਮੜ੍ਹੀਆਂ ਵੱਲ ਲੈ ਤੁਰਿਆ। ਉਸਨੂੰ ਉਹਦੇ ਰਿਸ਼ਤੇਦਾਰਾਂ ਯਾਰਾਂ ਨੇ ਬਥੇਰਾ ਰੋਕਿਆ ਪਰ ਉਹ ਰੁਕਣ ਵਾਲਾ ਨਹੀਂ ਸੀ। ਜਦੋਂ ਪਿੰਡ ਦੀ ਗੁਰਦੁਆਰਾ ਕਮੇਟੀ ਨੂੰ ਇਸ ਹਰਕਤ ਦਾ ਪਤਾ ਲੱਗਾ ਤਾਂ ਉਹ ਡਾਂਡੇ-ਮੀਂਡੇ ਮੜ੍ਹੀਆਂ ਵੱਲ ਦੌੜੇ ਤੇ ਰਾਜੂ ਦੇ ਪਿਉ ਦੀ ਅਰਥੀ ਨੂੰ ਸ਼ਮਸ਼ਾਨ ਭੂਮੀ ਵਿਚ ਪ੍ਰਵੇਸ਼ ਕਰਨ ਤੋਂ ਰੋਕ ਦਿੱਤਾ ਤੇ ਉਨ੍ਹਾਂ ਨੂੰ ਦੂਜੀਆਂ ਮੜ੍ਹੀਆਂ ਦਾ ਰਸਤਾ ਵਿਖਾਇਆ। ਤਕਰਾਰ ਤੋਂ ਡਰਦੇ ਰਾਜੂ ਤੇ ਉਸਦੇ ਭਰਾਵਾਂ ਨੇ ਹਰੀਜਨਾਂ ਦੀਆਂ ਮੜ੍ਹੀਆਂ ਵਿਚ ਹੀ ਸਸਕਾਰ ਕਰਨਾ ਵਾਜਿਬ ਸਮਝਿਆ। ਉਸਨੂੰ ਦੋਬਾਰਾ ਚੋਟ ਲੱਗੀ। ਉਸਦੀ ਪਿੰਡ ਵਾਲਿਆਂ ਪ੍ਰਤੀ ਕੁੜੱਤਣ ਤੇ ਰੋਸ ਦਿਨੋ-ਦਿਨ ਵਧੀ ਜਾ ਰਿਹਾ ਸੀ।

ਇਨ੍ਹੀਂ ਹੀ ਦਿਨੀਂ ਇਕ ਜ਼ਿਮੀਂਦਾਰਾਂ ਦੇ ਲੜਕੇ ਨੇ ਇਕ ਹੋਰ ਹਰੀਜਨਾਂ ਦੀ ਲੜਕੀ ਨੂੰ ਛੇੜਿਆ ਜੋ ਕਿ ਉਨ੍ਹਾਂ ਦੀ ਸਬਜ਼ੀ ਤੋੜਨ ਗਈ ਸੀ। ਉਹ ਲੜਕੀ ਰਾਜੂ ਦੇ ਤਾਏ ਦੀ ਪੋਤਰੀ ਸੀ। ਤਾਏ ਅਤੇ ਰਾਜੂ ਨੇ ਆਪਣੀ ਇੱਜ਼ਤ ਬਹਾਲ ਕਰਨ ਲਈ ਇਹ ਕੇਸ ਪੰਚਾਇਤ ਵਿਚ ਚੁੱਕਿਆ। ਪੰਚਾਇਤ ਵੀ ਬਹੁਤੀ ਜ਼ਿਮੀਂਦਾਰ ਪੱਖ ਹੀ ਸੀ। ਉਸਨੇ ਫ਼ੈਸਲਾ ਇਹ ਕੀਤਾ— ਦੋਸ਼ੀ ਲੜਕੇ ਨੂੰ ਉਸਦੇ ਪਿਉ ਨੇ ਗਾਲ੍ਹਾਂ ਕੱਢੀਆਂ ਤੇ ਕਿਹਾ ਕਿ ਜੇਕਰ ਉਸਨੇ ਦੋਬਾਰਾ ਐਸੀ ਹਰਕਤ ਕੀਤੀ ਤਾਂ ਪੰਚਾਇਤ ਉਸ ਨਾਲ ਸਖ਼ਤੀ ਨਾਲ ਪੇਸ਼ ਆਵੇਗੀ। ਹਾਲਾਂਕਿ ਲੜਕੀ ਨੇ ਸ਼ਰੇਆਮ ਲੜਕੇ ਵਿਰੁੱਧ ਸ਼ਿਕਾਇਤ ਕੀਤੀ ਸੀ ਪਰ ਪੰਚਾਇਤ ਨੇ ਇਹ ਨਰਮ ਫ਼ੈਸਲਾ ਇਸ ਲਈ ਲਿਆ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ ਲੜਕੀ ਬਦਚਲਨ ਸੀ ਤੇ ਉਹਨੇ ਆਪਣੇ ਤੋਂ ਉੱਚੀ ਜਾਤ ਦੇ ਮੁੰਡੇ ਨੂੰ ਖਾਹਮਖਾਹ ਬਦਨਾਮ ਕਰਨ ਲਈ ਐਵੇਂ ਰੌਲਾ-ਰੱਪਾ ਪਾਇਆ ਸੀ। ਰਾਜੂ ਖ਼ਾਸ ਕਰਕੇ ਇਸ ਫ਼ੈਸਲੇ ਨਾਲ ਬਹੁਤ ਦੁਖੀ ਹੋਇਆ ਤੇ ਅੱਗੇ ਤੋਂ ਉਨ੍ਹਾਂ ਦੇ ਪਰਿਵਾਰ ਨੇ ਪੰਚਾਇਤ ਦਾ ਬਾਈਕਾਟ ਕੀਤਾ ਤੇ ਕੇਸ ਪੁਲਿਸ ਕੋਲ ਖੜਨ ਦੀ ਧਮਕੀ ਦਿੱਤੀ। ਪਰ ਉਸਦੇ ਤਾਏ ਨੇ ਸਾਥ ਨਾ ਦਿੱਤਾ ਤੇ ਇਹ ਕੇਸ ਉਥੇ ਹੀ ਠੱਪਿਆ ਗਿਆ।

ਇਸ ਤੋਂ ਬਾਅਦ ਰਾਜੂ ਨੇ ਪਿੰਡ ਦੇ ਮਜ਼੍ਹਬੀ ਸਿੱਖਾਂ ਦਾ ਇਕ ਇਕੱਠ ਕੀਤਾ ਤੇ ਲਾਮਬੱਧ ਹੋ ਕੇ ਜ਼ਿਮੀਂਦਾਰਾਂ ਦੀਆਂ ਵਧੀਕੀਆਂ ਤੇ ਧੱਕੇਸ਼ਾਹੀਆਂ ਦਾ ਵਾਜਬ ਜਵਾਬ ਦੇਣ ਦਾ ਫ਼ੈਸਲਾ ਕੀਤਾ। ਇਹ ਵੀ ਫ਼ੈਸਲਾ ਹੋਇਆ ਕਿ ਅੱਗੇ ਤੋਂ ਕੋਈ ਵੀ ਮਜ਼੍ਹਬੀਆਂ ਦੀ ਲੜਕੀ ਕੰਮ ਕਰਨ ਲਈ ਜ਼ਿਮੀਂਦਾਰਾਂ ਦੇ ਘਰ ਖੇਤਾਂ ਵਿਚ ਨਹੀਂ ਜਾਵੇਗੀ। ਪਿੰਡ ਵਿਚ ਇਸ ਫ਼ੈਸਲੇ ਨਾਲ ਬਹੁਤ ਹਲਚਲ ਮਚ ਗਈ। ਜ਼ਿਮੀਂਦਾਰਾਂ ਨੇ ਤੰਗ ਆ ਕੇ ਹਰੀਜਨ ਬਰਾਦਰੀ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੇ ਮੁਤਾਲਬੇ ਸੁਣੇ। ਇਕ ਫ਼ੈਸਲੇ ਅਨੁਸਾਰ ਪੰਚਾਇਤ ਨੇ ਜ਼ਿਮੀਂਦਾਰਾਂ ਦੇ ਮੁੰਡੇ ਘੁੱਲੇ ਨੂੰ, ਜਿਸ ਨੇ ਰਾਜੂ ਦੇ ਤਾਏ ਦੀ ਪੋਤਰੀ ਨੂੰ ਛੇੜਿਆ ਸੀ, ਫਿਰ ਬੁਲਾਇਆ ਤੇ ਉਸਨੂੰ ਆਪਣੇ ਪਿੰਡ ਦੀ ਲੜਕੀ...ਜੋ ਕਿ ਉਸਦੀ ਪਿੰਡ ਵੱਸਦੀ ਭੈਣ ਲੱਗਦੀ ਸੀ, ਨੂੰ ਬੇਇਜ਼ਤ ਕਰਨ ਲਈ ਸ਼ਰੇਆਮ ਛਿੱਤਰ ਮਾਰੇ ਗਏ ਤੇ ਉਸਨੂੰ ਰਾਜੂ ਦੇ ਤਾਏ ਦੇ ਪੈਰੀਂ ਪਵਾਇਆ ਗਿਆ। ਇਹ ਰਾਜੂ ਦੀ ਪਹਿਲੀ ਜਿੱਤ ਸੀ।

ਰਾਜੂ ਨੇ ਉਤਸ਼ਾਹਤ ਹੋ ਕੇ ਆਪਣੇ ਨਾਲ ਕੁਝ ਬੰਦੇ ਲੈ ਕੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਗਿਆ। ਉਨ੍ਹਾਂ ਸਕੱਤਰ ਸਾਹਿਬ ਕੋਲ ਜ਼ਿਮੀਂਦਾਰਾਂ ਦੀ ਧੱਕੇਸ਼ਾਹੀ ਵਿਰੁੱਧ ਸ਼ਿਕਾਇਤ ਕੀਤੀ ਕਿ ਉਹ ਮਜ਼੍ਹਬੀ ਸਿੰਘਾਂ ਨੂੰ ਗੁਰਦੁਆਰੇ ਅਤੇ ਮੜ੍ਹੀਆਂ ਵਿਚ ਪੈਰ ਨਹੀਂ ਪਾਉਣ ਦੇਂਦੇ। ਸ਼੍ਰੋਮਣੀ ਕਮੇਟੀ ਦੀ ਇਕ ਪੜਤਾਲੀਆ ਕਮੇਟੀ ਪਿੰਡ ਆਈ ਤੇ ਉਨ੍ਹਾਂ ਪੜਤਾਲ ਤੋਂ ਬਾਅਦ ਫ਼ੈਸਲਾ ਲਿਆ ਕਿ "ਸਿੰਘਾਂ ਦੇ ਸਾਰੇ ਅਦਾਰੇ ਤੇ ਗੁਰਧਾਮ ਸਾਰੀਆਂ ਜਾਤਾਂ ਲਈ ਖੁੱਲ੍ਹੇ ਹਨ। ਕਿਸੇ ਸਿੱਖ ਨੂੰ ਜ਼ਾਤ ਦੇ ਆਧਾਰ 'ਤੇ ਇਨ੍ਹਾਂ ਥਾਵਾਂ 'ਤੇ ਕੋਈ ਰਸਮ ਜਾਂ ਪੂਜਾ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ।" ਇਸ ਫ਼ੈਸਲੇ ਨਾਲ ਮਜ਼੍ਹਬੀ ਸਿੰਘਾਂ ਦੀ ਭਾਰੀ ਜਿੱਤ ਹੋਈ ਤੇ ਰੋਕਣ ਵਾਲੇ ਜ਼ਿਮੀਂਦਾਰ ਸਾਬਣ ਦੀ ਝੱਗ ਵਾਂਗ ਬੈਠ ਗਏ। ਇਸ ਜਿੱਤ ਦਾ ਸਿਹਰਾ ਰਾਜੂ ਦੇ ਸਿਰ ਬੰਨ੍ਹਿਆ ਗਿਆ ਤੇ ਉਸਦਾ ਪਿੰਡ ਵਿਚ ਟੌਰ-ਟਪੱਕਾ ਬਣ ਗਿਆ। ਚੁਫ਼ੇਰੇ ਰਾਜੂ ਜ਼ਿੰਦਾਬਾਦ ਹੋ ਰਹੀ ਸੀ।

ਇਸ ਫ਼ੈਸਲੇ ਤੋਂ ਕੁਝ ਹਫ਼ਤੇ ਬਾਅਦ ਨੱਥਾ ਸਿੰਘ ਸ਼ਾਹ ਦੇ ਪੋਤਰੇ ਨੂੰ ਕਾਰ ਦੁਰਘਟਨਾ ਵਿਚ ਗੰਭੀਰ ਸੱਟਾਂ ਲੱਗੀਆਂ ਤੇ ਉਹ ਹਸਪਤਾਲ ਵਿਚ ਬੇਹੋਸ਼ੀ ਦੀ ਹਾਲਤ ਵਿਚ ਦਾਖ਼ਲ ਕਰਵਾਇਆ ਗਿਆ। ਉਸਦਾ ਕਾਫ਼ੀ ਖ਼ੂਨ ਨੁੱਚੜ ਚੁੱਕਾ ਸੀ। ਇਸ ਲਈ ਉਸ ਨੂੰ ਕਾਫ਼ੀ ਖ਼ੂਨ ਚੜ੍ਹਾਇਆ ਗਿਆ। ਡਾਕਟਰਾਂ ਹੋਰ ਖ਼ੂਨ ਦੀ ਮੰਗ ਕੀਤੀ। ਪੋਤਰੇ ਦੇ ਖ਼ੂਨ ਦਾ ਗਰੁੱਪ ਬਹੁਤ ਘੱਟ ਮਿਲਦਾ ਸੀ। ਖ਼ੂਨ ਦੀ ਮੰਗ ਅਖ਼ਬਾਰ ਰਾਹੀਂ ਕੀਤੀ ਗਈ। ਰਾਜੂ ਨੇ ਇਸ ਬਾਰੇ ਪੜ੍ਹਿਆਂ ਤਾਂ ਉਸ ਨੇ ਸ਼ਹਿਰ ਜਾ ਕੇ ਆਪਣਾ ਗਰੁੱਪ ਚੈੱਕ ਕਰਵਾਇਆ। ਇਹ ਉਹੀ ਗਰੁੱਪ ਸੀ, ਜਿਸ ਦੀ ਅਖ਼ਬਾਰ ਵਿਚ ਮੰਗ ਕੀਤੀ ਗਈ ਸੀ। ਉਹ ਤਗੜਾ ਦਿਲ ਕਰਕੇ ਹਸਪਤਾਲ ਗਿਆ ਤੇ ਸ਼ਾਹ ਨੂੰ ਮਿਲ ਕੇ ਆਪਣੀ ਇੱਛਾ ਜ਼ਾਹਰ ਕੀਤੀ। ਸ਼ਾਹ ਨੇ ਉਸਦੀ ਗੱਲ ਦਾ ਕੋਈ ਖ਼ਾਸ ਹੁੰਗਾਰਾ ਨਾ ਦਿੱਤਾ ਤੇ ਕਿਹਾ—"ਅਸੀਂ ਲੋੜ ਪਈ ਤਾਂ ਤੈਨੂੰ ਦੱਸਾਂਗੇ।" ਸ਼ਾਹ ਵਿਚ ਇਕ ਖ਼ਾਸ ਜਾਤੀ ਹੈਂਕੜਬਾਜ਼ੀ ਸੀ। ਉਹ ਹਰੀਜਨ ਖ਼ੂਨ ਨੂੰ ਗੰਦਾ ਤੇ ਘਟੀਆ ਸਮਝਦਾ ਸੀ। ਪਰ ਉਸਦੇ ਪੋਤਰੇ ਦੀ ਹਾਲਤ ਖ਼ਰਾਬ ਹੋਣ ਲੱਗੀ ਤੇ ਖ਼ੂਨ ਦੀ ਵਧੇਰੇ ਲੋੜ ਪੈਣ ਲੱਗੀ। ਰਾਜੂ ਨੂੰ ਮਜਬੂਰ ਹੋ ਕੇ ਸ਼ਾਹ ਨੇ ਬੁਲਾਇਆ। ਉਹ ਆਪਣੇ ਛੋਟੇ ਭਰਾ ਨੂੰ ਵੀ ਨਾਲ ਲਿਆਇਆ ਸੀ। ਉਸਦਾ ਵੀ ਗਰੁੱਪ ਇਹੋ ਸੀ। ਹੇਠ ਉਪਰ ਦੋਹਾਂ ਜਣਿਆਂ ਤਿੰਨ ਚਾਰ ਵਾਰੀ ਖ਼ੂਨ ਦਿੱਤਾ। ਪੋਤਰੇ ਨੂੰ ਹੋਸ਼ ਆ ਗਈ ਤੇ ਉਹ ਦੋ ਕੁ ਹਫ਼ਤਿਆਂ ਬਾਅਦ ਠੀਕ ਹੋ ਕੇ ਘਰ ਪਰਤ ਆਇਆ।

ਸ਼ਾਹ ਨੇ ਹਸਪਤਾਲੋਂ ਵਾਪਸ ਆ ਕੇ ਪਹਿਲਾਂ ਗੁਰਦੁਆਰੇ ਪੋਤਰੇ ਨੂੰ ਮੱਥਾ ਟਿਕਾਇਆ ਤੇ ਫਿਰ ਉਹ ਸਿੱਧਾ ਰਾਜੂ ਦੇ ਵਿਹੜੇ ਗਿਆ। ਉਨ੍ਹਾਂ ਦੇ ਘਰ ਜਾ ਕੇ ਉਸਨੇ ਰਾਜੂ ਤੇ ਉਸਦੇ ਭਰਾ ਨੂੰ ਗਲ ਨਾਲ ਲਾਇਆ ਤੇ ਬਹੁਤ ਖ਼ੁਸ਼ ਹੋਇਆ। ਕੁਝ ਦਿਨਾਂ ਬਾਅਦ ਹੀ ਉਸਨੇ ਸਰਪੰਚ ਦੀ ਹੈਸੀਅਤ ਵਿਚ ਕੁਝ ਪੰਚਾਇਤੀ ਫ਼ੈਸਲੇ ਲਏ, ਜਿਨ੍ਹਾਂ ਅਨੁਸਾਰ ਪਿੰਡ ਦੀਆਂ ਮਜ਼ਬੀ ਸਿੰਘਾਂ ਦੀਆਂ ਵੱਖਰੀਆਂ ਮੜ੍ਹੀਆਂ ਤੇ ਗੁਰਦੁਆਰਾ ਬੰਦ ਕਰਵਾ ਦਿੱਤੇ ਗਏ ਤੇ ਉਨ੍ਹਾਂ ਲਈ ਜ਼ਿਮੀਂਦਾਰਾਂ ਦੀਆਂ ਮੜ੍ਹੀਆਂ ਤੇ ਗੁਰਦੁਆਰਾ ਦੋਵੇਂ ਖੋਲ੍ਹ ਦਿੱਤੇ ਗਏ। ਪਿੰਡ ਦੇ ਸਾਰੇ ਲੋਕ ਇਕੋ ਜਗ੍ਹਾ ਆਪਣੀਆਂ ਰਸਮਾਂ ਕਰਨ ਲੱਗੇ। ਪਿੰਡ ਵਿਚ ਪਹਿਲੀ ਵਾਰ ਗੁਰੂ ਸਾਹਿਬਾਨ ਦੀ ਅਸਲੀ ਸਿੱਖੀ ਮਰਿਆਦਾ ਦਾ ਪ੍ਰਣਾਅ ਚੱਲਣ ਲੱਗਾ। ਰਾਜੂ ਨੂੰ ਵੀ ਹੁਣ ਪਿੰਡ ਵਾਲੇ ਸਰਦਾਰ ਸਵਰਾਜ ਸਿੰਘ ਆਖਣ ਲੱਗੇ। ਉਸਦੇ ਸਵਰਾਜ ਨਾਂ ਬਾਰੇ ਪਿੰਡ ਨੂੰ ਸ਼ਾਹ ਤੋਂ ਹੀ ਪਤਾ ਲੱਗਾ। ਉਹ ਤਾਂ ਕੇਵਲ ਰਾਜੂ ਹੀ ਜਾਣਦੇ ਸਨ। ਸ਼ਾਹ ਦੀ ਲੜਕੀ, ਜਿਸ ਨਾਲ ਉਸਦਾ ਜਵਾਨੀ ਵੇਲੇ ਪੰਗਾ ਪੈ ਗਿਆ ਸੀ, ਰਾਜੂ ਕੋਲ ਆ ਕੇ ਭੁੱਲਾਂ ਬਖਸ਼ਾਉਣ ਲੱਗੀ। ਰਾਜੂ ਨੇ ਉਸਨੂੰ ਜਲਦੀ ਆਪਣੇ ਕੋਲੋਂ ਚਲੇ ਜਾਣ ਲਈ ਆਖਿਆ ਤਾਂ ਕਿ ਪਿੰਡ ਦੇ ਲੋਕ ਇਹ ਨਾ ਸੋਚਣ ਕਿ ਉਸਨੇ ਉਸ ਨੂੰ ਆਪਣੇ ਕੋਲ ਧੋਖੇ ਨਾਲ ਬੁਲਾਇਆ ਹੈ। ਉਸ ਕੋਲ ਦੁਬਾਰਾ ਖੋਤੀ 'ਤੇ ਚੜ੍ਹਨ ਦੀ ਹਿੰਮਤ ਨਹੀਂ ਸੀ।

# ਜੀਤਾ ਨਿਹੰਗ

ਅਜੀਤ ਸਿੰਘ ਸ਼ੁਰੂ ਤੋਂ ਹੀ ਮਸਤ ਮਲੰਗ ਸੀ। ਇਸ ਕਰਕੇ ਪਿੰਡ ਦੇ ਲੋਕ ਉਸ ਨੂੰ ਜੀਤਾ ਨਿਹੰਗ ਕਹਿ ਕੇ ਯਾਦ ਕਰਕੇ ਸਨ ਕਿਉਂਕਿ ਉਹ ਹਮੇਸ਼ਾ ਨਿਹੰਗਾਂ ਵਾਂਗ ਨੀਲੀ ਦਸਤਾਰ ਪਹਿਨਦਾ ਸੀ ਅਤੇ ਉਨ੍ਹਾਂ ਵਾਂਗ ਸੁੱਖੇ ਦਾ ਸੇਵਨ ਕਰਦਾ ਸੀ। ਉਹਨੂੰ ਘਰ-ਬਾਹਰ ਦੇ ਕੰਮ ਕਾਜ ਦਾ ਭੋਰਾ ਵੀ ਫ਼ਿਕਰ ਨਹੀਂ ਸੀ ਤੇ ਨਾ ਹੀ ਉਸਨੇ ਘਰ ਵਿਚ ਕਦੀ ਡੱਕਾ ਤੋੜਿਆ ਸੀ। ਘਰ ਵਾਲੇ ਵੀ ਉਸਦਾ ਪਿੱਛਾ ਨਹੀਂ ਸਨ ਕਰਦੇ। ਘਰ ਆਵੇ ਭਾਵੇਂ ਨਾ, ਉਸਦੀ ਕੋਈ ਉਡੀਕ ਨਹੀਂ ਸੀ ਕਰਦਾ, ਸਿਵਾਇ ਉਹਦੀ ਮਾਂ ਦੇ। ਉਸਦੇ ਬਾਕੀ ਦੋਵੇਂ ਭਰਾ ਬੜੇ ਕਮਾਊ ਸਨ ਅਤੇ ਵਿਆਹੇ ਵਰੇ ਸਨ। ਬਾਲ-ਬੱਚੇਦਾਰ ਸਨ। ਪਰ ਜੀਤਾ ਭਾਵੇਂ ਸਭ ਤੋਂ ਵੱਡਾ ਸੀ ਪਰ ਹਾਲੇ ਛੜਾ-ਛਾਂਟ ਹੀ ਸੀ। ਜਦੋਂ ਵੀ ਉਸਦੇ ਵਿਆਹ ਦੀ ਗੱਲ ਤੁਰਦੀ ਤਾਂ ਤੁਰੰਤ ਉਸਦਾ ਬਾਪ ਕੋਈ ਨਾ ਕੋਈ ਢੁੱਚਰ ਡਾਹ ਦਿੰਦਾ ਸੀ। ਉਹ ਕਿਹਾ ਕਰਦਾ ਸੀ—"ਕੰਜਰ ਕੋਈ ਕੰਮ ਕਰੂ ਤਾਂ ਇਹਨੂੰ ਵਿਆਵਾਂਗੇ, ਨਹੀਂ ਤਾਂ ਤੁਰਿਆ ਫਿਰੇ ਏਦਾਂ ਹੀ।" ਉਧਰੋ ਜੀਤੇ ਨੂੰ ਵੀ ਵਿਆਹ ਦਾ ਕੋਈ ਫ਼ਿਕਰ ਫਾਕਾ ਨਹੀਂ ਸੀ। ਉਹ ਜਾਣਦਾ ਸੀ ਕਿ ਵਿਆਹ ਕਰਾਉਣ ਨਾਲ ਬੰਦਾ ਬੱਝ ਜਾਂਦਾ ਹੈ। ਉਹ ਬੱਝਣਾ ਨਹੀਂ ਸੀ ਚਾਹੁੰਦਾ। ਕਿੱਲਾ ਤੁੜਾ ਕੇ ਭੱਜਣਾ ਉਹਦੀ ਆਦਤ ਦਾ ਅੰਗ ਬਣ ਚੁੱਕਾ ਸੀ। ਨਿਹੰਗ ਕੀ ਜਾਨਣ ਰੀਤ ਨੂੰ।

ਪਿੰਡ ਦੇ ਲਾਗੇ ਇਕ ਨਿਹੰਗਾਂ ਦਾ ਡੇਰਾ ਸੀ। ਉਥੇ ਦੋ ਨਿਹੰਗ ਤਾਂ ਪੱਕੇ ਤੌਰ 'ਤੇ ਰਹਿੰਦੇ ਸਨ ਤੇ ਬਾਕੀ ਆਉਂਦੇ ਜਾਂਦੇ ਸਨ। ਜੀਤਾ ਵੀ ਉਥੇ ਆਉਂਦਾ-ਜਾਂਦਾ ਸੀ। ਨਿਹੰਗਾਂ ਲਈ ਸੁੱਖਾ ਰਗੜਦਾ, ਆਪ ਛਕਦਾ ਤੇ ਦੂਜਿਆਂ ਨੂੰ ਛਕਾਉਂਦਾ ਸੀ। ਡੇਰੇ ਤੇ ਉਹਦਾ ਬਹੁਤ ਦਿਲ ਲੱਗਦਾ ਸੀ। ਜਦੋਂ ਵੀ ਦਿਲ ਕਰਦਾ ਏਥੇ ਭੱਜਾ ਆਉਂਦਾ। ਘਰ ਵਿਚ ਮਾਂ ਹੀ ਉਸਦਾ ਜ਼ਿਕਰ ਤੇ ਫ਼ਿਕਰ ਕਰਦੀ, ਬਾਕੀ ਜਣੇ ਉਸ ਨੂੰ ਵਿਹਲੜ ਤੇ ਅਵਾਰਾਗਰਦ ਸਮਝ ਕੇ ਉਸ ਦਾ ਘੱਟ ਹੀ ਖਹਿੜਾ ਕਰਦੇ ਸਨ। ਉਹ ਵੀ ਕੇਵਲ ਮਾਂ ਨੂੰ ਮਿਲਣ ਦੀ ਖ਼ਾਤਰ ਘਰ ਵੜਦਾ। ਘਰ ਵੜਦਿਆਂ ਹੀ ਮਾਂ ਆਖਦੀ—"ਵੇ ਪੁੱਤਰ ਤੂੰ ਤਾਂ ਸੁਪਨਾ ਈ ਹੋ ਗਿਆ ਏਂ। ਰਾਤ ਨੂੰ ਤਾਂ ਘਰ ਆ ਜਾਇਆ ਕਰ। ਅਜੇ ਮੈਂ ਜੀਂਦੀ ਆਂ। ਕੱਲ੍ਹ ਨੂੰ ਅੱਖਾਂ ਮੀਟ ਗਈ ਤਾਂ ਏਹਨਾਂ ਤੇਰੀਆਂ ਭਰਜਾਈਆਂ ਨੇ ਰੋਟੀ ਨਈਂ ਦੇਣੀ। ਘਰੋਂ ਕੱਢਣ ਤੱਕ ਜਾਣਗੀਆਂ ਇਹ ਕਮਜਾਤਾਂ।" ਉਸ ਵਕਤ ਘਰ ਵਿਚ ਮਾਂ ਘਰੇ ਇਕੱਲੀ ਸੀ। ਇਸੇ ਲਈ ਉਸ ਨੂੰ ਉਭਾਸਰਣ ਦਾ ਮੌਕਾ ਮਿਲ ਗਿਆ। ਪਰ ਜੀਤਾ ਚੁੱਪ-ਚਾਪ ਸੁਣੀ ਜਾਂਦਾ ਤੇ ਰੋਟੀ ਖਾਈ ਜਾ ਰਿਹਾ ਸੀ। ਉੱਠਣ ਲੱਗਿਆਂ ਉਸਨੇ ਆਖਿਆ—"ਮਾਂ ਐਵੇਂ ਫ਼ਿਕਰ ਨਾ ਕਰ! ਵਾਹਿਗੁਰੂ ਮੈਨੂੰ

ਤੱਤੀ ਵਾਅ ਨਹੀਂ ਲੱਗਣ ਦਊ। ਜੀਹਨੇ ਪੈਦਾ ਕੀਤਾ, ਰਾਖੀ ਵੀ ਆਪੇ ਉਹੀ ਕਰੂ। ਏਹ ਕੌਣ ਹੁੰਦੇ ਨੇ ਲੰਡੇ ਮੈਨੂੰ ਘਰੋਂ ਕੱਢਣ ਵਾਲੇ ? ਮੈਂ ਚੌਥੇ ਹਿੱਸੇ ਦਾ ਮਾਲਕ ਵਾਂ।" ਇਹ ਕਹਿ ਕੇ ਉਹ ਮਾਂ ਦੇ ਪੈਰੀਂ ਹੱਥ ਲਾ ਕੇ ਡੇਰੇ ਵੱਲ ਤੇਰ ਪਿਆ। ਮਾਂ ਪਿੱਛੋਂ ਵਾਜਾਂ ਮਾਰਦੀ ਹੀ ਰਹਿ ਗਈ।

ਜੀਤੇ ਦੀ ਮਾਂ ਉਸਦਾ ਘਰ ਵਸਾਉਣ ਦੀ ਰੀਝ ਨਾਲ ਲੈ ਕੇ ਦੁਨੀਆ ਤੋਂ ਚਲਦੀ ਬਣੀ। ਪਿਉ ਪਹਿਲਾਂ ਹੀ ਪੂਰਾ ਹੋ ਗਿਆ ਸੀ। ਭੋਗੇ 'ਤੇ ਤਿੰਨ ਭਰਾ ਇਕੱਠੇ ਹੋਏ। ਰਸਮ ਰਿਵਾਜ ਕੀਤੇ ਗਏ। ਜੀਤਾ ਹੁਣ ਮਾਂ ਵਾਲੇ ਕਮਰੇ ਵਿਚ ਹੀ ਰਹਿਣ ਲੱਗਾ। ਉਸ ਨੂੰ ਮਾਂ ਦੀਆਂ ਕਹੀਆਂ ਨਸੀਹਤਾਂ ਯਾਦ ਆਉਣ ਲੱਗੀਆਂ। ਉਸਦੀ ਰੋਟੀ ਓਨੇ ਦਿਨ ਤਾਂ ਸਾਂਝੇ ਘਰ ਵਿਚ ਪੱਕਦੀ ਰਹੀ ਜਿੰਨੇ ਦਿਨ ਘਰ ਵਿਚ ਰਿਸ਼ਤੇਦਾਰ ਸਨ। ਬਾਅਦ ਵਿਚ ਉਸਨੂੰ ਆਪਣੇ ਖੰਭਾਂ 'ਤੇ ਉੱਡਣ ਲਈ ਆਖਿਆ ਗਿਆ। ਉਸਨੂੰ ਮਾਂ ਦੇ ਕਹੇ ਬੋਲ ਯਾਦ ਆਉਣ ਲੱਗੇ। ਉਹ ਕਾਫ਼ੀ ਦਿਨਾਂ ਤੋਂ ਡੇਰੇ ਨਹੀਂ ਸੀ ਗਿਆ। ਉਹ ਸਮਝਦਾ ਸੀ ਕਿ ਜੇਕਰ ਉਸਨੇ ਡੇਰੇ ਰਹਿਣਾ ਸ਼ੁਰੂ ਕਰ ਦਿੱਤਾ ਤਾਂ ਉਸਦੇ ਭਰਾ ਉਸਦਾ ਘਰ-ਘਾਟ ਸਾਂਭ ਲੈਣਗੇ। ਉਸਦੇ ਹਿੱਸੇ ਢਾਈ ਕਿੱਲੇ ਜ਼ਮੀਨ ਆਉਂਦੀ ਸੀ। ਉਹ ਆਪਣੀ ਰੋਟੀ ਆਪ ਬਣਾ ਲੈਂਦਾ ਤੇ ਕਦੀ-ਕਦੀ ਡੇਰੇ ਵੀ ਜਾਂਦਾ ਤੇ ਜਲਦੀ ਹੀ ਵਾਪਸ ਮੁੜਨ ਦੀ ਕਰਦਾ।

ਨਿਹੰਗਾਂ ਨੇ ਉਸ ਨਾਲ ਯਾਰੀ ਨਿਭਾਈ ਤੇ ਆਪਣੀ ਇਕ ਸਾਲੀ ਦਾ ਰਿਸ਼ਤਾ ਜੀਤੇ ਨਾਲ ਕਰਵਾ ਕੇ ਉਸਦਾ ਘਰ ਵਸਾ ਦਿੱਤਾ। ਉਸਦੇ ਭਰਾ ਉਸਦੇ ਵਿਆਹ ਵਿਚ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਨੇ ਜੀਤੇ ਦਾ ਕਾਫ਼ੀ ਤੰਗ ਕਰਨ ਵਿਚ ਕੋਈ ਕਸਰ ਨਾ ਛੱਡੀ। ਜੀਤੇ ਦੀ ਘਰ ਵਾਲੀ ਨੂੰ ਭੋਲੀ-ਭਾਲੀ ਜਾਣ ਕੇ ਉਸ ਦੀਆਂ ਭਰਜਾਈਆਂ ਟਿੱਚਰਾਂ ਕਰਦੀਆਂ ਰਹਿੰਦੀਆਂ। ਜੀਤੇ ਨੇ ਆਪਣੇ ਹੱਥ ਮਜਬੂਤ ਕਰਨ ਲਈ ਆਪਣੇ ਨਿਹੰਗਾਂ ਯਾਰਾਂ ਨੂੰ ਘਰ ਬੁਲਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਵੈਸੇ ਵੀ ਜੀਤੇ ਨਾਲ ਰਿਸ਼ਤੇਦਾਰੀ ਸੀ। ਜੀਤੇ ਦੇ ਭਰਾਵਾਂ ਨੂੰ ਨਿਹੰਗਾਂ ਦਾ ਘਰ ਆਉਣਾ ਜਾਣਾ ਰੜਕਦਾ ਸੀ ਪਰ ਉਹ ਜੀਤੇ ਦੇ 'ਅਖੜ' ਸੁਭਾਅ ਤੋਂ ਭਲੀਭਾਂਤ ਵਾਕਫ਼ ਸਨ। ਨਿਹੰਗ ਦਾ ਹਾਲੇ ਛਿੱਤਰ ਕਾਇਮ ਸੀ ਤੇ ਛਿੱਤਰ ਦੀ ਭਾਸ਼ਾ ਪਿੰਡਾਂ ਵਿਚ ਹਰ ਕੋਈ ਜਾਣਦਾ ਹੈ।

ਜੀਤੇ ਨਿਹੰਗ ਨੇ ਆਪਣੀ ਕਬੀਲਦਾਰੀ ਦਾ ਰੱਥ ਤੋਰਨ ਲਈ ਇਕ ਸਪੈਸ਼ਲ ਰਿਕਸ਼ਾ ਬਣਵਾਇਆ ਤੇ ਉਸਦਾ ਨਾਮ 'ਧਰਤੀ ਦਾ ਜਹਾਜ਼' ਰੱਖਿਆ। ਇਹ ਰਿਕਸ਼ਾ ਉਹ ਰੋਜ਼ ਸ਼ਹਿਰ ਲੈ ਜਾਂਦਾ ਤੇ ਗੁਜ਼ਾਰੇ ਜੋਗੀ ਕਮਾਈ ਕਰਕੇ ਨਿਹੰਗਣ ਅਤਰੋ ਦੀ ਝੋਲੀ ਪਾਉਂਦਾ। ਲੋਕੀ ਉਸਦੇ ਅਜੀਬੋ ਗਰੀਬ ਰਿਕਸ਼ੇ 'ਤੇ ਹੱਸਦੇ-ਹੱਸਦੇ ਚੜ੍ਹਦੇ ਤੇ ਜਿੰਨੇ ਪੈਸੇ ਉਹ ਦੇ ਦੇਂਦੇ, ਉਹ ਲੈ ਲੈਂਦਾ ਸੀ। ਅਗਲੇ ਸਾਲ ਉਸਦੇ ਘਰ ਇਕ ਬੇਟੀ ਹੋਈ, ਜਿਸਦਾ ਨਾਮ ਦਲੇਰ ਕੌਰ ਰੱਖਿਆ ਗਿਆ। ਸੁੱਖੇ ਦਾ ਸੇਵਨ ਹੁਣ ਉਸ ਨੂੰ ਅਤਰੋ ਘਰ ਵਿਚ ਹੀ ਕਰਵਾ ਦਿੰਦੀ ਸੀ। ਉਹ ਕੰਵਾਰੀ ਹੁੰਦੀ ਆਪਣੇ ਪਿਉ ਲਈ ਸੁੱਖਾ ਘੋਟਦੀ ਹੁੰਦੀ ਸੀ। ਕਦੀ-ਕਦੀ ਜਦੋਂ ਅਤਰੋ ਆਪਣੀ ਮਾਂ ਦਰਾਣੀਆਂ ਦੀ ਸ਼ਿਕਾਇਤ ਕਰਦੀ ਤਾਂ ਜੀਤਾ ਉਨ੍ਹਾਂ ਦੀ ਪੂਰੀ ਕੁੱਤੇ ਦੀ ਬਾਬ ਕਰਦਾ। ਉਹ ਹੁਣ ਚੁੱਪ ਹੀ ਰਹਿਣ ਲੱਗੀਆਂ। ਜੀਤੇ ਦੇ ਭਰਾ ਵੀ ਉਸ ਤੋਂ ਤ੍ਰਬਕਦੇ ਸਨ। ਘਰ ਵਿਚ

ਅਮਨ ਚੈਨ ਸੀ। ਲੋਕੀ ਹੈਰਾਨ ਸਨ ਕਿ ਵਿਆਹ ਤੋਂ ਬਾਅਦ ਕਿਵੇਂ ਜੀਤੇ ਵਰਗਾ ਵਿਹਲੜ ਕਿਵੇਂ ਰਾਤੋ-ਰਾਤ ਕਾਮਾ ਬਣ ਗਿਆ ਏ ? ਉਹ ਖ਼ੁਦ ਵੀ ਹੈਰਾਨ ਸੀ।

ਦੀਵਾਲੀ ਦੇ ਮੇਲੇ ਲਾਗੇ ਬਹੁਤ ਸਾਰੇ ਨਿਹੰਗ ਡੇਰੇ ਇਕੱਠੇ ਹੁੰਦੇ। ਸਾਰੇ ਜਣੇ ਆਪਣੇ ਘੋੜੇ ਤੇ ਲਸ਼ਕਰ ਲੈ ਕੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਨਿਕਲਦੇ। ਰਸਤੇ ਵਿਚ ਗਤਕੇ ਤੇ ਘੋੜ-ਸਵਾਰੀ ਦੇ ਕਰਤਬ ਦਿਖਾਏ ਜਾਂਦੇ ਸਨ। ਡੇਰੇ ਤੇ ਲੰਗਰ ਲੱਗਦੇ, ਢਾਡੀ ਵਾਰਾਂ ਗਾਉਂਦੇ ਤੇ ਸੁੱਖੇ ਦੇ ਖ਼ੂਬ ਦੌਰ ਚੱਲਦੇ ਤੇ ਇਸ ਤਰ੍ਹਾਂ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਦੀਵਾਲੀ ਦਾ ਰੱਜ ਕੇ ਆਨੰਦ ਮਾਣਦੇ। ਜਸ਼ਨਾਂ ਦੀ ਅਖ਼ੀਰਲੀ ਰਾਤ ਅੱਠ-ਦਸ ਨਿਹੰਗ ਡੇਰੇ ਉੱਤੇ ਇਕੋ ਹੀ ਕਮਰੇ ਵਿਚ ਸੌਣ ਦੀ ਤਿਆਰੀ ਕਰਨ ਲੱਗੇ। ਕਮਰੇ ਦੀ ਖਿੜਕੀ ਨਾ ਰੌਸ਼ਨਦਾਨ ਸੀ। ਜਦੋਂ ਸੌਣ ਦਾ ਵੇਲਾ ਆਇਆ ਤਾਂ ਇਕ ਸਿਆਣੇ ਨਿਹੰਗ ਨੇ ਸਭ ਨੂੰ ਸੰਬੋਧਨ ਕਰ ਕੇ ਆਖਿਆ—"ਖ਼ਾਲਸਾ ਜੀ, ਹੁਣ ਆਪਾਂ ਆਰਾਮ ਕਰਾਂਗੇ। ਵਾਹਿਗੁਰੂ ਦੀ ਕਿਰਪਾ ਨਾਲ ਸਭ ਨੇ ਰਾਸ਼ਨ ਪਾਣੀ ਲੇਹੜ ਕੇ ਛਕਿਆ ਹੈ। ਜੇਕਰ ਕਿਸੇ ਵੀ ਸਿੰਘ ਨੂੰ ਕੋਈ ਹਵਾ ਸਰੇ ਤਾਂ ਸੰਕੋਚ ਨਹੀਂ ਕਰਨਾ। ਉੱਚੀ ਸਾਰੀ ਕਹਿ ਦੇਣਾ—ਫ਼ੌਜਾਂ ਆ ਗਈਆਂ, ਫ਼ੌਜਾਂ ਆ ਗਈਆਂ। ਸਾਰੇ ਰਜਾਈ ਨੂੰ ਉਪਰ ਉਠਾ ਲੈਣਗੇ। ਫਿਰ ਜਦੋਂ ਖ਼ਤਰਾ ਟਲ ਜਾਵੇ ਤਾਂ ਕਹਿ ਦਿਉ ਫ਼ੌਜਾਂ ਚਲੇ ਗਈਆਂ, ਫ਼ੌਜਾਂ ਚਲੀਆਂ ਗਈਆਂ। ਇਸ ਤਰ੍ਹਾਂ ਆਪਾਂ ਆਰਾਮ ਨਾਲ ਰਾਤ ਕੱਟ ਲਵਾਂਗੇ ਅਤੇ ਕੋਈ ਕਸ਼ਟ ਨਹੀਂ ਝੱਲਣਾ ਪਊ।" ਸਾਰੇ ਵਾਹਿਗੁਰੂ ਸਤਿਨਾਮ ਕਹਿ ਕੇ ਸੌਂ ਗਏ। ਸੁੱਤਿਆਂ ਅਜੇ ਮਿੰਟ ਕੁ ਹੋਇਆ ਸੀ ਤਾਂ ਇਕ ਜਣਾ ਬੋਲ ਉੱਠਿਆ—ਫ਼ੌਜਾਂ ਆ ਗਈਆਂ, ਫ਼ੌਜਾਂ ਆ ਗਈਆਂ। ਸਾਰੇ ਸੁਚੇਤ ਹੋ ਕੇ ਰਜਾਈ ਨੂੰ ਹੱਥਾਂ ਨਾਲ ਉਪਰ ਚੁੱਕ ਕੇ ਫ਼ੌਜਾਂ ਦੇ ਚਲੇ ਜਾਣ ਦੀ ਉਡੀਕ ਕਰਨ ਲੱਗੇ। ਖ਼ਤਰਾ ਟਲ ਗਿਆ ਤੇ ਬਾਹਵਾਂ ਹੇਠਾਂ ਆ ਗਈਆਂ ਤੇ ਸਾਰੇ ਫਿਰ ਸੌਣ ਲੱਗੇ। ਦੋ-ਦੋ ਤਿੰਨ-ਤਿੰਨ ਮਿੰਟ ਬਾਅਦ ਫ਼ੌਜਾਂ ਨਿਰੰਤਰ ਆਉਂਦੀਆਂ ਤੇ ਜਾਂਦੀਆਂ ਰਹੀਆਂ। ਰਜਾਈਆਂ ਘੜੀ ਕੁ ਪਿੱਛੋਂ ਉਠਦੀਆਂ ਰਹੀਆਂ ਤੇ ਫਿਰ ਹੇਠਾਂ ਜਾਂਦੀਆਂ ਰਹੀਆਂ। ਇਸ ਤਰ੍ਹਾਂ ਸਾਰੀ ਰਾਤ ਭੱਜ-ਦੌੜ ਵਿਚ ਹੀ ਬੀਤ ਗਈ। ਆਰਾਮ ਹਰਾਮ ਹੋ ਗਿਆ।

ਇਕ ਦਿਨ ਜੀਤੇ ਦੇ ਜਹਾਜ਼ ਦੀ ਇਕ ਜੀਪ ਵਾਲੇ ਨਾਲ ਟੱਕਰ ਹੋ ਗਈ। ਜਹਾਜ਼ ਚੂਰ-ਚੂਰ ਹੋ ਗਿਆ ਸੀ। ਜੀਤਾ ਵੀ ਫੱਟੜ ਤੇ ਲਹੂ-ਲੁਹਾਨ ਹੋ ਗਿਆ। ਲਾਗੋਂ ਵੇਖ ਕੇ ਲੋਕ ਨਿਹੰਗ ਨੂੰ ਬਚਾਉਣ ਲਈ ਭੱਜੇ। ਜੀਪ ਵਾਲਾ ਵੀ। ਲੋਕਾਂ ਨੇ ਜੀਪ ਵਾਲੇ ਨੂੰ ਗਰੱਸ ਕੇ ਜੀਤੇ ਨੂੰ ਮੋਟੀ ਰਕਮ ਦਿਵਾਉਣ ਦੀ ਕੋਸ਼ਿਸ਼ ਕੀਤੀ। ਜੀਤਾ ਬੋਲਿਆ—"ਵੀਰੋ ਇਹ ਤਾਂ ਵਾਹਿਗੁਰੂ ਦਾ ਭਾਣਾ ਵਰਤਿਆ ਆ। ਪੈਸੇ ਪੂਸੇ ਅਸਾਂ ਕੁਝ ਨਹੀਂ ਲੈਣੇ ਬਸ ਸਾਡਾ ਜਹਾਜ਼ ਹੀ ਮੁਰੰਮਤ ਕਰਵਾ ਦਿਉ। ਸ਼ੁਕਰ ਕਰੋ ਆਪਾਂ ਸਹੀ ਸਲਾਮਤ ਆਂ। ਲੋਕੀ ਨਿਹੰਗ ਦੀ ਫਰਾਖ਼ਦਿਲੀ 'ਤੇ ਬਹੁਤ ਖ਼ੁਸ਼ ਹੋਏ। ਇਕ ਵਾਰੀ ਜੀਤੇ ਦੇ ਸਹੁਰਿਆਂ ਨੇ ਨਿਹੰਗ ਨੂੰ ਇਕ ਵਧੀਆ ਨਸਲ ਦੀ ਬੱਕਰੀ ਲੈ ਕੇ ਦਿੱਤੀ। ਨਿਆਣੇ ਦੁੱਧ ਪੀਣਗੇ ਤੇ ਨਾਲੇ ਪਠੋਰੇ ਹੋਣਗੇ। ਜੀਤਾ ਬੱਕਰੀ ਲੈ ਕੇ ਪੈਦਲ ਜਾਣ ਦੀ ਬਜਾਇ ਪੈਂਡਾ ਵਧੇਰੇ ਹੋਣ ਕਰਕੇ ਗੱਡੀ ਵਿਚ ਜਾ ਬੈਠਾ।

ਟੀ.ਟੀ. ਨੇ ਬਕਰੀ ਨੂੰ ਵੇਖ ਕੇ ਨਿਹੰਗ ਨੂੰ ਅਗਲੇ ਸਟੇਸ਼ਨ ਤੋਂ ਥੱਲੇ ਉਤਰਨ ਲਈ ਆਖਿਆ। ਨਿਹੰਗ ਆਖੇ ਕਿ ਉਸਨੇ ਬਕਰੀ ਦੀ ਵੀ ਪੂਰੀ ਟਿਕਟ ਲਈ ਆ, ਇਸ ਲਈ ਉਹ ਬਕਰੀ ਨੂੰ ਨਾਲ ਹੀ ਲੈ ਕੇ ਜਾਵੇਗਾ। ਲਾਗੋਂ ਲੋਕ ਵੀ ਸ਼ੁਗਲ ਦੀ ਖ਼ਾਤਰ ਨਿਹੰਗ ਨਾਲ ਹਮਦਰਦੀ ਜਿਤਾਉਣ ਲੱਗੇ ਅਤੇ ਟੀ.ਟੀ. ਨੂੰ ਚੁੱਪ ਕਰਾਉਣ ਲੱਗੇ। ਏਨੇ ਨੂੰ ਬੱਕਰੀ ਨੇ ਮੈਂਗਣਾਂ ਕਰ ਦਿੱਤੀਆਂ, ਜਿਨ੍ਹਾਂ ਨੂੰ ਜੀਤੇ ਨੇ ਪੈਰਾਂ ਨਾਲ ਹੂੰਝ ਕੇ ਪਰ੍ਹੇ ਸੀਟ ਥੱਲੇ ਕਰ ਦਿੱਤਾ। ਸਟੇਸ਼ਨ ਆਇਆ ਤੇ ਗੱਡੀ ਰੁਕ ਗਈ। ਟੀ.ਟੀ. ਨੇ ਬੱਕਰੀ ਨੂੰ ਖਿੱਚ ਕੇ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਤੇ ਸਿਪਾਹੀ ਨੂੰ ਬੁਲਾਉਣ ਵਾਸਤੇ ਆਵਾਜ਼ ਮਾਰੀ। ਨਿਹੰਗ ਬੱਕਰੀ ਲੈ ਕੇ ਆਪ ਥੱਲੇ ਉਤਰ ਗਿਆ ਤੇ ਉਤਰਦਾ ਹੀ ਟੀ.ਟੀ. ਨੂੰ ਕਹਿਣ ਲੱਗਾ—ਮੇਰੇ ਨਾਲ ਜ਼ਨਾਨਾ ਸਵਾਰੀ ਆ, ਨਈਂ ਤਾਂ ਤੈਨੂੰ ਦੱਸ ਦੇਂਦਾ ਕਿ ਨਿਹੰਗ ਦੀ ਬਕਰੀ ਨੂੰ ਕਿਵੇਂ ਹੱਥ ਲਾਈਦੈ। ਟੀ.ਟੀ. ਸਣੇ ਸਾਰੇ ਜਣੇ ਹੱਸਣ ਲੱਗੇ। ਬਲਾ ਟਲੀ। ਗੱਡੀ ਫਿਰ ਚੱਲ ਪਈ।

ਪਹਿਲਾਂ ਤਾਂ ਉਸਦੀ ਪੈਲੀ ਹਿੱਸੇ ਠੇਕੇ 'ਤੇ ਵਗਦੀ ਸੀ। ਇਕ ਸਾਲ ਜੀਤੇ ਨੇ ਸੋਚਿਆ ਕਿ ਐਤਕੀਂ ਆਪ ਹੀ ਕਰ ਕੇ ਵੇਖਨੇ ਆਂ। ਉਸਨੇ ਝੋਨੇ ਦੀ ਪਨੀਰੀ ਬੀਜੀ ਤੇ ਹਾੜ ਵਿਚ ਪੁੱਟ ਕੇ ਆਪ ਝੋਨਾ ਲਾਇਆ। ਪੈਲੀ ਨੂੰ ਖਾਦ ਵੀ ਪਾਈ ਤੇ ਨਦੀਨ ਵੀ ਦੋਵੇਂ ਜੀਅ ਕੱਢਦੇ ਰਹੇ। ਜਦੋਂ ਝੋਨਾ ਨਿਸਰ ਰਿਹਾ ਸੀ ਤਾਂ ਬਹੁਤੇ ਮੀਂਹ ਪੈਣ ਕਾਰਨ ਸਾਰੀ ਫ਼ਸਲ ਤਬਾਹ ਹੋ ਗਈ। ਝੋਨੇ ਦੀ ਪੈਲੀ ਜਲਥਲ ਹੋ ਗਈ। ਕੱਤਕ ਦੇ ਮਹੀਨੇ ਉਸਨੇ ਫਿਰ ਦਿਲ ਕੱਢ ਕੇ ਕਣਕ ਬੀਜੀ। ਗਿਠ-ਗਿਠ ਲੰਮੇ ਸਿੱਟੇ ਲੱਗੇ ਤੇ ਉਹ ਵਿਸਾਖੀ ਤੋਂ ਬਾਅਦ ਇਸ ਭਰਪੂਰ ਫ਼ਸਲ ਨੂੰ ਕੱਟਣ ਲਈ ਤਿਆਰੀ ਕੱਸਣ ਲੱਗਾ। ਇਕ ਰਾਤ ਬਹੁਤ ਜਬਰਦਸਤ ਮੀਂਹ, ਹਨੇਰੀ ਤੇ ਗੜੇ ਪਏ ਤੇ ਉਸਦੀ ਸਾਰੀ ਫ਼ਸਲ ਚਾਦਰ ਵਾਂਗ ਪੈਲੀ ਵਿਚ ਵਿਛ ਗਈ। ਬੇੜਾ ਗਰਕ ਹੋ ਗਿਆ। ਦਿਨ ਚੜ੍ਹੇ ਦੋਵੇਂ ਜਣੇ ਪੈਲੀ ਬੰਨੇ ਸਿਰ ਸੁੱਟ ਕੇ ਬੈਠ ਗਏ। ਉਹ ਬਹੁਤ ਉਦਾਸ ਸਨ। ਅਜੇ ਵੀ ਬੱਦਲ ਗਰਜ ਰਿਹਾ ਸੀ ਤੇ ਬਿਜਲੀ ਚਮਕ ਰਹੀ ਸੀ। ਬਿਜਲੀ ਫਿਰ ਚਮਕੀ ਤਾਂ ਨਿਹੰਗਣੀ ਬੋਲੀ—"ਸਰਦਾਰ ਜੀ ਏਹ ਕੀ ਹੁੰਦਾ ਪਿਆ ?" ਜੀਤਾ ਨਿਹੰਗ ਸੜਿਆ ਬਲਿਆ ਬੋਲਿਆ—"ਅਤਰੋ ਇਹ ਰੱਬ ਬੈਟਰੀਆਂ ਮਾਰ ਕੇ ਵੇਖਦਾ ਪਿਆ ਏ ਕਿ ਜੀਤੇ ਨਿਹੰਗ ਦਾ ਕੋਈ ਦਾਣਾ ਬਚਿਆ ਤਾਂ ਨਹੀਂ।"

ਇਸ ਸਾਲ ਤੋਂ ਬਾਅਦ ਉਸਨੇ ਫਿਰ ਖੇਤੀ ਆਪ ਕਰਨ ਦੀ ਜੁਰਅਤ ਨਾ ਕੀਤੀ। ਉਸਦੀ ਧੀ ਦਲੇਰੋ ਹੁਣ ਮੁਟਿਆਰ ਹੋ ਗਈ ਸੀ। ਉਹ ਚਿੱਟੀ ਅਨਪੜ੍ਹ ਸੀ। ਉਹ ਮਾਂ ਵਾਂਗ ਦੂਰੋਂ ਹੀ ਨਿਹੰਗਾਂ ਦੀ ਧੀ ਲੱਗਦੀ ਸੀ। ਉਨ੍ਹਾਂ ਨੇ ਦਲੇਰੋ ਦਾ ਵਿਆਹ ਕਰ ਕੇ ਉਸਦੇ ਘਰ ਵਾਲੇ ਨੂੰ ਘਰ ਜਵਾਈ ਹੀ ਬਣਾ ਲਿਆ। ਆਪ ਜੀਤਾ ਨਿਹੰਗ ਤਾਂ ਹੁਣ ਬਹੁਤਾ ਡੇਰੇ ਹੀ ਰਹਿਣ ਲੱਗ ਪਿਆ ਸੀ। ਉਸਨੇ ਆਪਣਾ ਜਹਾਜ਼ ਆਪਣੇ ਜਵਾਈ ਦੇ ਹਵਾਲੇ ਕਰਕੇ, ਕਬੀਲਦਾਰੀ ਤੋਂ ਕਿਨਾਰਾਕਸ਼ੀ ਕਰ ਲਈ ਸੀ। ਉਹ ਹੁਣ ਫਿਰ ਡੇਰੇ ਆਉਣ ਜਾਣ ਲੱਗ ਪਿਆ ਸੀ। ਉਸਦਾ ਯੱਕਾ ਵੱਤ ਸੀ। ਉਸਦੇ ਡੇਰੇ 'ਤੇ ਹਰ ਸਾਲ ਪਹਿਲਾਂ ਵਾਂਗ ਦੀਵਾਲੀ 'ਤੇ ਮੇਲਾ ਲੱਗਦਾ ਤੇ ਦੂਰੋਂ-ਦੂਰੋਂ ਨਿਹੰਗਾਂ ਦੇ ਲਸ਼ਕਰ ਆ ਕੇ ਮੇਲੇ ਦੀ ਰੌਣਕ ਵਿਚ ਵਾਧਾ ਕਰਦੇ। ਜੀਤੇ ਦੀਆਂ ਪੌਂ ਬਾਰਾਂ।

# ਬਾਟੀ ਭਲਵਾਨ

ਬਾਟੀ ਭਲਵਾਨ ਕੇਹਰੇ ਭਲਵਾਨ ਦਾ ਇਕਲੌਤਾ ਪੁੱਤਰ ਸੀ। ਕੇਹਰਾ ਆਪ ਵੇਲੇ ਚੋਟੀ ਦੇ ਭਲਵਾਨਾਂ ਵਿਚੋਂ ਇਕ ਸੀ। ਪਰ ਉਸਦੀ ਮੀਂਹ ਕਣੀ ਵਾਲੇ ਦਿਨ ਤਿਲਕਣ ਨਾਲ ਇਕ ਲੱਤ ਟੁੱਟ ਗਈ ਸੀ ਜਿਸ ਨਾਲ ਉਸਦਾ ਭਲਵਾਨੀ ਦਾ ਕੰਮ ਲਗਭਗ ਖ਼ਤਮ ਹੋ ਗਿਆ ਸੀ। ਉਹ ਭਲਵਾਨੀ ਦੇ ਖੇਤਰ ਵਿਚ ਅਜੇ ਹੋਰ ਮੱਲਾਂ ਮਾਰਨੀਆਂ ਚਾਹੁੰਦਾ ਸੀ ਪਰ ਉਸਦਾ ਸਰੀਰ ਉਸ ਨਾਲ ਬੇਵਫ਼ਾਈ ਕਰ ਗਿਆ ਸੀ। ਉਹ ਹਾਰ ਕੇ ਘਰ ਬੈਠ ਗਿਆ ਸੀ। ਜਦੋਂ ਉਸਦਾ ਪੁੱਤਰ ਬਾਟੀ ਜਵਾਨ ਹੋਇਆ ਤਾਂ ਉਸਨੇ ਆਪਣੀਆਂ ਅਧੂਰੀਆਂ ਖਾਹਸ਼ਾਂ ਨੂੰ ਬਾਟੀ ਦੇ ਮਾਧਿਅਮ ਨਾਲ ਪੂਰਾ ਕਰਨ ਦਾ ਸੁਪਨਾ ਲਿਆ। ਉਹਦੇ ਵਾਂਗ ਬਾਟੀ ਵੀ ਹੱਡਾਂ ਪੈਰਾਂ ਦਾ ਮੋਕਲਾ ਸੀ। ਕੇਹਰੇ ਦਾ ਖੇਤੀ ਦਾ ਖੁੱਲ੍ਹਾ ਕੰਮ ਸੀ। ਉਸਨੇ ਬਦਾਮਾਂ ਦੀ ਬੋਰੀ ਲੈ ਕੇ ਉਹਦੇ ਵਾਸਤੇ ਉਚੇਚੀ ਰੱਖ ਲਈ ਸੀ। ਘਰ ਵਿਚ ਘਿਉ ਦੁੱਧ ਮੱਖਣ ਤੇ ਮੁਰਗਿਆਂ ਦਾ ਘਾਟਾ ਨਹੀਂ ਸੀ। ਉਹ ਆਪਣੇ ਅਖਾੜੇ ਵਿਚ ਹੀ ਆਪਣੇ ਕੁਝ ਸ਼ਗਿਰਦਾਂ ਨਾਲ ਬਾਟੀ ਦਾ ਜ਼ੋਰ ਕਰਵਾਉਣ ਲੱਗਾ।

ਉਸ ਦੀਆਂ ਖਾਧੀਆਂ ਖੁਰਾਕਾਂ ਤੇ ਕੀਤੇ ਜ਼ੋਰ ਪੰਜ ਛੇ ਸਾਲ ਬਾਅਦ ਰੰਗ ਲਿਆਏ। ਉਸਦੇ ਸਰੀਰ ਨੂੰ ਵੇਖ ਕੇ ਭੁੱਖ ਲਹਿੰਦੀ ਸੀ। ਉਹ ਅਖਾੜੇ ਵਿਚ ਵੜਦਿਆਂ ਹੀ ਬਿਜਲੀ ਵਾਂਗ ਲਿਸ਼ਕਾਂ ਮਾਰਨ ਲੱਗਦਾ ਤੇ ਦੂਜੇ ਭਲਵਾਨ ਅਖਾੜੇ ਤਕ ਪਹੁੰਚਦਿਆਂ ਹੀ ਉਸ ਤੋਂ ਭੈ ਖਾਣ ਲੱਗ ਪੈਂਦੇ। ਉਸਦਾ ਨੁਮਾਇਸ਼ੀ ਸਰੀਰ ਕਈਆਂ ਦੇ ਤੌਰ ਭੰਵਾਂ ਦੇਂਦਾ ਸੀ। ਉਸਨੇ ਪਹਿਲੀ ਕੁਸ਼ਤੀ ਪਿੰਡ ਦੇ ਮੇਲੇ ਦੀ ਛਿੰਜ ਵਿਚ ਲੜੀ ਤੇ ਉਸਨੇ ਛੀਨੇ ਦੇ ਬੱਗੇ ਪਹਿਲਵਾਨ ਨੂੰ ਮਿੰਟਾਂ ਵਿਚ ਢਾਹ ਲਿਆ। ਬੱਗਾ ਕਵ੍ਹੇ ਮੈਂ ਅਜੇ ਨਿੱਸਲ ਨਹੀਂ ਹੋਇਆ। ਬਾਟੀ ਨੇ ਉਸ ਨਾਲ ਫਿਰ ਘੁਲ ਕੇ ਉਸ ਨੂੰ ਦੂਜੀ ਵਾਰ ਫੇਰ ਢਾਅ ਲਿਆ। ਆਪਣੇ ਮੁੰਡੇ ਦੀ ਪਲੇਠੀ ਦੀ ਕੁਸ਼ਤੀ ਵੇਖ ਕੇ ਕੇਹਰਾ ਫੁੱਲਿਆ ਨਹੀਂ ਸੀ ਸਮਾਉਂਦਾ। ਉਸਨੇ ਅਖਾੜੇ ਵਿਚ ਜਾ ਕੇ ਬਾਟੀ ਨੂੰ ਚੁੱਕ ਲਿਆ ਤੇ ਬੁਲਬੁਲੀਆਂ ਮਾਰਨ ਲੱਗਾ। ਬਾਕੀ ਦੇ ਭਲਵਾਨ ਵੀ ਉਸ ਦੀ ਗੁੱਡੀ ਬੰਨ੍ਹਣ ਲੱਗੇ।

ਇਸ ਕੁਸ਼ਤੀ ਤੋਂ ਬਾਅਦ ਬਾਟੀ ਦਾ ਦਿਲ ਵਧ ਗਿਆ। ਕੇਹਰੇ ਨੇ ਉਸ ਨੂੰ ਇਕ ਹੋਰ ਦਾਅ ਦੱਸਿਆ, ਜਿਸਦੇ ਸਦਕਾ ਉਸਨੇ ਕਈ ਨਾਮੀ ਭਲਵਾਨਾਂ ਨੂੰ ਢਾਹਿਆ ਸੀ। ਬਾਟੀ ਉਹ ਦਾਅ ਸਿੱਖ ਕੇ ਵੱਡੇ-ਵੱਡੇ ਭਲਵਾਨਾਂ ਨੂੰ ਵੰਗਾਰਨ ਲੱਗਾ। ਉਸਨੇ ਇਲਾਕੇ ਦੇ ਮੰਨੇ-ਪ੍ਰਮੰਨੇ ਭਲਵਾਨ ਵੀਰੂ ਨੂੰ ਵੰਗਾਰਿਆ। ਵੀਰੂ ਨੇ ਜ਼ਿਲ੍ਹੇ ਦੇ ਵੱਡੇ-ਵੱਡੇ ਭਲਵਾਨਾਂ ਨੇ ਕਿਹਾ

ਕਿ ਇਹਦੇ ਮਰਨ ਦੇ ਮਸਾਲੇ ਹਨ। ਜਿੱਡੀ ਕੁੱਤੀ ਹੋਵੇ ਓਡਾ ਹੀ ਹੱਡ ਚੁੱਕਣਾ ਚਾਹੀਦਾ ਸੀ ਪਰ ਬਾਟੀ ਨੇ ਵੱਡੇ ਛਤੀਰ ਨੂੰ ਹੱਥ ਪਾਇਆ ਸੀ। ਬਹੁਤਿਆਂ ਦਾ ਵਿਚਾਰ ਸੀ ਕਿ ਵੀਰੂ ਜ਼ਰੂਰ ਇਹਦੀ ਹੱਡੀ ਪਸਲੀ ਤੋੜੇਗਾ। ਉਸਨੂੰ ਚੈਲੰਜ ਵਾਪਸ ਲੈਣ ਦੇ ਮਸ਼ਵਰੇ ਦਿੱਤੇ ਗਏ ਪਰ ਬਾਟੀ ਪੂਰਾ ਵਿਹਰਿਆ ਹੋਇਆ ਸੀ।

ਉਡੀਕਾਂ ਕਰਦਿਆਂ ਕੁਸ਼ਤੀ ਦਾ ਦਿਨ ਆ ਗਿਆ। ਜੰਡਿਆਲੇ ਨਗਰ ਵਿਚ ਦੰਗਲ ਹੋਣਾ ਸੀ। ਹੋਰ ਵੀ ਕਈ ਭਲਵਾਨਾਂ ਨੇ ਆਪਣੀ ਜ਼ੋਰ ਅਜ਼ਮਾਈ ਕਰਨੀ ਸੀ। ਬਾਟੀ ਵੀ ਆਪਣੀ ਕਿਸਮਤ ਅਜ਼ਮਾਉਣ, ਕੁਸ਼ਤੀ ਲਈ ਆਪਣਾ ਲਾਮ ਲਸ਼ਕਰ ਲੈ ਕੇ ਪਹੁੰਚਿਆ। ਅਖਾੜੇ ਦੇ ਚਾਰ ਚੁਫ਼ੇਰੇ ਢੋਲ ਵੱਜ ਰਹੇ ਸਨ ਅਤੇ ਭਲਵਾਨ ਹੌਲੀ-ਹੌਲੀ ਅਖਾੜੇ ਵਿਚ ਉਤਰਨ ਲੱਗੇ। ਪਹਿਲੀ ਕੁਸ਼ਤੀ ਕਾਲੇ ਰਸੂਲਪੁਰੀਏ ਦੀ ਘੁੱਦੇ ਚਾਟੀਵਿੰਡੀਏ ਨਾਲ ਸੀ। ਕਾਲਾ ਘੁੱਦੇ ਨੂੰ ਜਾਂਦਿਆਂ ਹੀ ਢਾਹ ਗਿਆ। ਦੂਜੀ ਕੁਸ਼ਤੀ ਵਿਚ ਭਲਵਾਨ ਕਿੰਨਾ ਚਿਰ ਜੂਝਦੇ ਰਹੇ ਤੇ ਫਿਰ ਸਾਹਵੇਂ ਹੀ ਛੁਡਾ ਦਿੱਤੇ ਗਏ। ਤੀਸਰੀ ਕੁਸ਼ਤੀ ਵੀਰੂ ਦੀ ਬਾਟੀ ਨਾਲ ਕਰਵਾਈ ਗਈ। ਸ਼ੁਰੂ ਵਿਚ ਹੀ ਵੀਰੂ ਨੇ ਬਾਟੀ ਨੂੰ ਹੇਠਾਂ ਸੁੱਟਣ ਲਈ ਵਾਰ ਕੀਤੇ ਪਰ ਬਾਟੀ ਉਸਦੇ ਕਾਬੂ ਨਹੀਂ ਆ ਰਿਹਾ ਸੀ। ਪੰਜ ਕੁ ਮਿੰਟ ਵੀਰੂ ਨੇ ਸਾਰੇ ਦਾਅ-ਪੇਚ ਲਗਾ ਕੇ ਬਾਟੀ ਨੂੰ ਦੰਗਲ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਬਾਟੀ ਬੜੀ ਫੁਰਤੀ ਨਾਲ ਉਸਦਾ ਵਾਰ ਜਾਇਆ ਕਰ ਦਿੰਦਾ।

ਹੁਣ ਬਾਟੀ ਦੀ ਵਾਰੀ ਸੀ। ਬਾਟੀ ਨੇ ਹਿੰਮਤ ਕਰਕੇ ਵੀਰੂ ਨੂੰ ਖੱਬੀ ਬਾਂਹ ਤੋਂ ਫੜ ਲਿਆ ਤੇ ਦੂਜਾ ਹੱਥ ਉਸਦੇ ਗਲ ਨੂੰ ਪਾ ਲਿਆ। ਉਸਨੇ ਐਸੀ ਕਲਾਜੰਗ ਲਗਾਈ ਕਿ ਵੀਰੂ ਭੁਆਂਟਣੀ ਖਾ ਕੇ ਭੁੰਜੇ ਡਿੱਗ ਪਿਆ। ਬਾਟੀ ਨੇ ਬੜੀ ਤੇਜ਼ੀ ਨਾਲ ਉਸਨੂੰ ਸੰਭਲਣ ਤੋਂ ਪਹਿਲਾਂ ਹੀ ਉਸਦੀ ਕੰਡ ਲਗਾ ਦਿੱਤੀ। ਰੈਫਰੀ ਨੇ ਉਸਨੂੰ ਜੇਤੂ ਕਰਾਰ ਦਿੱਤਾ। ਪਰ ਵੀਰੂ ਉੱਠ ਕੇ ਰੈਫਰੀ ਨੂੰ ਕਹਿਣ ਲੱਗਾ—"ਏਨੇ ਮੇਰਾ ਗਲ ਘੁੱਟ ਕੇ, ਮੇਰਾ ਸਾਹ ਗੁੰਮ ਕੀਤਾ ਜੋ ਕਿ ਭਲਵਾਨੀ ਦੇ ਅਸੂਲਾਂ ਦੇ ਖ਼ਿਲਾਫ਼ ਹੈ।" ਪਰ ਰੈਫ਼ਰੀ ਨੂੰ ਇਹ ਦਲੀਲ ਦੀ ਸਮਝ ਨਾ ਆਈ ਕਿਉਂਕਿ ਉਹਨੇ ਬਾਟੀ ਨੂੰ ਉਸਦਾ ਗਲ ਦਬਾਉਂਦੇ ਨਹੀਂ ਵੇਖਿਆ ਸੀ। ਬਾਟੀ ਨੂੰ ਜੇਤੂ ਵੇਖ ਕੇ ਲੋਕ ਜਸ਼ਨ ਮਨਾਉਣ ਲਈ ਅਖਾੜੇ ਦੇ ਗਿਰਦ ਇਕੱਠੇ ਹੋ ਗਏ। ਉਨ੍ਹਾਂ ਬਾਟੀ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਉਸਦਾ ਢੋਲ ਢਮੱਕੇ ਨਾਲ ਸਾਰਿਆਂ ਦੇ ਸਾਹਮਣੇ ਸਵਾਗਤ ਕੀਤਾ। ਇਕ ਕੁਸ਼ਤੀ ਅਜੇ ਹੋਰ ਹੋਣੀ ਸੀ ਪਰ ਵੀਰੂ ਦੇ ਹਮਾਇਤੀਆਂ ਨੇ ਹੋਣ ਨਾ ਦਿੱਤੀ। ਵੀਰੂ ਦੇ ਹਮਾਇਤੀ ਕੁਸ਼ਤੀ ਦੁਬਾਰਾ ਕਰਾਉਣ ਲਈ ਜ਼ੋਰ ਦੇ ਰਹੇ ਸਨ। ਪਰ ਬਾਟੀ ਦੇ ਹਮਾਇਤੀ ਇਸ ਨੂੰ ਗ਼ੈਰਜ਼ਰੂਰੀ ਸਮਝ ਕੇ ਅਖਾੜਾ ਉਜਾੜ ਕੇ ਪਿੰਡਾਂ ਨੂੰ ਪਰਤ ਗਏ। ਇਸ ਤਰ੍ਹਾਂ ਰੌਲੇ-ਰੱਪੇ ਵਿਚ ਇਸ ਕੁਸ਼ਤੀ ਦਾ ਅੰਤ ਹੋਇਆ।

ਪ੍ਰਬੰਧਕਾਂ ਨੇ ਸਲਾਹ ਕਰਕੇ ਇਨ੍ਹਾਂ ਦੋਵਾਂ ਭਲਵਾਨਾਂ ਦੀ ਕੁਸ਼ਤੀ ਦੁਬਾਰਾ ਦੀਵਾਲੀ ਨੂੰ ਕਰਾਉਣ ਦਾ ਐਨਾਨ ਕਰ ਦਿੱਤਾ। ਲੋਕੀ ਬਾਟੀ ਭਲਵਾਨ ਦੀ ਚਰਚਾ ਕਰਦੇ ਕਹਿ ਰਹੇ ਸਨ ਕਿ ਇਹਦਾ ਪਿਉ ਕੇਹਰਾ ਵੀ ਇਸ ਤਰ੍ਹਾਂ ਹੀ ਕੋਈ ਕਲਾਜੰਗ ਲਾਉਂਦਾ ਸੀ ਕਿ ਅਗਲਾ ਹੱਥ ਮਲਦਾ ਹੀ ਰਹਿ ਜਾਂਦਾ। ਸਾਰੇ ਭਲਵਾਨੀ ਜਗਤ ਵਿਚ ਬਾਟੀ ਦੀਆਂ ਧੁੰਮਾਂ ਪੈ ਗਈਆਂ।

ਉਹ ਜ਼ਿਲ੍ਹੇ ਦਾ ਸਿਰਕੱਢ ਭਲਵਾਨ ਗਿਣਿਆ ਜਾਣ ਲੱਗਾ। ਇਲਾਕੇ ਦੇ ਲੋਕ ਛਿੰਜਾਂ ਤੇ ਉਸਦੀ ਕੁਸ਼ਤੀ ਉਚੇਚੀ ਵੇਖਣ ਆਉਂਦੇ ਸਨ। ਉਸਦੀ ਕੁਸ਼ਤੀ ਵਿਚ ਅਜਿਹੀ ਕਸ਼ਿਸ਼ ਸੀ ਕਿ ਲੋਕ ਉਸਦੀ ਕੁਸ਼ਤੀ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਸਨ। ਦੀਵਾਲੀ ਤੋਂ ਪਹਿਲਾਂ ਬਾਟੀ ਨੇ ਕਈ ਭਲਵਾਨਾਂ ਨੂੰ ਜਾਦੂਮਈ ਫੁਰਤੀ ਨਾਲ ਚਿੱਤ ਕੀਤਾ ਸੀ ਕਿ ਵੇਖਣ ਵਾਲੇ ਹੈਰਾਨ ਪਰੇਸ਼ਾਨ ਹੋ ਜਾਂਦੇ।

ਦਿਵਾਲੀ ਵੀ ਆ ਗਈ। ਵੱਲੇ ਦੇ ਮੇਲੇ ਉਤੇ ਵੀ ਛਿੰਜ ਪੈਣੀ ਸੀ। ਵੀਰੂ ਤੇ ਬਾਟੀ ਦੀ ਕੁਸ਼ਤੀ ਵੀ ਇਸ ਛਿੰਜ ਵਿਚ ਹੋਣੀ ਸੀ। ਦੰਗਲ ਦਾ ਮੈਦਾਨ ਖਚਾਖਚ ਭਰ ਗਿਆ ਤੇ ਛੋਟੇ ਮੋਟੇ ਭਲਵਾਂਨਾ ਦੇ ਘੋਲ ਹੋਣ ਲੱਗੇ। ਦੋ ਕੁਸ਼ਤੀਆਂ ਬਰਾਬਰ ਹੀ ਛੁਟ ਗਈਆਂ। ਪੰਜਵੀਂ ਕੁਸ਼ਤੀ ਵੀਰੂ ਤੇ ਬਾਟੀ ਭਲਵਾਨ ਦੀ ਸੀ। ਲੋਕ ਬੜੀ ਬੇਸਬਰੀ ਨਾਲ ਭਲਵਾਨਾਂ ਨੂੰ ਅਖਾੜੇ ਵੱਲ ਜਾਂਦਾ ਵੇਖਣ ਲੱਗੇ। ਤਾੜੀਆਂ ਤੇ ਬੁਲ ਬੁਲੀਆਂ ਨਾਲ ਅਸਮਾਨ ਗੂੰਜ ਰਿਹਾ ਸੀ। ਦੋਹਵਾਂ ਭਲਵਾਂਨਾ ਦੇ ਹੱਥ ਸੁੱਟੇ ਤੇ ਕੁਸ਼ਤੀ ਸ਼ੁਰੂ ਹੋ ਗਈ। ਵੀਰੂ ਲਈ ਇਹ ਜ਼ਿੰਦਗੀ ਮੌਤ ਦਾ ਸਵਾਲ ਸੀ। ਉਸਨੇ ਬਾਟੀ ਨੂੰ ਕਈ ਵਾਰ ਹੇਠਾਂ ਸੁਟਿਆਂ ਤੇ ਉਸ ਨੂੰ ਗੁੱਦਦਾ ਰਿਹਾ। ਬਾਟੀ ਹੇਠਾਂ ਪਿਆਂ ਵੀਰੂ ਦੇ ਵਾਰ ਝੋਲ ਤੇ ਠੋਲ ਰਿਹਾ ਸੀ। ਉਹ ਸਾਹ ਲੈ ਕੇ ਹੇਠੋਂ ਉਠਿਆਂ ਤੇ ਬੜੀ ਫੁਰਤੀ ਨਾਲ ਉਸਨੇ ਵੀਰੂ ਨੂੰ ਖੱਬੀ ਬਾਂਹ ਤੋ ਪਕੜ ਕੇ ਆਪਣੇ ਵੱਲ ਜ਼ੋਰ ਨਾਲ ਖਿਚਿਆ ਤੇ ਦੂਜਾ ਹੱਥ ਉਸਦੇ ਗਲੇ ਵਲ ਵਧਾਇਆ। ਉਸਨੇ ਸਕਿੰਟਾ ਵਿਚ ਵੀਰੂ ਨੂੰ ਥੱਲੇ ਪਟਾਕ ਕੇ ਮਾਰਿਆ ਵੀਰੂ ਪਾਸਾਹੀ ਪਰਤਣ ਲੱਗਾ ਸੀ ਕਿ ਬਾਟੀ ਨੂੰ ਆਪਣਾ ਪੂਰਾ ਭਾਰ ਪਾ ਕੇ ਉਸਦੀ ਕੰਡ ਲਗਾ ਦਿੱਤੀ। ਰੈਫਰੀ ਨੇ ਬਾਟੀ ਦੀ ਜਿਤ ਦੀ ਸੀਟੀ ਮਾਰੀ ਵੀਰੂ ਬੌਂਦਲ ਗਿਆ। ਉਸਨੂੰ ਸਮਝ ਨਾ ਆਈ ਕਿ ਉਹ ਕਿਵੇਂ ਥੱਲੇ ਡਿੱਗਾ ਤੇ ਕਿਵੇਂ ਉਸਦੀ ਕੰਡ ਲੱਗ ਗਈ। ਉਹ ਘਬਰਾ ਕੇ ਰੈਫਰੀ ਦੇ ਗਲ ਪੈਣ ਲੱਗਾ ਪਰ ਰੈਫਰੀ ਪਿਛੇ ਹਟਦਾ ਉਸਤੋਂ ਵਰ ਹੋ ਗਿਆ। ਬਾਟੀ ਦੇ ਹਮਾਇਤੀਆਂ ਨੇ ਅਖਾੜਾਂ ਮਲ ਲਿਆ ਤੇ ਢੋਲ ਢਮਕੇ ਨਾਲ ਜ਼ਸਨ ਮਨਾਉਣ ਲੱਗੇ। ਸਾਰੇ ਪਾਸੇ ਬਾਟੀ ਦੀ ਧਾਂਕ ਜੰਮ ਗਈ ਤੇ ਵੀਰੂ ਦੇ ਹਮਾਇਤੀ ਸਿਰ ਲਮਕਾ ਕੇ ਘਰਾਂ ਨੂੰ ਤੁਰ ਪਏ। ਵੀਰੂ ਅਜੇ ਵੀ ਆਪਣੇ ਆਪ ਨੂੰ ਹਾਰਿਆ ਨਹੀਂ ਸੀ ਸਮਝਦਾ। ਉਹ ਸੋਚਦਾ ਸੀ ਕਿ ਉਸ ਨਾਲ ਕੋਈ ਛੱਲ ਹੋਇਆ ਹੈ।

ਕਿਸੇ ਵੇਲੇ ਵੀਰੂ ਦੇ ਬਾਪ ਹਜਾਰੇ ਨੇ ਕੇਹਰੇ ਨੂੰ ਢਾਇਆ ਸੀ ਅਤੇ ਉਸ ਉਪਰੋਂ ਲੱਤ ਘੁੰਮਾਈ ਸੀ। ਕੇਹਰੇ ਨੂੰ ਇਹ ਘਟਨਾ ਭੁਲੀ ਨਹੀਂ ਸੀ। ਉਸਨੂੰ ਖੁਸ਼ੀ ਸੀ ਕਿ ਉਸਦੇ ਪੁਤਰ ਨੇ ਹਜਾਰੇ ਦਾ ਬਦਲਾ ਵੀਰੂ ਕੋਲੋ ਲਿਆ ਸੀ। ਉਹ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਸੀ। ਉਸਦਾ ਪੁੱਤਰ ਪੰਜਾਬ ਦੇ ਚੰਦ ਕੁ ਭਲਵਾਨਾਂ ਵਿਚੋਂ ਇਕ ਸੀ।

ਕੇਹਰਾ ਭਲਵਾਨ ਸੰਤਾਲੀ ਤੋਂ ਬਾਅਦ ਉਜੜਕੇ ਚੜ੍ਹਦੇ ਪੰਜਾਬ ਆਇਆ ਸੀ। ਪਾਕਿਸਤਾਨ ਵਿਚ ਉਸਦੇ ਕਈ ਭਲਵਾਨ ਯਾਰ ਬੇਲੀ ਸਨ। ਉਹ ਯਾਰਾਂ ਦੇ ਸੱਦੇ ਤੇ ਆਪਣੇ ਲੜਕੇ ਬਾਟੀ ਨੂੰ ਨਾਲ ਲੈ ਕੇ ਪਾਕਿਸਤਾਨ ਚਲਾ ਗਿਆ। ਕੇਹਰੇ ਨਾਲ ਹੋਰ ਵੀ ਉਸਦੇ ਸ਼ਗਿਰਦ ਪਹਿਲਵਾਨ ਗਏ ਸਨ। ਉਸਨੇ ਜਿਹੜਾ ਗੁਰ ਆਪਣੇ ਬੇਟੇ ਨੂੰ ਦਸਿਆ ਸੀ, ਉਹ

ਆਪਣੇ ਕਿਸੇ ਵੀ ਸ਼ਗਿਰਦ ਨੂੰ ਨਹੀਂ ਦਸਿਆ ਸੀ। ਉਸਦੇ ਸ਼ਗਿਰਦ ਆਮ ਤੌਰ ਤੇ ਕੁਸ਼ਤੀਆ ਹਾਰ ਜਾਂਦੇ ਸਨ ਪਰ ਬਾਟੀ ਨੇ ਆਪਣੀ ਚੜ੍ਹਤਾ ਜਾਰੀ ਰੱਖੀ। ਉਸਨੇ ਲਾਇਲਪੁਰ, ਸਿਆਲਕੋਟ ਤੇ ਲਾਹੌਰ ਵਿਖੇ ਕਈ ਛਿੰਜਾਂ ਵਿਚ ਕੁਸ਼ਤੀਆ ਲੜੀਆਂ ਪਰ ਦੋ ਵਾਰ ਛੱਡਕੇ, ਉਹ ਜਿਤਦਾ ਹੀ ਰਿਹਾ। ਦੋ ਵਾਰ ਉਹ ਬਰਾਬਰ ਹੀ ਛੁਟਿਆ ਸੀ। ਲਹਿੰਦੇ ਪੰਜਾਬ ਦੇ ਇਕ ਸਿਰ ਕੱਢ ਭਲਵਾਨ ਹਮੀਦੇ ਨੇ ਬਾਟੀ ਨੂੰ ਚੈਲਿੰਜ ਕੀਤਾ। ਬਾਟੀ ਨੇ ਇਹ ਚੈਲਿੰਜ ਕਬੂਲ ਕਰਦਿਆਂ, ਲਾਹੌਰ ਦੇ ਇਕ ਅਖਾੜੇ ਵਿਚ ਕੁਸ਼ਤੀ ਲੜਨੀ ਮੰਨ ਲਈ। ਸਾਰੇ ਸ਼ਹਿਰ ਵਿਚ ਦੋਹਵਾਂ ਭਲਵਾਨਾਂ ਦੀਆਂ ਤਸਵੀਰਾਂ ਸਮੇਤ ਇਸ਼ਤਿਹਾਰ ਲਗਾਏ ਗਏ। ਕੁਸ਼ਤੀਆ ਵੇਖਣ ਸਾਰਾ ਸ਼ਹਿਰ ਢੁਕਿਆ ਹੋਇਆ ਸੀ। ਵਜ਼ੀਰੇ ਆਲਾ ਨੇ ਜੇਤੂ ਭਲਵਾਨ ਨੂੰ ਗੁਰਜ ਦੇਣਾ ਸੀ। ਪਾਕਿਸਤਾਨ ਦੇ ਕੋਨੇ ਕੋਨੇ ਤੋਂ ਭਲਵਾਨ ਇਹ ਕੁਸ਼ਤੀ ਵੇਖਣ ਆਏ ਹੋਏ ਸਨ। ਕੁਸ਼ਤੀ ਸ਼ੁਰੂ ਹੋਈ।

ਕੁਸ਼ਤੀ ਦਾ ਐਲਾਨ ਹੁੰਦਿਆ ਹੀ ਹਮੀਦਾ ਅਖਾੜੇ ਵਿਚ ਬਿਜਲੀ ਵਾਂਗ ਗਰਜਿਆ। ਬਾਟੀ ਵੀ ਆਪਣੇ ਬਾਪ ਦੇ ਪੈਰਾਂ ਨੂੰ ਹੱਥ ਲਾ ਕੇ, ਅਖਾੜੇ ਵਲ ਵਧਿਆ। ਦੋਹਵੇਂ ਭਲਵਾਨ ਅਖਾੜੇ ਵਿਚ ਗੇੜੇ ਕਟਦੇ ਇਕ ਦੂਜੇ ਦੇ ਪਰ ਤੋਕਣ ਲੱਗੇ। ਹਮੀਦਾ ਜ਼ੋਰ ਵਿਚ ਬਾਟੀ ਨਾਲੋਂ ਕਿਦੇ ਤਗੜਾ ਸੀ। ਉਸਨੇ ਆਉਂਦਿਆ ਹੀ ਬਾਟੀ ਨੂੰ ਹੇਠਾਂ ਲੈ ਲਿਆ ਤੇ ਉਸਨੂੰ ਪਟਕਾਉਣ ਲਈ ਜਦੋ ਜਹਿਦ ਕਰਨ ਲੱਗਾ। ਬਾਟੀ ਆਪਣੀ ਧੌਣ ਜ਼ਮੀਨ ਵਿਚ ਘਸੋਰੀ ਜਾ ਰਿਹਾ ਸੀ। ਹਮੀਦਾ ਵਾਰ ਤੇ ਵਾਰ ਕਰੀ ਜਾ ਰਿਹਾ ਸੀ। ਉਸਨੇ ਕਈ ਦਾਅ ਪੇਚ ਖੇਲੇ ਪਰ ਉਹ ਬਾਟੀ ਦੀ ਕੰਡ ਨਾ ਲਾ ਸਕਿਆ। ਜਦੋਂ ਹਮੀਦਾ ਕੁਝ ਢਿਲਾ ਹੋਇਆ ਤਾਂ ਉਹ ਫੁਰਤੀ ਨਾਲ ਹੇਠੋਂ ਉਠ ਪਿਆ ਤੇ ਹਮੀਦ ਨੂੰ ਬਾਂਹੋ ਫੜਨ ਲੱਗਾ। ਉਸਨੇ ਹਮੀਦ ਨੂੰ ਖੱਬੀ ਬਾਂਹ ਤੋਂ ਆਪਣੀ ਵਲ ਖਿਚਿਆ ਤੇ ਬੜੀ ਫੁਰਤੀ ਨਾਲ ਉਸਨੇ ਉਸਦਾ ਗਲਾ ਦਬਾਕੇ ਉਸਨੂੰ ਹੇਠਾਂ ਪਟਕਾ ਮਾਰਿਆ। ਇਹ ਉਸਦਾ ਵਿਸ਼ਸ਼ ਦਾਅ ਸੀ। ਅਜੇ ਹਮੀਦਾ ਉਠਣ ਲਈ ਹੰਭਲਾ ਮਾਰਨ ਹੀ ਲੱਗਾ ਸੀ ਕਿ ਬਾਟੀ ਨੇ ਉਸਦੀ ਬਾਂਹ ਮਰੋੜ ਕੇ ਉਸਦੀ ਕੰਡ ਲਾ ਦਿੱਤੀ। ਹਮੀਦਾ ਹੱਕਾ ਬੱਕਾ ਰਹਿ ਗਿਆ। ਰੈਫਰੀ ਨੇ ਬਾਟੀ ਨੂੰ ਜੇਤੂ ਕਰਾਰ ਦੇ ਦਿਤਾ।

ਹਮੀਦੇ ਦੇ ਹਮਾਇਤੀਆ ਨੇ ਸ਼ੋਰ ਸ਼ਰਾਬਾ ਪਾ ਦਿੱਤਾ। ਹਮੀਦਾ ਵੀ ਰੌਲਾ ਰੱਪਾ ਪਾਉਣ ਲੱਗਾ ਪਰ ਰੈਫਰੀ ਦਾ ਫੈਸਲਾ ਅਟੱਲ ਸੀ। ਲੋਕਾਂ ਵਿਚ ਮੁਰਦੇ ਹਾਣ ਛਾਅ ਗਈ। ਇਕ ਸਧਾਰਨ ਭਲਵਾਨ ਨੇ ਸੂਬੇ ਦੇ ਚੈਂਪੀਅਨ ਦੀ ਘੀਸੀ ਕਰਾ ਦਿੱਤੀ ਸੀ। ਪੰਜਾਬ ਦੇ ਮੁੱਖ ਮੰਤਰੀ ਨੇ ਬਾਟੀ ਦੀ ਬਹੁਤ ਤਾਰੀਫ ਕੀਤੀ। ਉਸਦੀ ਬੱਲੇ ਬੱਲੇ ਹੋ ਰਹੀ ਸੀ ਕਿਉਂਕਿ ਉਸਨੇ ਲੋਕਾਂ ਦੇ ਚਹੇਤੇ ਪਹਿਲਵਾਨ ਨੂੰ ਹਰਾ ਦਿੱਤਾ ਸੀ। ਬਹੁਤ ਸਾਰੇ ਇਨਾਮ ਸਨਮਾਨ ਲੈ ਕੇ ਬਾਟੀ ਵਾਪਿਸ ਵਤਨ ਪਰਤਿਆ।

ਬਾਟੀ ਵਾਪਿਸ ਆਇਆ ਤਾਂ ਵੀਰੂ ਨੇ ਉਸਨੂੰ ਫਿਰ ਵੰਗਾਰਿਆ। ਉਧਰੋਂ ਪਾਕਿਸਤਾਨੋਂ ਹਮੀਦੇ ਨੇ ਵੀ ਇਕ ਵਾਰੀ ਫਿਰ ਕੁਸ਼ਤੀ ਲੜਨ ਦੀ ਖਾਹਸ਼ ਜ਼ਾਹਿਰ ਕੀਤੀ। ਦੋਹਵੇਂ ਭਲਵਾਨ, ਬਾਟੀ ਕੋਲੋਂ ਢੱਠ ਤਾਂ ਗਏ ਸਨ ਪਰ ਹਾਲੇ ਨਿਸਲ ਨਹੀਂ ਸਨ ਹੋਏ। ਪਰ ਬਾਟੀ ਢਠਿਆ

ਨੂੰ ਦੁਬਾਰਾ ਢਾਉਣਾ ਨਹੀਂ ਸੀ ਚਾਹੁੰਦਾ। ਪੰਜਾਬ ਸਰਕਾਰ ਨੇ ਆਨੰਦਪੁਰ ਸਾਹਿਬ ਮੇਲੇ ਤੇ ਕੁਸ਼ਤੀਆ ਕਰਾਉਣ ਦਾ ਐਲਾਨ ਕੀਤਾ। ਬਾਟੀ ਨੂੰ ਪੰਜਾਬ ਦੇ ਮਸ਼ਹੂਰ ਪਹਿਲਵਾਨ ਕਰਤਾਰੇ ਨੇ ਵੰਗਾਰਿਆ ਸੀ। ਕਰਤਾਰਾ ਵੱਡੇ ਵੱਡੇ ਪਹਿਲਵਾਨਾਂ ਨੂੰ ਢਾਅ ਚੁੱਕਾ ਸੀ। ਉਸਨੇ ਬਾਟੀ ਦੇ ਕਾਰਨਾਮਿਆ ਬਾਰੇ ਸੁਣਿਆ ਤੇ ਪੜ੍ਹਿਆ ਸੀ। ਹੋਲੇ ਤੋਂ ਦੋ ਦਿਨ ਪਹਿਲਾਂ ਕੁਸ਼ਤੀਆਂ ਕਰਵਾਈਆ ਗਈਆਂ। ਬਾਟੀ ਐਤਕੀਂ ਇਕੱਲਾ ਹੀ ਗਿਆ ਸੀ, ਕਿਉਂਕਿ ਕੇਹਰਾ ਭਲਵਾਨ ਬਹੁਤ ਬਿਮਾਰ ਸੀ। ਉਸਨੂੰ ਅਧਰੰਗ ਦਾ ਦੌਰਾ ਪਿਆ ਸੀ। ਕੁਸ਼ਤੀਆਂ ਵੇਖਣ ਪੰਜਾਬ ਦਾ ਰਾਜ ਪਾਲ ਵੀ ਆਇਆ ਸ਼ੀ।

ਕਰਤਾਰਾ ਭਲਵਾਨ ਕੇਹਰੇ ਦੇ ਕਾਰਨਾਮਿਆ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸਨੂੰ ਇਹ ਵੀ ਪਤਾ ਲੱਗਾ ਸੀ ਕਿ ਬਾਟੀ ਗਲੋਂ ਫੜਕੇ ਕੋਈ ਕਲਾ ਜੰਗ ਲਾਉਂਦਾ ਹੈ। ਇਸ ਲਈ ਉਸਨੇ ਆਪਣੇ ਗਲ ਦਵਾਲੇ ਇਕ ਚਮੜੇ ਦਾ ਪਟਾ, ਗਲੇ ਦੀ ਹਿਫਾਜ਼ਿਤ ਵਾਸਤੇ ਪਾਲਿਆ। ਬਾਟੀ ਨੇ ਇਸ ਦੀ ਵਿਰੋਧਤਾ ਕੀਤੀ ਪਰ ਜਦੋਂ ਕੋਈ ਤਕਨੀਕੀ ਇਤਰਾਜ ਸਾਹਮਣੇ ਨਾ ਆਇਆ ਤਾਂ ਕਰਤਾਰੇ ਨੂੰ ਪਟੇ ਸਣੇ ਕੁਸ਼ਤੀ ਲੜਨ ਦੀ ਇਜਾਜਤ ਦਿੱਤੀ ਗਈ। ਕੁਸ਼ਤੀ ਸ਼ੁਰੂ ਹੋਈ। ਦੋਹਵੇਂ ਪਹਿਲਵਾਨ ਬੜੇ ਤਾਅ ਵਿਚ ਸਨ। ਕਰਤਾਰੇ ਨੇ ਆਪਣੇ ਪੂਰੇ ਜ਼ੋਰ ਨਾਲ ਬਾਟੀ ਨੂੰ ਪਟਕਾ ਪਟਕਾ ਕੇ ਮਾਰਿਆ ਪਰ ਉਸਨੂੰ ਢਾਅ ਵਿਚ ਨਾ ਸਕਿਆ। ਉਧਰੋਂ ਬਾਟੀ ਨੇ ਆਪਣਾ ਵਿਸ਼ੇਸ਼ ਦਾਅ ਲਾਉਣਾ ਚਾਹਿਆ ਪਰ ਗੱਲ ਵਿਚ ਪਟਾ ਹੋਣ ਕਰਕੇ ਉਹ ਕਈ ਵਾਰ ਕਰਤਾਰੇ ਨੂੰ ਹੇਠਾਂ, ਖੱਬੀ ਬਾਹ ਫੜਕੇ ਸੁਟਦਾ ਪਰ ਕਰਤਾਰਾ ਸਕਿੰਟਾਂ ਵਿਚ ਫਿਰ ਖੜਾ ਹੋ ਜਾਂਦਾ। ਕਰਤਾਰੇ ਨੇ ਫਿਰ ਉਠਕੇ ਬਾਟੀ ਨੂੰ ਹੇਠਾਂ ਸੁਟਿਆ ਤੇ ਬੜੇ ਆਰਾਮ ਨਾਲ ਉਸਦੀ ਕੰਡ ਲਵਾ ਦਿੱਤੀ। ਕਰਤਾਰ ਜਿਤ ਗਿਆ ਉਹ ਤਾਂ ਅਗੇ ਵੀ ਜਿਤਦਾ ਸੀ ਪਰ ਬਾਟੀ ਦੀ ਬੱਲੇ ਬੱਲੇ ਉਸਨੇ ਮਿੱਟੀ ਵਿਚ ਮਿਲਾ ਕੇ ਰੱਖ ਦਿੱਤੀ। ਟਰਾਫੀ ਕਰਤਾਰੇ ਨੂੰ ਦਿੱਤੀ ਗਈ ਤੇ ਬਾਟੀ ਊਂਧੀ ਪਾ ਕੇ ਵਾਪਿਸ ਮੁੜ ਗਿਆ। ਬਾਟੀ ਦੀ ਲੰਕਾ ਉਜੜ ਗਈ ਸੀ।

ਉਹ ਜਦ ਘਰ ਗਿਆ ਤਾਂ ਕੇਹਰਾ ਗੁਜ਼ਰ ਚੁੱਕਾ ਸੀ ਉਸਦੇ ਸ਼ਗਿਰਦ ਪਹਿਲਵਾਨ ਰੋਣ ਕਰਲਾਉਣ ਡਏ ਸਨ। ਉਸਦੀ ਵੀ ਚੜ੍ਹਤ ਕੇਹਰੇ ਕਰਕੇ ਸੀ। ਜਦੋਂ ਕੇਹਰੇ ਦੇ ਸ਼ਗਿਰਦਾ ਪਹਿਲਵਾਨਾਂ ਨੇ ਬਾਟੀ ਦੀ ਹਾਰ ਦੀ ਖਬਰ ਸੁਣੀ ਤਾਂ ਉਹ ਬਾਟੀ ਵਲ ਸ਼ਕ ਦੀ ਨਜਰ ਨਾਲ ਵੇਖਣ ਲੱਗੇ। ਉਹਨਾਂ ਦਾ ਕਹਿਣਾ ਸੀ ਕਿ ਕਿਸੇ ਵੀ ਭਲਵਾਨ, ਜਿਸ ਨੂੰ ਬਾਟੀ ਨੇ ਹਰਾਇਆ ਹੋਵੇ, ਉਸ ਕੋਲੋਂ ਪੂਰੀ ਹਾਰ ਮੰਨਣ ਤੋਂ ਇਨਕਾਰੀ ਸੀ। ਉਹਨਾਂ ਨੂੰ ਬਜ਼ੁਰਗ ਭਲਵਾਨ ਨੇ ਚੇਤੇ ਕਰਵਾਇਆ ਕਿ ਕੇਹਰਾ ਵੀ ਗਲ ਤੋਂ ਫੜ ਕੇ ਕੋਈ ਦਾਅ ਲਾਉਂਦਾ ਸੀ, ਜਿਸ ਨਾਲ ਭਲਵਾਨ ਜਲਦੀ ਨਾਲ ਚਿੱਤ ਹੋ ਜਾਂਦਾ ਸੀ। ਉਹਨਾਂ ਨੇ ਅਖਬਾਰ ਵਿਚ ਕਰਤਾਰੇ ਦਾ ਬਿਆਨ ਪੜ੍ਹਿਆ ਤਾਂ ਲੋਕਾਂ ਦੇ ਸ਼ੰਕੇ ਦੂਰ ਹੋ ਗਏ। ਬਾਟੀ ਖੱਬੀ ਬਾਂਹ ਨੂੰ ਵੱਟ ਚਾੜ੍ਹ ਕੇ ਆਪਣੇ ਵੱਲ ਹਲੌਂਕਾ ਮਾਰਕੇ ਖਿਚਦਾ ਤੇ ਫਿਰ ਦੂਜੇ ਭਲਵਾਨ ਦੀ ਗਲ ਦੀ ਸ਼ਾਹ ਰਗ ਦਬਾ ਕੇ ਉਸਨੂੰ ਬੌਂਦਲਾ ਦਿੰਦਾ ਸੀ। ਇਹ ਭਲਵਾਨੀ ਨਿਯਮਾਂ ਦਾ ਉਲੰਘਣ ਸੀ। ਪਰ ਉਹ ਇਸ ਨਿਯਮ

ਦੀ ਉਲੰਘਣਾ ਏਹਨੀ ਤੇਜ਼ੀ ਨਾਲ ਕਰਦਾ ਸੀ ਕਿ ਰੈਫਰੀ ਵੇਖਦਾ ਹੀ ਰਹਿ ਜਾਂਦਾ ਸੀ। ਇਸ ਲਈ ਸਾਰਾ ਮਾਮਲਾ ਭੁਲੇਖੇ ਵਿਚ ਪੈ ਜਾਂਦਾ ਸੀ। ਏਸੇ ਲਈ ਬਾਟੀ ਕੋਲੋਂ ਢਠਣ ਵਾਲੇ ਸਾਰੇ ਪਹਿਲਵਾਨ ਸ਼ਿਕਾਇਤਾਂ ਕਰਦੇ ਰਹਿ ਜਾਂਦੇ ਪਰ ਰੈਫਰੀ ਉਹਨਾਂ ਨਾਲ ਸਹਿਮਤ ਨਾ ਹੁੰਦਾ। ਇਹ ਚਾਲ ਕਰਤਾਰੇ ਨੂੰ ਕੇਹਰੇ ਦੇ ਕਿਸੇ ਸ਼ਗਿਰਦ ਨੇ ਦੱਸੀ।

ਬਾਟੀ ਦਾ ਸਿਤਾਰਾ ਡਗਮਗਾਉਣ ਲੱਗਾ। ਉਸ ਵਿਚ ਇਹਨੀ ਹਿੰਮਤ ਨਾ ਰਹੀ ਕਿ ਉਹ ਆਪਣੇ ਵਿਰੋਧੀਆਂ ਦੀਆਂ ਸ਼ਿਕਾਇਤਾ ਦਾ ਵਾਜਿਬ ਜਵਾਬ ਦੇ ਸਕੇ। ਉਹ ਪਿਤਾ ਦੀ ਗੈਰ ਹਾਜ਼ਰੀ ਵਿਚ ਮੂਲੋਂ ਹੀ ਮੈਦਾਨ ਛੱਡ ਗਿਆ। ਉਸਨੇ ਘੁਲਣਾ ਛੱਡ ਦਿੱਤਾ। ਉਸ ਵਿਰੁੱਧ ਵੰਨ ਸਵੰਨੀਆਂ ਗੱਲਾਂ ਹੋਣ ਲੱਗੀਆ। ਉਹ ਕਿਸੇ ਗੱਲ ਦਾ ਜਵਾਬ ਨਾ ਦੇ ਸਕਿਆ। ਉਸਦੇ ਸ਼ਗਿਰਦ ਤੇ ਹਮਾਇਤੀ ਹੌਲੀ ਹੌਲੀ ਉਸਦਾ ਸਾਥ ਛੱਡਣ ਲੱਗੇ। ਭਲਵਾਨੀ ਵਿਚ ਵੀ ਕੋਈ ਕਾਇਦਾ ਕਾਨੂੰਨ ਹੁੰਦਾ ਹੈ, ਜਿਸਦੀ ਬਾਟੀ ਤੇ ਕੇਹਰੇ ਨੇ ਉਲੰਘਣਾ ਕੀਤੀ ਸੀ। ਬਾਟੀ ਹੁਣ ਹੰਭ ਹਾਰ ਕੇ ਆਪਣਾ ਜੱਦੀ ਕਿੱਤਾ ਕਰਨ ਲੱਗਾ। ਉਹ ਇਕ ਦਿਨ ਹਲ ਵਾਹ ਰਿਹਾ ਸੀ। ਉਸਨੇ ਬੌਲਦ ਦੀ ਧੌਣ ਤੇ ਪ੍ਰਾਣੀ ਮਾਰੀ। ਬੌਲਦ ਨੇ ਛੜ ਮਾਰ ਕੇ ਬਾਟੀ ਦੀਆਂ ਮਿਆਂਕਾ ਕਢਾ ਦਿੱਤੀਆ। ਬਲਦ ਨੇ ਧੌਣ ਘੁੰਮਾਕੇ ਡਿੱਗੇ ਹੋਏ ਬਾਟੀ ਭਲਵਾਨ ਨੂੰ ਵੇਖਿਆ। ਮਾਨੋ ਉਹ ਕਹਿ ਰਿਹਾ ਹੋਵੇ, "ਭਲਵਾਨ ਜੀ ਮੈਂ ਕੋਈ ਬੰਦਾ ਨਹੀਂ ਜਿਹੜਾ ਤੇਰੇ ਕੋਲੋਂ ਗੱਲ ਘੁਟਵਾ ਲਊਗਾਂ। ਮੈਂ ਜਾਨਵਰ ਆਂ, ਤੇਰੀਆਂ ਕਾਰਸਤਾਨੀਆ ਨੂੰ ਸਮਝਦਾ ਵਾਂ। ਖ਼ਬਰਦਾਰ ਜੇ ਮੇਰੀ ਧੌਣ ਵੱਲ ਹੋਇਆ ਤਾਂ!"

# ਬਾਬਾ ਟੀਨੋਪਾਲ

ਮਾਪਿਆਂ ਨੇ ਉਸਦਾ ਨਾਮ ਪਾਲ ਸਿੰਘ ਰੱਖਿਆ ਸੀ ਪਰ ਉਹ ਸ਼ੁਰੂ ਤੋਂ ਹੀ ਚਿੱਟੇ ਕਪੜੇ ਜਾਂ ਸਫੈਦ ਪੁਸ਼ਾਕ ਪਾਉਣ ਦਾ ਬੇਹੱਦ ਸ਼ੌਕੀਨ ਸੀ। ਉਹ ਕੁੜਤਾ ਪਜਾਮਾ ਪਾਉਂਦਾ ਜੋ ਹਮੇਸ਼ਾ ਹੀ ਸਾਫ ਸੁਥਰਾ ਹੁੰਦਾ ਸੀ। ਉਹ ਆਪਣੀ ਪੁਸ਼ਾਕ ਨੂੰ ਹਰ ਰੋਜ਼ ਧੋਂਦਾਂ ਸੀ। ਜਦੋਂ ਲੋਕੀ ਉਸਨੂੰ ਪੁਛਦੇ ਕਿ ਤੇਰੇ ਕਪੜੇ ਹਮੇਸ਼ਾ ਕਿਉ ਸਾਫ ਸੁਥਰੇ ਤੇ ਸਫੈਦ ਹੁੰਦੇ ਹਨ ਤੇ ਉਹ ਆਖਦਾ ਕਿ ਉਸ ਕੋਲ ਟੀਨੋਪਾਲ ਹੈ। ਇਸ ਲਈ ਉਸਦੀ ਵਰਦੀ ਹਮੇਸ਼ਾ ਸਫੈਦ ਹੁੰਦੀ ਏ। ਇਸ ਲਈ ਲੋਕ ਉਸਨੂੰ ਟੀਨੋਪਾਲ ਆਖਣ ਲਗ ਪਏ, ਪਾਲ ਕੋਈ ਕੋਈ ਆਖਦਾ ਸੀ। ਬਾਅਦ ਵਿਚ ਅੰਦਰ ਬਾਹਿਰ ਉਸਨੂੰ ਟੀਨੋਪਾਲ ਹੀ ਆਖੰਦੇ।

ਰੁਜ਼ਗਾਰ ਦੀ ਖਾਤਿਰ ਉਹ ਆਲਮੀ ਦੂਜੀ ਜੰਗ ਵੇਲੇ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਿਆ। ਉਹ ਦਸ ਜਮਾਤਾਂ ਪਾਸ ਸੀ, ਇਸ ਲਈ ਉਸਨੂੰ ਫੌਜ ਵਿਚ ਖਜਾਨਚੀ ਦੀ ਨੌਂਕਰੀ ਉਪਰ ਨਿਯੁਕਤ ਕੀਤਾ ਗਿਆ। ਫੌਜ ਵਿਚ ਵੀ ਉਸਨੇ ਸਫੈਦ ਪੁਸਾਕ ਪਾਉਣ ਦੀ ਅਪੀਲ ਕੀਤੀ ਪਰ ਫੌਜ ਦੇ ਕਾਨੂੰਨ ਸਖਤ ਹੋਣ ਕਰਕੇ, ਉਸਨੂੰ ਸਫੈਦ ਪੁਸ਼ਾਕ ਦੀ ਜਗਾ, ਫੌਜੀਆ ਵਾਲੀ ਵਰਦੀ ਪਾਉਣੀ ਪੈ ਗਈ। ਉਹ ਫੌਜ ਦੀ ਨੌਂਕਰੀ ਨਾਲ ਖੁਸ਼ ਨਹੀਂ ਸੀ। ਉਹ ਮਿਸਰ ਵਿਚ ਤਾਇਨਾਤ ਸੀ। ਇਕ ਵਾਰੀ ਉਸਦਾ ਮਨ ਬੇਈਮਾਨ ਹੋ ਗਿਆ। ਉਹ ਸਮੁੱਚੀ ਯੂਨਿਟ ਦੀ ਤਨਖਾਹ, ਜਿਹੜੀ ਕਿ ਉਹ ਹਰ ਮਹੀਨੇ ਵੰਡਦਾ ਸੀ, ਲੈ ਕੇ ਫੌਜ ਵਿਚੋਂ ਭਗੌੜਾ ਹੋ ਗਿਆ।

ਉਹ ਭੱਜ ਕੇ ਆਪਣੇ ਪਿੰਡ ਪਰਤ ਆਇਆ। ਉਸਨੇ ਆਉਦਿਆਂ ਹੀ ਸੌ ਬੋਰੀ ਕਣਕ ਖਰੀਦੀ ਅਤੇ ਘਰ ਵਿਚ ਹੀ ਲੰਗਰ ਲਾਉਣਾਂ ਸ਼ੁਰੂ ਕਰ ਦਿੱਤਾ। ਉਹ ਹਰ ਮਸਿਆ ਤੇ ਲੰਗਰ ਲਾਉਂਦਾ ਸੀ। ਉਸਦੇ ਪਿੰਡ ਦੇ ਲੋਕ ਬਹੁਤ ਖ਼ੁਸ਼ ਸਨ। ਉਸ ਨੂੰ ਕੁਝ ਦਿਨਾਂ ਬਾਅਦ ਇਹ ਐਲਾਨ ਕੀਤਾ ਕਿ ਉਸ ਵਿਚ ਬਾਬਾ ਕਰਮ ਸਿੰਘ ਹਜ਼ੂਰ ਸਾਹਿਬ ਵਾਲੇ ਦੀ ਜੋਤ ਹੈ। ਉਸਨੇ ਹੀ ਉਸਨੂੰ ਫੌਜ ਦੀ ਨੌਂਕਰੀ ਛੱਡ ਕੇ ਲੋਕ ਸੇਵਾ ਤੇ ਲੰਘਰ ਲਾਉਣ ਲਈ ਭੇਜਿਆ ਹੈ। ਉਸਦਾ ਘਰ ਹੌਲੀ ਹੌਲੀ ਗੁਰੂਦਵਾਰਾ ਹੀ ਬਣ ਗਿਆ ਤੇ ਲੋਕ ਉਸ ਕੋਲ ਬੜੀ ਸ਼ਰਧਾ ਨਾਲ ਆਉਂਦੇ ਤੇ ਕਈ ਉਸ ਦੀ ਸ਼ਕਤੀ ਦੇ ਗੁਣ ਗਾਉਂਦੇ ਨਾਂ ਥਕਦੇ। ਬੀਬੀਆਂ ਤਾਂ ਉਸ ਅੱਗੇ ਮੱਥਾ ਟੇਕਦੀਆਂ ਨਾ ਥੱਕਦੀਆਂ। ਉਹ ਪਾਲ ਸਿੰਘ ਤੋਂ ਬਾਬਾ ਟੀਨੋਪਾਲ ਬਣ ਗਿਆ। ਉਸਦੀ ਸ਼ੋਭਾ ਦਿਨੋ ਦਿਨ ਵਧਣ ਲੱਗੀ। ਭਾਦੋਂ ਦੀ ਸੱਤ ਤਰੀਕ ਨੂੰ ਉਸਦੇ ਡੇਰੇ ਤੇ ਮੇਲਾ ਲਗਣ ਲੱਗਾ। ਮੇਲੇ ਦੀ ਹਾਜ਼ਰੀ ਦਿਨੋ ਦਿਨ ਵਧਣ ਲੱਗੀ।

ਇਕ ਦਿਨ ਫੌਜ ਦੇ ਖੁਫੀਆ ਵਿਭਾਗ ਦੇ ਬੰਦੇ ਸਾਡੇ ਪਿੰਡ ਆਏ ਤੇ ਉਸਨੇ ਪਾਲ ਸਿੰਘ

ਬਾਰੇ ਭਾਲ ਕਰਕੇ ਪੁਛਗਿਛ ਸ਼ੁਰੂ ਕਰ ਦਿੱਤੀ। ਜਦੋਂ ਖੁਫੀਆਂ ਵਿਭਾਗ ਦੇ ਕਰਮਚਾਰੀ ਉਸ ਦੇ ਘਰ ਪਹੁੰਚੇ ਤਾਂ ਉਹ ਸਮਾਧੀ ਲਗਾਕੇ ਬੈਠਾ ਸੀ। ਪਿੰਡ ਦੇ ਸਰਪੰਚ ਨੂੰ ਨਾਲ ਲੈ ਕੇ ਉਹਨਾਂ ਨੇ ਪਾਲ ਸਿੰਘ ਨਾਲ ਕੁਝ ਸਵਾਲ ਕੀਤੇ। ਪਾਲ ਸਿੰਘ ਹਰ ਸਵਾਲ ਦਾ ਜ਼ਵਾਬ ਚੁੱਪ ਨਾਲ ਦੇ ਰਿਹਾ ਸੀ। ਲੋਕਾਂ ਨੇ ਫੌਜੀਆਂ ਨੂੰ ਦਸਿਆ ਕਿ ਉਹ ਹੁਣ ਬਾਬਾ ਬਣ ਚੁੱਕਾ ਏ ਤੇ ਦੁਨਿਆਵੀ ਕੰਮਾਂ ਵਿਚ ਉਸਦੀ ਕੋਈ ਦਿਲਚਸਪੀ ਨਹੀਂ ਰਹੀ। ਸਰਪੰਚ ਨੇ ਉਸਦੀ ਸ਼ਾਅਦੀ ਭਰਦਿਆਂ ਆਖਿਆ, "ਇਹ ਤਾਂ ਭਗਤ ਬੰਦਾ ਏ। ਸਾਰੇ ਪਿੰਡ ਵਾਲੇ ਇਸਦੇ ਸਾਹਾਂ ਨਾਲ ਜੀਊਂਦੇ ਹਨ। ਤਨਖਾਹਾ ਲੈ ਕੇ ਭੱਜਣ ਵਾਲਾ ਕੋਈ ਹੋਰ ਦੁਸ਼ਟ ਹੋਵੇਗਾ। ਫੌਜੀਆ ਨੇ ਉਸਨੂੰ ਇਕ ਵਾਰੀ ਫਿਰ ਧਿਆਨ ਨਾਲ ਵੇਖਿਆ। ਉਹਨਾਂ ਨੂੰ ਕੋਈ ਸਪਸ਼ਟਤਾ ਨਾ ਹੋਈ ਤੇ ਉਹ ਇਹ ਸੋਚ ਦੇ ਵਾਪਿਸ ਚਲੇ ਗਏ ਕਿ ਕਿਸੇ ਪਵਿੱਤਰ ਆਤਮਾ ਉੱਪਰ ਉਹਨਾਂ ਖਾਹਮਖਾਹ ਸ਼ੱਕ ਕੀਤਾ ਏ।

ਦੂਜੀ ਆਲਮੀ ਜੰਗ ਬੰਦ ਹੋ ਗਈ ਤੇ ਦੇਸ਼ ਦੀ ਵਾਗ ਡੋਰ ਭਾਰਤੀਆਂ ਦੇ ਹੱਥ ਆ ਗਈ। ਸਾਰੀ ਵਾਰਦਾਤ ਰਫਾ ਦਫਾ ਹੋ ਗਈ। ਬਾਬਾ ਟੀਨੋਪਾਲ ਦਿਨੋ ਦਿਨ ਚੜ੍ਹਾਈ ਵਲ ਜਾਣ ਲੱਗਾ। ਹੁਣ ਉਸ ਕੋਲ ਲੋਕ ਨਾਮ ਲੈਣ ਲੱਗੇ। ਉਸਦਾ ਬਚਨ ਕੋਈ ਨਾ ਮੋੜਦਾ ਤੇ ਸਾਰੇ ਉਸਦੇ ਹੁਕਮਾਂ ਦੀ ਪਾਲਣਾਂ ਕਰਕੇ ਆਪਣੇ ਆਪ ਨੂੰ ਵਡਭਾਗੀ ਸਮਝਣ ਲੱਗੇ। ਲੋਕ ਉਸ ਕੋਲ ਪੁਛਣਾ ਵਾਸਤੇ ਵੀ ਆਉਣ ਲੱਗੇ। ਉਹ ਲੋਕਾਂ ਦੀ ਹਰ ਪੁਛਣਾ ਦਾ ਵਾਜਿਬ ਜਵਾਬ ਦਿੰਦਾ ਤੇ ਉਸ ਦੀ ਗਲ ਨੂੰ ਕੋਈ ਨਹੀਂ ਸੀ ਉਥੱਲਦਾ। ਉਸਦੀ ਹੁਕਮ ਅਦੂਲੀ ਕਰਨ ਵਾਲਾ ਪਾਪੀ ਸਮਝਿਆ ਜਾਂਦਾ ਸੀ।

ਇਕ ਦਿਨ ਪੁਛਦਾ ਪਛਾਉਂਦਾ ਉਸਦਾ ਇਕ ਫੌਜੀ ਸਮਕਾਲੀ ਜਿਹੜਾ ਕਿ ਉਸਦੀ ਯੂਨਿਟ ਵਿਚ ਨੌਕਰੀ ਕਰਦਾ ਸੀ, ਉਸਦੇ ਡੇਰੇ ਪਹੁੰਚਿਆ। ਬੜੀਆ ਰੌਣਕਾਂ ਲੱਗੀਆ ਹੋਈਆਂ ਸਨ। ਉਹ ਜਦੋਂ ਅੰਦਰ ਗਿਆ ਤਾਂ ਪਾਲ ਸਿੰਘ ਨੂੰ ਉਸਨੇ ਇਕ ਆਸਣ ਉਪਰ ਬੈਠੇ ਵੇਖਿਆ। ਜਦੋਂ ਪਾਲ ਸਿੰਘ ਨੇ ਆਪਣੇ ਪੁਰਾਣੇ ਲੰਗੋਟੀਏ ਆਸਾ ਸਿੰਘ ਨੂੰ ਵੇਖਿਆ ਜੋ ਕਿ ਹੁਣ ਰੋਡਵੇਜ਼ ਵਿਚ ਡਰਾਈਵਰ ਲੱਗਾ ਹੋਇਆ ਸੀ। ਪਾਲ ਸਿੰਘ ਫੌਰਨ ਖੜਾ ਹੋ ਗਿਆ ਤੇ ਆਸਾ ਸਿੰਘ ਨੂੰ ਲਾਗਲੇ ਕਮਰੇ ਵਿਚ ਲੈ ਗਿਆ। ਉਸਨੂੰ ਗਲਵਕੜੀ ਪਾ ਕੇ ਕਹਿਣ ਲੱਗਾ, " ਆਸਾ ਸਿਆਂ ਮੇਰਾ ਕੰਮ ਦਾਤੇ ਦੀ ਮਿਹਰ ਨਾਲ ਖ਼ੂਬ ਚਲ ਰਿਹਾ ਏ। ਤੂੰ ਏਥੇ ਕਿਸੇ ਨਾਲ ਵੱਧ ਘਟ ਗੱਲ ਨਾ ਕਰੀਂ। ਜਦੋਂ ਤੇਰਾ ਦਿਲ ਕਰੇ ਆ ਜਾਇਆ ਕਰ, ਤੇਰੀ ਸਪੈਸ਼ਲ ਸੇਵਾ ਹੋਵੇਗੀ।" ਬੰਦ ਕਮਰੇ ਵਿਚ ਦੋਹਵੇਂ ਲੰਗੋਟੀਏ ਗੱਪਾਂ ਛੱਪਾਂ ਮਾਰਦੇ ਵਿਦਾ ਹੋਏ।

ਬਾਬਾ ਟੀਨੋਪਾਲ ਲੋਕਾਂ ਦੀਆਂ ਨਜ਼ਰਾ ਵਿਚ ਇਕ ਮਹਾਨ ਵਿਦਵਾਨ ਤੇ ਲਿਖਾਰੀ ਸੀ। ਬਾਬੇ ਨੇ ਇਕ ਗਰੰਥ ਲਿਖਣਾ ਸ਼ੁਰੂ ਕੀਤਾ। ਉਹ ਵੀਹ ਕਿਲੋ ਗਰੰਥ ਲਿਖ ਚੁੱਕਾ ਸੀ। ਉਸਦਾ ਟੀਚਾ ਸੀ ਤੇ ਇਹ ਗਰੰਥ ਘੱਟ ਤੋਂ ਘੱਟ ਇਕ ਮਣ ਦਾ ਹੋਣਾ ਚਾਹੀਦਾ ਏ। ਉਸਦੇ ਗਰੰਥ ਦੀ ਇਕ ਵੰਨਗੀ ਇਸ ਪ੍ਰਕਾਰ ਸੀ, " ਆਪਣੇ ਆਪ ਬਚਾਈਂ ਦਾ, ਆਪਣੇ ਆਪਣੇ ਜੀਵਾਈ ਦਾ।

ਆਪਣੇ ਆਪ ਬਣਾਈ ਦਾ, ਆਪਣੇ ਆਪ ਮਟਾਈਂ ਦਾ।
ਆਪਣੇ ਆਪ ਹਸਾਈਂ ਦਾ, ਆਪਣੇ ਆਪ ਰਵਾਈਂ ਦਾ।
ਆਪਣੇ ਆਪ ਖਵਾਈਂ ਦਾ, ਆਪਣੇ ਆਪ ਪਚਾਈਂ ਦਾ।

ਇਹੋ ਜਿਹੀ ਬਾਣੀ ਬਾਬੇ ਟੀਨੋਪਾਲ ਨੇ 20 ਕਿਲੋ ਲਿਖ ਲਈ ਸੀ ਤੇ ਹੋਰ 20 ਕਿਲੋ ਲਿਖਣੀ ਬਾਕੀ ਸੀ। ਬਾਬਾ ਆਪਣੇ ਕਮਰੇ ਵਿਚ ਖਲੋਂ ਜਾਂਦਾ ਤੇ ਇਕ ਸਿਰੇ ਦੌਰਾਨ ਉਸਨੂੰ ਕੋਈ ਨਹੀਂ ਸੀ ਮਿਲ ਸਕਦਾ। ਉਸ ਵਕਤ ਉਸਦੀ ਸੁਰਤ ਸਿੱਧੀ ਪ੍ਰਮਾਤਮਾ ਨਾਲ ਜੁੜੀ ਹੁੰਦੀ ਸੀ। ਉਸਦੀ ਸੁਰਤ ਨੂੰ ਕੋਈ ਵੀ ਸ਼ਰਧਾਲੂ ਭੰਗ ਨਹੀਂ ਸੀ ਕਰ ਸਕਦਾ।

ਇਕ ਦਿਨ ਆਸਾ ਸਿੰਘ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਪਾਲ ਸਿੰਘ ਨੂੰ ਮਿਲਣ ਡੇਰੇ ਤੇ ਆਇਆ। ਪਾਲ ਸਿੰਘ ਬਾਬੇ ਨੇ ਵਾਧੂ ਸੰਗਤ ਆਲੇ ਦੁਆਲੇ ਇੱਕਠੀ ਕਰ ਰੱਖੀ ਸੀ। ਆਸਾ ਸਿੰਘ ਵੀ ਆਪਣੇ ਸਗਲ ਪਰਿਵਾਰ ਨੂੰ ਨਾਲ ਲੈ ਕੇ ਸੰਗਤ ਵਿਚ ਬੈਠ ਗਿਆ। ਜਦੋਂ ਬਾਬੇ ਟੀਨੋਪਾਲ ਦੀ ਨਿਗਾਹ ਉਸ ਉਪਰ ਪਈ ਤਾਂ ਉਸਨੇ ਆਸਾ ਸਿੰਘ ਨਾਲ ਸਵਾਗਤੀ ਅੱਖ ਮਿਲਾਈ। ਕੁਝ ਦੇਰ ਮਸਤ ਰਹਿਣ ਬਾਅਦ ਬਾਬਾ ਯਕਦਮ ਭੜਕ ਪਿਆ, " ਅੱਜ ਦੁਨੀਆਂ ਫਨਾਹ ਹੋ ਜਾਊਗੀ ਫਨਾਹ ਹੋ ਜਾਊਗੀ !" ਲੋਕੀ ਤਰਲਾ ਲੈ ਕੇ ਆਖਣ ਲੱਗੇ, "ਬਾਬਾ ਜੀ ਦੁਨੀਆਂ ਆਖਿਰ ਕਿਵੇਂ ਬਚੂਗੀ, ਜਿਦਾਂ ਵੀ ਹੁੰਦਾ, ਇਹਨੂੰ ਬਚਾਉ ! ਆਪ ਜਾਣੀ ਜਾਣ ਜੇ !" ਬਾਬੇ ਨੇ ਸਕੀਮ ਲਾ ਕੇ ਆਖਿਆ, " ਇਕੋ ਇਕ ਚਾਰਾ ਜੇ ਹੁਣ ! ਉਸਨੇ ਆਪਣੇ ਇਕ ਲੋਹਲੜ ਜਿਹੇ ਭਣੇਵੇਂ ਦਾ ਹੱਥ ਆਸਾ ਸਿੰਘ ਦੀ ਸੁੰਦਰ ਲੜਕੀ ਨਾਲ ਮੇਲ ਕੇ ਆਖਿਆ, " ਜੇਕਰ ਇਹਨਾਂ ਦੋਹਵਾਂ ਦਾ ਵਿਆਹ ਅੱਜ ਸ਼ਾਮ ਤੱਕ ਹੋ ਜਾਵੇ। ਮੁੰਡਾ ਕਿਸੇ ਕੰਮ ਦਾ ਨਹੀਂ ਸੀ, ਕੌਡੀਉ ਖੋਟਾ ਤੇ ਕੁੜੀ ਹੱਥ ਲਾਇਆ ਮੈਲੀ ਹੋਣ ਵਾਲੀ। ਪੜ੍ਹੀ ਲਿਖੀ ਗਰੈਜੁਏਟ। ਆਸਾ ਸਿੰਘ ਨੂੰ ਇਹ ਰਿਸ਼ਤਾ ਕਿਸੇ ਸੂਰਤ ਵਿਚ ਮੰਜ਼ੂਰ ਨਹੀਂ ਸੀ। ਇਸ ਲਈ ਉਸਨੇ ਖਿਝ ਕੇ ਬਾਬੇ ਕੋਲੋਂ ਕੁੜੀ ਦਾ ਹੱਥ ਛੁਡਾਇਆ ਤੇ ਆਪਣੇ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਬਾਬੇ ਦੇ ਡੇਰਿਉਂ ਬੁੜ ਬੁੜ ਕਰਦਾ ਬਾਹਿਰ ਨਿਕਲ ਗਿਆ। ਬਾਬੇ ਨੇ ਲਗਦੇ ਹੱਥ ਹੀ ਇਕ ਹੋਰ ਲਾਗੇ ਬੈਠੀ ਲੜਕੀ ਦਾ ਹੱਥ ਮੱਲੋ ਮੱਲੀ ਫੜਕੇ ਫਿਰ ਆਪਣੇ ਭਣੇਵੇਂ ਦੇ ਹੱਥ ਫੜਾਇਆ। ਉਹਨਾਂ ਕੁੜੀ ਵਾਲਿਆਂ ਇਹ ਰਿਸ਼ਤਾ ਮੁਬਾਰਿਕ ਜਾਣ ਕੇ, ਚਾਈਂ ਚਾਈਂ ਇਹ ਰਿਸ਼ਤਾ ਮੰਨ ਲਿਆ ਅਤੇ ਦੋਹਾਂ ਦੀ ਸ਼ਾਦੀ, ਬਾਬੇ ਦੀ ਫੁਲ ਕਿਰਪਾ ਨਾਲ ਉਸੇ ਸ਼ਾਮ ਸੰਪੂਰਨ ਹੋਈ ਅਤੇ ਦੁਨੀਆਂ ਆਖਿਰ ਫਨਾਹ ਹੋਣ ਤੋਂ ਬਚਾਈ ਗਈ। ਆਸਾ ਸਿੰਘ ਨੇ ਫਿਰ ਕਦੀ ਇਸ ਡੇਰੇ ਦਾ ਮੂੰਹ ਨਾ ਵੇਖਿਆ।

ਬਾਬੇ ਟੀਨੋਪਾਲ ਨੇ ਡੇਰੇ ਵਿਚ ਇਕ ਕੰਧ ਉਪਰ ਇਹ ਮੋਟਾ ਮੋਟਾ ਕਰਕੇ ਲਿਖਾ ਰਖਿਆ ਸੀ ਕਿ ਜਿਹੜਾ ਵੀ ਮਾਈ ਭਾਈ, ਇਸ ਡੇਰੇ ਦੇ ਨਲਕੇ ਦਾ ਜਲ ਛੱਕੇਗਾ, ਉਸਦੀ ਵੇਲ ਵਧੇਗੀਂ ਅਰਥਾਤ ਉਸਦੇ ਘਰ ਨਰ ਔਲਾਦ ਹੋਵੇਗੀਂ। ਇਸ ਕਾਰਜ ਦੀ ਪੂਰਤੀ ਲਈ ਅਨੇਕਾਂ ਬੇ ਔਲਾਦੇ ਉਚੇਚਾ ਰਾਤ ਉਸਦੇ ਡੇਰੇ ਠਹਿਰਦੇ ਅਤੇ ਦਿਨੇ ਉਸ ਨਲਕੇ ਦਾ ਅੰਮ੍ਰਿਤ ਲੈ ਕੇ ਵਾਪਿਸ ਮੁੜ ਜਾਂਦੇ। ਆਮ ਤੌਰ ਤੇ ਉਹਨਾਂ ਦੇ ਮਨਾਂ ਦੀਆਂ ਮੁਰਾਦਾਂ ਪੂਰੀਆਂ ਹੋ ਹੀ ਜਾਂਦੀਆਂ

ਸਨ। ਜਿੰਨਾਂ ਦੀ ਵੀ ਮੰਨਤ ਪੂਰੀ ਹੋ ਜਾਂਦੀ, ਉਹ ਰੀਸੋ ਰੀਸ, ਬੈਂਡ ਵਾਜਿਆਂ ਨਾਲ ਬਾਬੇ ਦਾ ਧੰਨਵਾਦ ਕਰਨ ਆਉਂਦੇ। ਦਰ ਅਸਲ ਭਾਣਾ ਇਹ ਵਾਪਰਦਾ ਸੀ ਕਿ ਬਾਬੇ ਨੇ ਆਪਣੇ ਡੇਰੇ ਉੱਪਰ ਪੰਜ ਸੱਤ ਹੱਟੇ ਕੱਟੇ ਸੇਵਾਦਾਰ ਪਾਲੇ ਹੋਏ ਸਨ। ਇਹ ਸੇਵਾਦਾਰ ਡੇਰੇ ਵਿਚ ਔਲਾਦ ਦੀ ਖਾਤਿਰ ਠਹਿਰੀਆਂ ਔਰਤਾਂ ਦਾ ਹਾਲ ਚਾਲ ਪੁਛਦੇ ਰਹਿੰਦੇ ਅਤੇ ਉਹਨਾਂ ਨੂੰ ਨਰ ਔਲਾਦ ਦੀ ਠੋਸ ਵਿਧੀ ਸਮਝਾਉਂਦੇ। ਬਹੁਤ ਸਾਰੀਆਂ ਬੀਬੀਆਂ ਦੀ ਜੱਦ ਔਲਾਦ ਝੋਲੀ ਪੈ ਜਾਂਦੀ ਤਾਂ ਉਹ ਢੋਲ ਢਮੱਕਿਆਂ ਨਾਲ, ਬੱਚੇ ਨੂੰ ਗੋਦੀ ਵਿਚ ਲੈ ਕੇ ਬਾਬੇ ਦਾ ਕੋਟਿ ਕੋਟਿ ਧੰਨਵਾਦ ਕਰਨ ਆਉਂਦੀਆਂ। ਬਾਬੇ ਦੀ ਮੁਫਤ ਦੀ ਜੈ ਜੈ ਕਾਰ ਹੋ ਜਾਂਦੀ ਕਿਉਂਕਿ ਉਹਨਾਂ ਦੀ ਖਾਹਸ਼ ਡੇਰੇ ਤੋਂ ਹੀ ਪੂਰੀ ਹੁੰਦੀ ਸੀ। ਲੜੇ ਫੌਜ ਤੇ ਨਾ ਸਰਕਾਰ ਦਾ!

ਇਸ ਤਰ੍ਹਾ ਬਾਬੇ ਟੀਨੋਪਾਲ ਦਾ ਧੰਦਾ ਦਿਨੋ ਦਿਨ ਪਸਰ ਰਿਹਾ ਏ ਅਤੇ ਇਲਾਕੇ ਦੇ ਤਮਾਮ ਪਤਵੰਤਿਆਂ ਦੀ ਉਸਨੂੰ ਭਰਪੂਰ ਹਮਾਇਤ ਹਾਸਿਲ ਹੈ। ਉਸਦੇ ਭੁੱਜੇ ਮੋਠ ਉਸਦੇ ਹਨ। ਕੋਈ ਵਿਰਲਾ ਹੀ ਉਸਦੇ ਬਚਨਾ ਨੂੰ ਕਿੰਤੂ ਪ੍ਰੰਤੂ ਕਰਦਾ ਸੀ। ਕਲਯੁਗ ਦਾ ਪੂਰਾ ਪਹਿਰਾ ਸੀ ਟੀਨੋਪਾਲ ਦੇ ਡੇਰੇ ਤੇ।

# ਉਜਾਗਰ ਪਹਿਲਵਾਨ

ਕਿਉਂਕਿ ਉਹ ਭਲਵਾਨ ਦੇ ਟੱਬਰ ਵਿਚ ਪੈਦਾ ਹੋਇਆ ਸੀ, ਇਸ ਲਈ ਪਿੰਡ ਦੇ ਲੋਕ ਉਸਨੂੰ ਬਚਪਣ ਤੋਂ ਹੀ ਭਲਵਾਨ ਆਖਦੇ ਸਨ। ਛੋਟਿਆ ਹੁੰਦੇ ਜਾਗੀ ਭਲਵਾਨ ਤੇ ਵੱਡੇ ਹੁੰਦਿਆਂ ਉਸਨੂੰ ਉਜਾਗਰ ਭਲਵਾਨ ਕਿਹਾ ਜਾਣ ਲੱਗਾ।

ਇਸ ਪਰਿਵਾਰ ਵਿਚ ਪੜ੍ਹਾਈ ਦਾ ਬਹੁਤਾ ਰਿਵਾਜ਼ ਨਹੀਂ ਸੀ। ਸਾਰੇ ਅੱਠ ਦੱਸ ਜਮਾਤਾਂ ਕਰਕੇ ਹੀ ਘਰ ਬਹਿ ਜਾਂਦੇ ਸਨ ਤੇ ਕਈ ਇਹਦੇ ਨਾਲੋਂ ਘੱਟ ਪੜ੍ਹਦੇ ਸਨ ਪਰ ਪ੍ਰਾਇਮਰੀ ਪਾਸ ਸਾਰੇ ਹੀ ਹੁੰਦੇ ਸਨ। ਇਹਨਾਂ ਦੇ ਟੱਬਰ ਵਿਚ ਇਕ ਸੁਦਾਗਰ ਪਹਿਲਵਾਨ ਹੋਇਆ ਹੈ, ਜਿਸਦੀ ਮਸ਼ਹੂਰੀ ਚਾਰ ਚੁਫੇਰੇ ਸੀ। ਉਸਨੇ ਕਈ ਅਖਾੜੇ ਜਿੱਤੇ ਸਨ ਅਤੇ ਕਈਆਂ ਵਿਚ ਉਹ ਖੜੀ ਮਾਲੀ ਹੀ ਲੈ ਜਾਂਦਾ ਸੀ। ਮਾੜੇ ਮੋਟੇ ਭਲਵਾਨ ਉਸਦੇ ਨਾਮ ਤੋਂ ਤ੍ਰਬਕਦੇ ਸਨ। ਸੁਦਾਗਰ ਭਲਵਾਨ ਦੇ ਵੇਲੇ ਤੋਂ ਇਸ ਪਰਿਵਾਰ ਨੂੰ ਭਲਵਾਨਾਂ ਦਾ ਟੱਬਰ ਕਹਿਕੇ ਲੋਕ ਸਤਿਕਾਰ ਭਰੀਆਂ ਨਜ਼ਰਾ ਨਾਲ ਵੇਖਦੇ ਸਨ। ਉਸਨੇ ਪਿੰਡ ਦੇ ਨਾਮ ਨੂੰ ਚਾਰ ਚੰਨ ਲਾਏ ਸਨ ਤੇ ਬਹੁਤ ਨੌਜਵਾਨਾਂ ਨੂੰ ਪਹਿਲਵਾਨੀ ਵਲ ਪ੍ਰੇਰਿਆ ਸੀ।

ਪਰ ਜਰੂਰੀ ਨਹੀਂ ਹੁੰਦਾ ਕਿ ਪਹਿਲਵਾਨ ਦਾ ਲੜਕਾ ਵੀ ਪਹਿਲਵਾਨ ਹੋਵੇ। ਉਜਾਗਰ ਭਾਵੇਂ ਹੱਡਾਂ ਪੈਰਾਂ ਦਾ ਖੁੱਲਾ ਖੁਲਾਸਾ ਸੀ। ਉਸ ਨੂੰ ਵੇਖਕੇ ਹਰ ਕੋਈ ਸੋਚਦਾ ਸੀ ਕਿ ਉਹ ਭਲਵਾਨ ਹੈ। ਉਸਦਾ ਜੁੱਸਾ ਤੇ ਡੌਲ ਡੀਲ ਤਗੜੇ ਭਲਵਾਨਾਂ ਵਾਲੀ ਸੀ। ਘਰਦਿਆਂ ਨੇ ਉਸਨੂੰ ਸਕੂਲੋਂ ਹਟਾ ਕੇ ਅਖਾੜੇ ਵਿਚ ਲੈ ਆਉਂਦਾ ਸੀ। ਉਹ ਪਹਿਲਾਂ ਆਪਣੇ ਪਿਉ ਸੁਦਾਗਰ ਭਲਵਾਨ ਨਾਲ ਵੀ ਜ਼ੋਰ ਕਰਦਾ ਸੀ ਤੇ ਬਾਅਦ ਵਿਚ ਸੁਦਾਗਰ ਦੇ ਪੱਠਿਆਂ ਨਾਲ ਜ਼ੋਰ ਕਰਨ ਲਗ ਪਿਆ। ਉਸਦੀ ਖੁਰਾਕ ਬਹੁਤ ਸੀ, ਇਸ ਲਈ ਉਸਦਾ ਸਰੀਰ ਵੇਖਕੇ ਕਿਸੇ ਤਗੜੇ ਭਲਵਾਨ ਹੋਣ ਦਾ ਭੁਲੇਖਾ ਪੈਂਦਾ ਸੀ। ਉਜਾਗਰ ਕੁਸ਼ਤੀ ਵਿਚ ਬਹੁਤ ਢਿੱਲਾ ਸੀ। ਉਸ ਵਿਚ ਆਪਣੇ ਪਿਉ ਦੇ ਸਰੀਰ ਤੋਂ ਇਲਾਵਾ ਹੋਰ ਕੋਈ ਭਲਵਾਨਾਂ ਵਾਲੀ ਖੂਬੀ ਨਹੀਂ ਸੀ। ਉਹ ਜਿਸ ਨਾਲ ਕੁਸ਼ਤੀ ਕਰਦਾ, ਪਹਿਲੇ ਹੀ ਗੇੜ ਵਿਚ ਉਹ ਥੱਲੇ ਲੰਮਾ ਪੈ ਜਾਂਦਾ। ਅਖੀਰ ਵਿਚ ਜਾਂ ਉਹ ਢੱਠ ਜਾਂਦਾ ਜਾ ਫਿਰ ਸਾਹਵਾਂ ਛੁਟ ਜਾਂਦਾ। ਪਿਉ ਦੇ ਹੁੰਦਿਆ ਉਸਨੂੰ ਦੰਗਲਾਂ ਵਿਚ ਸਦਿਆ ਜਾਂਦਾ ਸੀ ਪਰ ਸੁਦਾਗਰ ਤੋਂ ਬਾਅਦ, ਉਸ ਨੂੰ ਬਹੁਤ ਘੱਟ ਸੱਦੇ ਆਉਂਦੇ ਤੇ ਉਸਦੀ ਮੰਗ ਵੀ ਘਟ ਗਈ ਸੀ।

ਜਦੋਂ ਉਜਾਗਰ ਨੂੰ ਸਕੂਲੋਂ ਹਟਾਇਆ ਤਾਂ ਸੁਦਾਗਰ ਨੇ ਕਿਹਾ ਸੀ, "ਬਹੁਤਾ ਪੜ੍ਹਨ ਨਾਲ ਐਵੇ ਮੱਤ ਮਾਰੀ ਜਾਂਦੀ ਏ ਤੇ ਸਰੀਰ ਦਾ ਵੀ ਸਤਿਆ ਨਾਸ ਹੋ ਜਾਂਦਾ।" ਇਸ ਕਥਨ

ਨੂੰ ਸਤਿ ਬਚਨ ਸਮਝਦੇ ਉਸਨੂੰ ਹਟਾ ਲਿਆ ਗਿਆ। ਪਰ ਉਸਦੀ ਮੱਤ ਵੱਜਣੀ ਕੀ ਸੀ ਪਹਿਲਾਂ ਹੀ ਬੜੀ ਮੋਟੀ ਸੀ। ਉਹ ਨਾ ਤਾਂ ਪੜ੍ਹਨ ਜੋਗਾ ਰਿਹਾ ਤੇ ਨਾ ਹੀ ਉਸਨੇ ਪਹਿਲਵਾਨੀ ਵਿਚ ਕੋਈ ਨਾਮ ਖਟਿਆ। ਉਹ ਕੇਵਲ ਦਰਸ਼ਨੀ ਪਹਿਲਵਾਨ ਸੀ ਤੇ ਲੋਕ ਉਸਨੂੰ ਉਜਾਗਰ ਭਲਵਾਨ ਕਹਿਕੇ ਬੁਲਾਉਂਦੇ ਤਾਂ ਉਹ ਬਹੁਤ ਖੁਸ਼ ਹੁੰਦਾ।

ਇਕੋ ਵਾਰੀ ਪਿੰਡ ਦੇ ਕੁਝ ਸ਼ਰਾਰਤੀ ਮੁੰਡੇ ਉਸਦੇ ਅਖਾੜੇ ਵਿਚ ਹਨੇਰੇ ਸਵੇਰੇ ਜੰਗਲ ਪਾਣੀ ਕਰਕੇ ਲਾਗੀ ਕਮਾਦ ਵਿਚ ਲੁਕ ਕੇ ਬੈਠ ਗਏ। ਜਦੋਂ ਉਜਾਗਰ ਆਪਣੇ ਇਕ ਸ਼ਗਿਰਦ ਗੋਰੇ ਭਲਵਾਨ ਨਾਲ ਮਨੇਰੇ ਜ਼ੋਰ ਕਰਨ ਲਈ ਅਖਾੜੇ ਵਿਚ ਆਏ ਤਾਂ ਗੰਦ ਉਹਨਾਂ ਦੇ ਪੈਰੀ ਲੱਗ ਗਿਆ। ਉਸਨੂੰ ਉੱਚੀ ਉੱਚੀ ਗਾਲਾਂ ਕਢਣੀਆ ਸ਼ੁਰੂ ਕਰ ਦਿੱਤੀਆ, "ਉਏ ਤੁਹਾਡੀ ਕਤੀੜ ਦੀ ਮਾਂ ਨੂੰ ਭੈਣ ਨੂੰ....ਤੁਹਾਡੀ ਛੋਕਰੀ ਦੀ...।" ਉਹ ਕਿੰਨਾ ਚਿਰ ਪਿੰਡ ਵੱਲ ਮੂੰਹ ਕਰਕੇ ਗਾਲਾਂ ਕਢਦਾ ਰਿਹਾ ਤੇ ਲਾਗੇ ਲੁਕੇ ਮੁੰਡੇ ਕਮਾਦ ਵਿਚ ਹਸਦੇ ਰਹੇ। ਅਗਲੇ ਦਿਨ ਜਿੰਨਾਂ ਨੂੰ ਉਹਨਾਂ ਆਪਣੀ ਸ਼ਰਾਰਤ ਬਾਰੇ ਦਸਿਆ, ਸਾਰੇ ਹਸਣ ਲੱਗ ਪੈਂਦੇ। ਇਕ ਨੇ ਕਿਹਾ, "ਜਾਗਰ ਨਾਲ ਇਦਾਂ ਹੀ ਹੋਣੀ ਚਾਹੀਦੀ ਐ। ਕੁਸ਼ਤੀਆਂ ਵਿਚ ਇਹ ਵੀ ਤਾਂ ਨਿਰੀ ਲਿੱਦ ਹੀ ਕਰਦਾ ਏ ! ਇਹਨੇ ਕਦੀ ਕੁਸ਼ਤੀ ਜਿੱਤੀ ਏ ਤਾਂ ਦੱਸੋ। ਇਹਨੇ ਤਾਂ ਪਿੰਡ ਨੂੰ ਲਾਗ ਲਾ ਛੱਡੀ ਆ।" ਸੁਣ ਕੇ ਲੋਕ ਫਿਰ ਹੱਸਣ ਲੱਗਦੇ ਤੇ ਉਜਾਗਰ ਨੂੰ ਭਲਵਾਨੀ ਛੱਡਣ ਲਈ ਕਹਿੰਦੇ।

ਉਜਾਗਰ ਪੁਲੀਸ ਵਿਚ ਭਰਤੀ ਹੋ ਗਿਆ। ਇਕ ਵਾਰੀ ਉਹ ਬਾਕੀ ਪਹਿਲਵਾਨਾਂ ਨਾਲ ਬੰਬਈ ਗਿਆ। ਉਹ ਕੁਸ਼ਤੀਆ ਤੋਂ ਵਿਹਲੇ ਹੋ ਕੇ ਰਾਤ ਨੂੰ ਬਾਕੀ ਭਲਵਾਨਾਂ ਨਾਲ ਰੰਡੀਆ ਦੇ ਬਜ਼ਾਰ ਦੀ ਸੈਰ ਕਰਦਾ। ਉਸਦਾ ਮੋਟਾ ਤਾਜ਼ਾ ਤੇ ਭਾਰਾ ਸਰੀਰ ਵੇਖਕੇ ਰੰਡੀਆ ਲੁਕ ਛਿਪ ਜਾਂਦੀਆਂ ਜਾਂ ਆਪਣੇ ਦਰਵਾਜੇ ਬੰਦ ਕਰ ਲੈਂਦੀਆ। ਉਹ ਉਹਨਾਂ ਨੂੰ ਬੁਲਾਉਂਣ ਲਈ ਆਖਦਾ, "ਯੇਹ ਸਰੀਰ ਫੂਲਾ ਹੁਆ ਹੈ, ਇਸ ਮੇਂ ਜ਼ੋਰ ਨਹੀਂ ਐ। ਭਕਾਨਾ ਏ ਨਿਰਾ ਭਕਾਨਾ। ਡਰਨੇ ਕੀ ਲੋੜ ਨਹੀਂ।" ਪਰ ਫਿਰ ਵੀ ਕੁੜੀਆ ਕੋਈ ਜੋਖਮ ਨਾ ਉਠਾਉਣਾਂ ਚਾਹੁੰਦੀਆਂ। ਇਸ ਤਰ੍ਹਾ ਹੱਸ ਖੇਡ ਕੇ ਉਹ ਵਾਪਿਸ ਹੋਟਲ ਆ ਜਾਂਦਾ।

ਉਸੇ ਹੋਟਲ ਵਿਚ ਉਨੀਂ ਦਿਨੀਂ ਗੋਪਾਲ ਸਹਿਗਲ ਵੀ ਠਹਿਰਿਆ ਹੋਇਆ ਸੀ। ਉਹ ਰਾਤ ਨੂੰ ਜਦੋਂ ਸ਼ੂਟਿੰਗ ਤੋਂ ਵਾਪਿਸ ਹੋਟਲ ਆਇਆ ਤਾਂ ਉਹ ਦਾਰੂ ਨਾਲ ਰਜਿਆ ਹੋਇਆ ਸੀ। ਜਦੋਂ ਉਹ ਪੌੜੀਆਂ ਚੜ੍ਹ ਰਿਹਾ ਸੀ ਤਾਂ ਉਹ ਭਲਵਾਨਾਂ ਵਾਲਾ ਕਮਰਾ ਖੁੱਲਾ ਵੇਖਕੇ ਰੁਕ ਗਿਆ। ਉਸਨੇ ਥਾਪੀ ਮਾਰੀ ਤੇ ਆਖਣ ਲੱਗਾ, "ਉਏ ਭਲਵਾਨੋ, ਮੇਰੇ ਨਾਲ ਘੋਲ ਡਹਿਣਾ ਜੇ ? ਆ ਜਾਉ ਗੋਪਾਲ ਪਹਿਲਵਾਨ ਨਾਲ ਪੰਜਾ ਅੜਾਕੇ ਵੇਖ ਲਉ।" ਉਹ ਇਕ ਹੋਰ ਥਾਪੀ ਮਾਰਨ ਲੱਗਾ ਤਾਂ ਉਹ ਭੁਆਂਟਣੀ ਖਾ ਕੇ ਭਲਵਾਨਾਂ ਦੇ ਕਮਰੇ ਵਿਚ ਚੁਫਾਲ ਡਿੱਗ ਪਿਆ। ਉਜਾਗਰ ਨੇ ਅੱਗੇ ਹੋ ਕੇ ਉਸਨੂੰ ਚੁੱਕਿਆ ਤੇ ਸਾਰੇ ਖਿੜ ਖਿੜਾਕੇ ਹੱਸਣ ਲੱਗੇ। ਸਹਿਗਲ ਉਠਿਆ ਤੇ ਫਿਰ ਭਲਵਾਨਾਂ ਨੂੰ ਲਲਕਾਰਦਾ ਉਪਰ ਪੌੜੀਆ ਚੜ੍ਹ ਗਿਆ।

ਇਕ ਵਾਰੀ ਉਜਾਗਰ ਭਲਵਾਨ ਨੰਬਰਦਾਰ ਦੀ ਹਵੇਲੀ ਬੈਠਾ ਗਪ—ਸ਼ੱਪ ਮਾਰ ਰਿਹਾ

ਸੀ। ਏਨੇ ਨੂੰ ਇਕ ਉਸਦਾ ਜਾਣੂ ਉਥੇ ਆ ਧਮਕਿਆ। ਉਸਨੇ ਭਲਵਾਨ ਕੋਲੋਂ ਪੈਸੇ ਵਾਪਿਸ ਲੈਣੇ ਸਨ ਜਿਹੜੇ ਕਿ ਪਿਛਲੇ ਸਾਲ ਉਹਦੇ ਕੋਲੋਂ ਵਿਆਜ ਤੇ ਲਏ ਸਨ। ਭਲਵਾਨ ਨੇ ਜਦੋਂ ਪੈਸੇ ਕੋਲ ਹੋਣ ਦੀ ਅਸਮਰਥਾ ਜਿਤਾਈ ਤਾਂ ਉਹ ਖਿਝਕੇ ਭਲਵਾਨ ਨਾਲ ਅਵਾ ਤਵਾ ਬੋਲਦਾ ਚਲਾ ਗਿਆ। ਭਲਵਾਨ ਚੁਪ ਰਿਹਾ। ਉਸਦੇ ਜਾਣ ਪਿੱਛੋਂ ਇਕ ਨੇ ਭਲਵਾਨ ਨੂੰ ਆਖਿਆ, "ਭਲਵਾਨ ਜੀ ਇੰਨੀ ਬੇਇੱਜ਼ਤੀ ਤਾਂ ਕਿਸੇ ਕੁੱਤੇ ਦੀ ਹੋਵੇਂ ਤਾਂ ਉਹ ਪਿੰਡ ਛੱਡਕੇ ਦੌੜ ਜਾਏ। ਤੁਹਾਡੀ ਤਾਂ ਸਾਡੇ ਸਾਹਮਣੇ ਹੀ ਇਹ ਜੈਲੇ ਦਾ ਪੁੱਤਰ ਬੇਇੱਜ਼ਤੀ ਕਰਕੇ ਚਲਦਾ ਬਣਿਆ, ਤੁਸੀਂ ਕੁਸਕੇ ਹੀ ਨਹੀਂ।" ਇਹ ਸੁਣਕੇ ਭਲਵਾਨ ਨੇ ਇਤਰਾਜ਼ ਜਤਾਉਂਦਿਆ ਆਖਿਆ, "ਉਏ ਕੌਣ ਮੇਰੀ ਬੇਇਜਤੀ ਕਰ ਗਿਆ ? ਉਏ ਕੋਈ ਜੰਮਿਆ ਉਜਾਗਰ ਦੀ ਬੇਇਜ਼ਤੀ ਕਰਨ ਵਾਲਾ ? ਕੰਜਰਾ ਮੈਨੂੰ ਉਦੋ ਦਸਣਾਂ ਸੀ ਭਈ ਉਹ ਤੇਰੀ ਬੇਇਜਤੀ ਖਰਾਬ ਕਰਨ ਡਿਆ ਏ। ਮੈਂ ਉਹਦੇ ਮੋਛੇ ਪਾ ਦਿੰਦਾ। ਹੁਣ ਉਹ ਚਲਾ ਗਿਆ ਏ ਤੇ ਤੂੰ ਮੈਨੂੰ ਬੇਇਜ਼ਤੀਆਂ ਦੱਸਣ ਡਹਿ ਪਿਆ ਏਂ। ਕੰਜਰ ਦਿਆਂ ਤੂੰ ਮੇਰਾ ਕਾਹਦਾ ਯਾਰ ਏਂ। ਯਾਰਾਂ ਦਾ ਕੰਮ ਹੁੰਦੈ ਮੌਕੇ ਤੇ ਦੱਸਣਾ। ਜਾਹ ਉਏ ਨਿਗੌਲਿਆ।" ਢਾਣੀ ਵਿਚ ਸਾਰੇ ਮੱਛਕੜੀਆ 'ਚ ਹੱਸ ਰਹੇ ਸਨ ਤੇ ਭਲਵਾਨ ਦੀ 'ਤੀਖਣ ਬੁੱਧੀ' ਨੂੰ ਕੋਸ ਰਹੇ ਸਨ।

ਉਜਾਗਰ ਭਲਵਾਨ ਦੀ ਨਾਲਾਇਕੀ ਕਾਰਨ ਜਣਾਂ ਖਣਾਂ ਉਸ ਨਾਲ ਟਿੱਚਰਾਂ ਕਰਨ ਲੱਗ ਪਏ ਸਨ। ਉਹ ਸ਼ਕਲੋਂ ਸੂਰਤੋਂ ਤਾਂ ਭਲਵਾਨ ਲੱਗਦਾ ਸੀ ਪਰ ਉਸਦੀ ਕਰਤੂਤ ਭਲਵਾਨਾਂ ਵਾਲੀ ਨਹੀਂ ਸੀ। ਲੋਕ ਉਸਨੂੰ ਸੁਦਾਗਰ ਭਲਵਾਨ ਦਾ ਲੜਕਾ ਸਮਝਕੇ ਬਖਸ਼ ਦਿੰਦੇ ਸਨ। ਪਰ ਲੋਕਾਂ ਨੂੰ ਇਹ ਗਿਲਾ ਸੀ ਕਿ ਉਹ ਦਿਨੋਂ ਦਿਨ ਭਲਵਾਨੀ ਦੀ ਪੱਗ ਉੱਤੇ ਚਲਦਾ ਫਿਰਦਾ ਦਾਗ ਸੀ। ਉਹ ਦਿਨੋਂ ਦਿਨ ਭਲਵਾਨੀ ਤੋਂ ਦੂਰ ਜਾ ਰਿਹਾ ਸੀ ਤੇ ਖਾਣ ਪੀਣ ਦੀਆਂ ਮਹਿਫਲਾਂ ਵਿਚ ਧਸਦਾ ਜਾ ਰਿਹਾ ਸੀ। ਉਸਨੇ ਪਿੰਡੋਂ ਬਾਹਰਵਾਰ ਇਕ ਆਲੀਸ਼ਾਨ ਬੰਗਲਾ ਬਣਾਇਆ ਤੇ ਉਸਦੀ ਚੱਠ ਕੀਤੀ। ਹੋਰ ਸਾਰੇ ਯਾਰ ਬੇਲੀ ਤਾਂ ਉਹਨੂੰ ਵਧਾਈਆ ਦੇਣ ਆਏ ਪਰ ਅਮਰੂ ਅਮਲੀ ਨੇ ਉਹਦੇ ਬੰਗਲੇ 'ਚ ਪੈਰ ਨਾ ਪਾਇਆ। ਭਲਵਾਨ ਦਾ ਯਾਰ ਹੋਣ ਕਰਕੇ, ਲੋਕਾਂ ਨੇ ਇਸ ਗੁਸਤਾਖੀ ਦੀ ਵਜਾ ਪੁੱਛੀ ਤਾਂ ਉਹ ਉਭਾਸਰਿਆ, "ਮੈਂ ਉਹਨੂੰ ਵਧਾਈ ਦੇਣ ਖਾਹ ਮਖਾਹ ਜਾਵਾਂ। ਉਹਨੇ ਤਾਂ ਸਾਰੇ ਪਿੰਡ ਨੂੰ ਵਖਤ ਪਾ ਦਿੱਤਾ ਏ" ਉਹ ਕਿਵੇਂ ? ਇਕਨੇ ਅੱਗੋਂ ਪੁਛਿਆ। 'ਲੈ ਇਹ ਵੀ ਸੁਣ ਲੈ ! ਭਲਵਾਨ ਨੇ ਕੋਠੀ ਪਿੰਡ ਤੋਂ ਇਹਨੀ ਦੂਰ ਬਣਾ ਲਈ ਏ, ਜਦੋਂ ਇਹ ਸੋਰੀ ਦਾ ਮਰਿਆ ਤਾਂ ਏਹਡੀ ਵੱਡੀ ਲੋਥ ਨੂੰ ਪਿੰਡ ਵਾਲੇ ਮੜ੍ਹੀਆਂ ਤੱਕ ਕਿਵੇਂ ਲੈ ਕੇ ਜਾਣਗੇ ? ਕਿੱਥੇ ਮੜ੍ਹੀਆ ਤੇ ਔਹ ਕਿਥੇ ਭਲਵਾਨ ਦੀ ਕੋਠੀ।" ਲੋਕੀਂ ਅਮਲੀ ਦੀ ਵਿਆਖਿਆ ਸੁਣ ਕੇ ਹੱਸੇ। ਕਿਉਂਕਿ ਭਲਵਾਨ ਦਾ ਸਰੀਰ ਮੀਟ ਮੁਰਗੇ ਖਾਹ ਕੇ ਫੁਲਿਆ ਹੋਇਆ ਸੀ।

ਕਈ ਭਲਵਾਨ ਲੋਕਾਂ ਲਈ ਹੀ ਭਲਵਾਨ ਹੁੰਦੇ ਹਨ। ਘਰ ਵਿਚ ਉਹਨਾਂ ਦੀ ਟਕਾਣੀ ਵਟਕ ਨਹੀਂ ਹੁੰਦੀ। ਗੁੱਸੇ ਵਿਚ ਭਰੀ ਭਰਾਤੀ, ਭਲਵਾਨ ਦੀ ਘਰਵਾਲੀ ਉਭਾਸਰਦੀ। "ਤੂੰ ਖਾਲੀ ਲੋਕਾਂ ਲਈ ਭਲਵਾਨ ਏਂ। ਮੇਰੇ ਲਈ ਤੂੰ ਬਿੱਲੀ ਏਂ ਬਿੱਲੀ ! ਹਵਾ ਨਾਲ ਭਰਿਆ ਭਕਾਨਾ

! ਮੈਂ ਜਦੋਂ ਚਾਹਵਾਂ ਤੇਰੀ ਫੂਕ ਕਢ ਸਕਦੀ ਆ।" ਭਲਵਾਨ ਉਹਦੇ ਮੇਹਣੇ ਸੁਣ ਕੇ ਹੱਸ ਕੇ ਟਾਲ ਛੱਡਦਾ। ਪਰ ਕਈ ਵਾਰ ਜਦੋਂ ਕੋਲ ਕੋਈ ਨਾ ਹੁੰਦਾ ਤਾਂ ਉਹ ਘਰ ਵਾਲੀ ਨੂੰ ਤਰਲਾ ਮਾਰਕੇ ਆਖਦਾ, "ਭਾਗਵਾਨੇ ਮੈਨੂੰ ਸਰੇ ਬਜ਼ਾਰ ਨਾ ਛੰਡਿਆ ਕਰ। ਆਖਰਕਾਰ ਕਿਸੇ ਕੁੱਤੇ ਦੀ ਵੀ ਤਾਂ ਇਜ਼ਤ ਹੁੰਦੀ ਏ।" ਪਰ ਇਹ ਆਖਣ ਦੀਆਂ ਹੀ ਗੱਲਾਂ ਸਨ। ਉਸਦਾ ਜਦੋਂ ਦਿਲ ਕਰਦਾ, ਭਲਵਾਨ ਦੀ ਫਟ ਲਾਹ ਪਾਹ ਕਰ ਛੱਡਦੀ ਤੇ ਝੂਰਦੀ...।

ਇਕ ਦਿਨ ਭਲਵਾਨ ਨੂੰ ਸਰਕਾਰੀ ਚਿੱਠੀ ਆਈ ਕਿ ਉਹਨੂੰ ਸਿੱਧਾ ਹਵਾਲਦਾਰ ਲਿਆ ਗਿਆ ਹੈ। ਉਹ ਬਾਗੋਬਾਗ ਹੋ ਗਿਆ। ਉਹ ਖੁਸ਼ੀ ਨਾਲ ਖੀਵਾ ਹੋ ਕੇ ਘਰੋਂ ਇੰਜ ਨਿਕਲਿਆ ਜਿਵੇਂ ਕੋਈ ਠਾਣੇਦਾਰ ਆਪਣੇ ਇਲਾਕੇ ਦੀ ਗਸ਼ਤ ਕਰਨ ਨਿਕਲਦਾ ਹੈ। ਕਿਸ ਕਿਸਮ ਦਾ ਪਹਿਲਵਾਨ ਸੀ। ਨਾ ਉਸਦੀ ਘਰ ਵਿਚ ਇਜ਼ਤ ਸੀ, ਨਾ ਹੀ ਪੁਲੀਸ ਵਿਚ ਤੇ ਨਾ ਹੀ ਭਲਵਾਨੀਂ ਵਿਚ। ਉਹ ਸ਼ਾਮਲ ਵਾਜਾ ਹੀ ਸੀ। ਪੁਲੀਸ ਵਿਚ ਵੀ, ਭਲਵਾਨਾਂ ਵਿਚ ਵੀ ਤੇ ਘਰ ਵਿਚ ਵੀ। ਇਕ ਦਿਨ ਉਸਦੇ ਇਕ ਦੋਸਤ ਨੇ ਉਸਨੂੰ ਪਹਿਲਾਂ ਦਾਰੂ ਪਿਲਾਈ ਤੇ ਫਿਰ ਘਰ ਵਾਲੀ ਵਿਰੁੱਧ ਇਕ ਲੰਮਾ ਭਾਸ਼ਨ ਦਿੱਤਾ ਤੇ ਉਸਨੂੰ ਘਰ ਵੱਲ ਤੋਰ ਦਿੱਤਾ। ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ। ਉਹ ਬੜੇ ਤਾਅ ਵਿਚ ਘਰ ਗਿਆ। ਉਸਨੇ ਬਾਹਿਰ ਦੇ ਬੂਏ ਨੂੰ ਲੱਤ ਮਾਰੀ ਤੇ ਆਖਿਆ, ਖੋਲ ਬੰਤੋ ਬੂਹਾ ਤੇਰਾ ਖਸਮ ਆਇਆ ਈ।" ਬੰਤੋ ਨੇ ਜਦੋਂ ਉਜਾਗਰ ਦੀ ਇਹ ਨਿਵੇਕਲੀ ਭਾਸ਼ਾ ਸੁਣੀ ਤਾਂ ਉਹ ਬੜੇ ਰੋਹ ਨਾਲ ਬਾਹਿਰ ਦਰਵਾਜ਼ੇ ਕੋਲ ਆਈ। ਉਸਨੇ ਉਜਾਗਰ ਨੂੰ ਝੂਮਦੇ ਹੋਏ ਵੇਖਿਆ। ਉਹ ਆਖਣ ਲੱਗੀ, "ਬਾਦਰਾਂ ਕੀ ਆਖਿਆ ਈ ? ਮੈਂ ਆਂ ਬੰਤੋ ਦੱਸ ਕੀ ਤਕਲੀਫ ਆ ਤੈਨੂੰ ?" ਬੰਤੋ ਦੀ ਇਹ ਬੁਲੰਦ ਆਵਾਜ਼ ਸੁਣਕੇ ਉਹ ਫਿਰ ਭਿੱਜੀ ਬਿਲੀ ਬਣ ਗਿਆ ਤੇ ਆਖਣ ਲੱਗਾ, " ਤੇਰੇ ਵਿਰੁੱਧ ਲੋਕੀਂ ਬਕਵਾਸ ਕਰਦੇ ਨੇ, ਨਿੰਦਿਆ ਚੁਗਲੀ ਕਰਦੇ ਨੇ। ਮੈਂ ਤਾਂ ਤੇਰੇ ਦਰ ਦਾ ਕੁੱਤਾ ਆਂ, ਬੂਆ ਖੋਹਲ ਮੈਂ ਅੰਦਰ ਆਵਾਂ। ਘਰ ਵਾਲੀ ਨੇ ਉਸਦਾ ਰਹਿੰਦਾ ਖੂਹੰਦਾ ਡੰਗ ਕੱਢ ਦਿੱਤਾ ਸੀ।

# ਅਫਸਰ ਸਾਹਿਬ

ਜੀਵਨ ਛੋਟੇ ਹੁੰਦਿਆ ਹੀ ਬੜਾ ਕਾਂਟਾ ਸੀ। ਉਹ ਪੁਜ ਕੇ ਸ਼ਰਾਰਤੀ ਸੀ। ਸਕੂਲ ਵਿਚ ਪੜ੍ਹਦਿਆਂ ਅਕਸਰ ਉਸਨੂੰ ਸ਼ਰਾਰਤਾਂ ਕਾਰਨ ਸਜਾ ਮਿਲਦੀ ਸੀ ਤੇ ਉਸਦੇ ਜਮਾਤੀ ਉਸਦੀਆਂ ਨਿੱਤ ਦੀਆਂ ਸ਼ਰਾਰਤਾਂ ਤੋਂ ਖਫਾ ਸਨ। ਉਸਨੇ ਇਕ ਵਾਰੀ ਸਕੂਲ ਦੇ ਸਲਾਨਾ ਸਮਾਗਮ ਪਰ ਇਕ ਨਾਟਕ 'ਅਫਸਰ ਸਾਹਿਬ' ਵਿਚ ਭਾਗ ਲਿਆ। ਅਫਸਰ ਦੀ ਭੂਮਿਕਾਂ ਜੀਵਨ ਨੇ ਬਾਖੂਬੀ ਨਿਭਾਈ ਸੀ। ਇਹ ਭੂਮਿਕਾ ਉਸਦੇ ਸੁਭਾਅ ਅਨੁਕੂਲ ਸੀ, ਇਸ ਲਈ ਉਹ ਬਤੌਰ ਅਫਸਰ ਬਹੁਤ ਜਚਿਆ ਸੀ। ਇਸ ਨਾਟਕ ਤੋਂ ਬਾਅਦ ਮੁੰਡੇ ਉਸਨੂੰ ਅਫਸਰ ਸਾਹਿਬ ਹੀ ਕਹਿਕੇ ਬੁਲਾਉਣ ਲੱਗੇ। ਕਾਲਜ ਦੀ ਪੜ੍ਹਾਈ ਪੂਰੀ ਕਰਕੇ ਉਸਨੇ ਨੌਂਕਰੀ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਆਖਰ ਉਹ ਪੰਚਾਇਤ ਅਫਸਰ ਲੱਗਣ ਵਿਚ ਕਾਮਯਾਬ ਹੋ ਗਿਆ। ਉਸਦਾ ਇਕ ਰਿਸ਼ਤੇਦਾਰ ਐਮ. ਐਲ. ਏ ਸੀ, ਜੋ ਬਾਅਦ ਵਿਚ ਪੰਚਾਇਤ ਮੰਤਰੀ ਵੀ ਬਣਿਆ ਸੀ, ਉਸਨੇ ਜੀਵਨ ਦੀ ਨਿਯੁਕਤੀ ਵਿਚ ਅਹਿਮ ਰੌਲ ਨਿਭਾਇਆ ਸੀ। ਜੀਵਨ ਨੂੰ ਉਸ ਉਪਰ ਪੂਰਾ ਮਾਣ ਸੀ ।

ਜੀਵਨ ਤਿੰਨ ਕੁ ਸਾਲ ਪੰਚਾਇਤ ਅਫਸਰ ਰਿਹਾ। ਇਸ ਦੌਰਾਨ ਉਹ ਮਹਿਕਮੇਂ ਦੇ ਸਾਰੇ ਦਾਅ ਪੇਚ ਸਿਖ ਗਿਆ ਸੀ। ਉਸਨੂੰ ਅਫਸਰਾਂ ਤੇ ਹੇਠਲੇ ਮੁਲਾਜਮਾਂ ਨਾਲ ਵਰਤਣਾ ਆ ਗਿਆ ਸੀ। ਉਸਨੇ ਆਪਣੇ ਸਿਆਸੀ ਰਸੂਖ ਕਾਰਨ ਜਲਦੀ ਤਰੱਕੀ ਪ੍ਰਾਪਤ ਕਰ ਲਈ ਸੀ। ਉਹ ਹੁਣ ਬੀ. ਡੀ ਪੀ. ਉ. ਬਣ ਗਿਆ ਸੀ। ਉਸੇ ਹੀ ਬਲਾਕ ਵਿਚ ਉਸਦੀ ਨਿਯੁਕਤੀ ਹੋ ਗਈ ਸੀ। ਉਹ ਹੁਣ ਵਿਸ਼ਾਲ ਤੇ ਉੱਚੇ ਦਾਇਰਾਂ ਵਿਚ ਘੁੰਮਣ ਲੱਗਾ। ਬਲਾਕ ਵਿਚ ਉਸਦੇ ਵਿਰੋਧੀ, ਜੋ ਉਸਦੀ ਅਫਸਰੀ ਸ਼ੈਲੀ ਤੋਂ ਖੁਸ਼ ਨਹੀਂ ਸਨ, ਉਹ ਬਦਲੀ ਕਰਵਾ ਕੇ ਹੋਰਨਾਂ ਬਲਾਕਾਂ ਵਿਚ ਚਲੇ ਗਏ। ਸਗੋਂ ਜੀਵਨ ਲਈ ਮੈਦਾਨ ਪੱਧਰਾ ਹੋ ਗਿਆ ਸੀ। ਇਸੇ ਹੀ ਸਮੇਂ ਤੋਂ ਉਸਨੇ ਆਪਣੀ ਅਫਸਰੀ ਦੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ। ਜੱਗਾ ਡਾਕੂ ਤਾਂ ਅਮੀਰਾਂ ਨੂੰ ਲੁਟਦਾ ਤੇ ਗਰੀਬਾਂ ਵਿਚ ਵੰਡ ਦਿੰਦਾ ਸੀ ਜਾਂ ਉਹਨਾਂ ਦੀ ਮਦਦ ਕਰਦਾ ਸੀ ਪਰ ਜੀਵਨ, ਇਸਦੇ ਉਲਟ, ਅਮੀਰਾਂ ਦੇ ਸਹਿਯੋਗ ਨਾਲ ਗਰੀਬ ਮੁਲਾਜ਼ਮਾਂ ਨੂੰ ਲੁੱਟਦਾ ਸੀ। ਉਹ ਉੱਚੇ ਅਫਸਰਾਂ ਦੀ ਜੀ ਹਜ਼ੂਰੀ ਕਰਕੇ ਆਪਣੇ ਕੰਮ ਕਢਦਾ ਤੇ ਮਾਤਹਿਤ ਮੁਲਾਜ਼ਮਾਂ ਉਪਰ ਰੋਹਬ ਪਾ ਕੇ ਉਹਨਾਂ ਦੀ ਸੰਘੀ ਘੁੱਟਦਾ ਸੀ। ਆਪਣੇ ਤੋਂ ਉਚਿਆਂ ਨਾਲ ਮਿਲਣ ਵੇਲੇ ਉਸਤੀ ਗਰਦਨ ਅੱਧੀ ਝੁਕੀ ਹੁੰਦੀ ਸੀ ਪਰ ਆਪਣੇ ਤੋਂ ਨੀਵੀਆਂ ਨਾਲ ਵਰਤਣ ਸਮੇਂ ਉਹ ਉਹਨਾਂ ਦੀ ਗਰਦਨ ਪੂਰੀ ਲਿਫਾ ਦਿੰਦਾ ਤੇ ਬੜੀ ਬੱਤਮੀਜ਼ੀ ਤੇ ਬੇਸ਼ਰਮੀ ਨਾਲ ਪੇਸ਼ ਆਉਂਦਾ ਸੀ।

ਹੁਣ ਉਹ ਹਰ ਸਰਪੰਚ ਅਤੇ ਪੰਚਾਇਤ ਸਕੱਤਰ ਕੋਲੋਂ ਹਿੱਸਾ ਪਤੀ ਲੈਣ ਲੱਗ ਪਿਆ ਸੀ। ਹਰ ਸਰਕਾਰੀ ਗਰਾਂਟ ਵਿਚ ਉਸਦਾ ਬਾਕਾਇਦਾ ਹਿੱਸਾ ਹੁੰਦਾ ਸੀ ਤੇ ਬਣਦਾ ਹਿੱਸਾ ਉਹ ਡੀ. ਡੀ. ਪੀ. ਉ ਪਾਸ ਪੁਚਾਉਂਦਾ ਸੀ। ਉਸ ਵਿਰੁੱਧ ਪਿੰਡਾਂ ਵਿਚੋਂ ਧਾਂਦਲੀ ਤੇ ਸੀਨਾ ਜ਼ੋਰੀ ਦੀਆਂ ਸ਼ਿਕਾਇਤਾਂ ਡੀ. ਡੀ. ਪੀ. ਉ ਪਾਸ ਪੁਜਦੀਆਂ ਸਨ ਤੇ ਉਪਰਲੀਆਂ ਵੀ ਘੁੰਮ ਘੁੰਮਾਕੇ ਉਥੇ ਹੀ ਆ ਜਾਂਦੀਆਂ ਸਨ। ਉਹ ਜ਼ਿਲੇ ਦੇ ਮੁੱਖ ਦਫਤਰ ਵਿਚ ਜਾ ਕੇ ਇਹ ਸਾਰੀਆਂ ਦਰਖਾਸਤਾਂ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਆਉਂਦਾ ਸੀ। ਕਈ ਸਰਪੰਚ ਤੇ ਬਲਾਕ ਸੰਮਤੀ ਦੇ ਮੈਂਬਰ ਜੀਵਨ ਦੀਆਂ ਸ਼ਿਕਾਇਤਾ ਖੁਦ ਆ ਕੇ ਡੀ. ਡੀ. ਪੀ. ਉ ਪਾਸ ਕਰਦੇ ਸਨ, ਪਰ ਜਦੋਂ ਉਹਨਾਂ ਨੂੰ ਇਸ ਦਫਤਰ ਦੀ ਆਪਣੀ ਔਕਾਤ ਦਾ ਪਤਾ ਚੱਲਦਾ ਤਾਂ ਉਹ ਇਹਨਾਂ ਦੋਹਾਂ ਅਫਸਰਾਂ ਨੂੰ ਗਾਲਾਂ ਕੱਢਦੇ ਘਰਾਂ ਨੂੰ ਮੁੜ ਜਾਂਦੇ।

ਪਿੰਡਾਂ ਧਰਮਸ਼ਾਲਾ, ਪੰਚਾਇਤ ਘਰ ਜਾਂ ਗਲੀਆਂ ਬਜ਼ਾਰ ਪੱਕੇ ਕਰਨ ਲਈ ਜੋ ਗਰਾਟਾਂ ਆਉਂਦੀਆਂ ਸਨ, ਉਹ ਅੱਧ ਤੋਂ ਵੱਧ ਸਰਪੰਚ ਨਾਲ ਰਲਕੇ ਸਰਕਾਰੀ ਅਮਲਾਹੀ ਖਾਂ ਜਾਂਦਾ ਸੀ। ਲੋਕਾਂ ਨੂੰ ਘਰਾਂ ਵਿਚ ਲੈਟਰੀਨ ਬਣਾਉਣ ਲਈ ਬੜੀਆਂ ਮੋਟੀਆਂ ਗਰਾਂਟਾ ਪੰਚਾਇਤ ਨੂੰ ਦਿੱਤੀਆਂ ਗਈਆਂ ਸਨ। ਪਰ ਲੈਟਰੀਨਾ ਅਧੂਰੀਆਂ ਹੀ ਰਹਿ ਗਈਆਂ ਤੇ ਪੈਸੇ ਪੰਚਾਇਤ ਕੌਲ ਮੁਕ ਗਏ ਸਨ। ਇਕ ਪਿੰਡ ਵਿਚ ਜਦ ਡੀ. ਡੀ. ਪੀ. ਉ ਸਾਹਿਬ ਪੜਤਾਲ ਲਈ ਗਏ ਤਾਂ ਇਕ ਹਰੀਜਨ ਬਜੁਰਗ ਨੇ ਸ਼ਿਕਾਇਤ ਕਰਦੇ ਹੋਏ ਆਖਿਆ, "ਜਨਾਬ ਚੀਜ਼ਾ ਤਾਂ ਸਾਰੇ ਹੀ ਖਾਂਦੇ ਹਨ ਪਰ ਸਰਪੰਚ ਤਾਂ ਸਾਡੇ ਪਿੰਡ ਦੀਆਂ ਟੱਟੀਆਂ ਖਾ ਗਿਆ ਐ। ਏਹਨੂੰ ਰੋਕੋ। ਹੁਣ ਬਸ ਕਰੇ। ਅਜੇ ਰਜਿਆ ਨਹੀਂ ਵੈ ਅਫਸਰ ਹੱਸ ਪਿਆ, ਲੋਕੀਂ ਵੀ ਖਿੜ ਖਿੜਾਕੇ ਹੱਸਣ ਲੱਗੇ ਤੇ ਸ਼ਿਕਾਇਤ ਹਾਸੇ ਵਿਚ ਹੀ ਖਤਮ ਹੋ ਗਈ। ਜਦੋਂ ਅੰਨੀ ਪੀਹੰਦੀ ਹੋਵੇ ਤਾਂ ਕੁੱਤਿਆਂ ਚੱਟਣਾ ਹੀ ਹੁੰਦਾ ਏ।

ਅਗਲੇ ਸਾਲ ਵਿਧਾਨ ਸਭਾ ਦੀਆਂ ਚੌਣਾਂ ਆ ਗਈਆਂ। ਕਾਂਗਰਸੀ ਬਹੁਮੱਤ ਨਾਲ ਅੱਗੇ ਆ ਗਏ। ਕਾਂਗਰਸੀਆਂ ਦੀ ਹਕੂਮਤ ਬਣ ਗਈ। ਜੀਵਨ ਦਾ ਰਿਸ਼ਤੇਦਾਰ (ਉਸਦੀ ਭੈਣ ਦਾ ਜੇਠ) ਵੀ ਮੰਤਰੀ ਬਣ ਗਿਆ ਤੇ ਸਬੱਬ ਨਾਲ ਉਸਨੂੰ ਮਹਿਕਮਾਂ ਵੀ ਪੰਚਾਇਤੀ ਮਿਲ ਗਿਆ। ਜੀਵਨ ਨੇ ਸਰਕਾਰੀ ਨੌਂਕਰ ਹੁੰਦਿਆ ਵੀ ਆਪਣੇ ਰਿਸ਼ਤੇਦਾਰ ਮੰਤਰੀ ਦੇ ਹਲਕੇ ਵਿਚ, ਉਸਦੇ ਹੱਕ ਵਿਚ ਵਰਕਰੀ ਕੀਤਾ ਸੀ। ਉਸਨੇ ਮੰਤਰੀ ਸਾਹਿਬ ਦੇ ਸਹਿਯੋਗ ਨਾਲ ਆਪਣੇ ਤੋਂ ਸੀਨੀਅਰ ਬੀ. ਡੀ. ਪੀ. ਉ ਨੂੰ ਪਛਾੜ ਕੇ ਆਪ ਡੀ. ਡੀ. ਪੀ. ਉ ਬਣ ਬੈਠਾ। ਭਾਵੇਂ ਉਸਦੇ ਸੀਨੀਅਰ ਅਫਸਰ ਨੇ ਮਹਿਕਮੇਂ ਵਿਚ ਬੜੀ ਭੱਜ ਦੌੜ ਕੀਤੀ ਪਰ ਮੰਤਰੀ ਦੇ ਹੁਕਮਾਂ ਨੂੰ ਉਹ ਰੱਦ ਨਾ ਕਰ ਸਕਿਆ। ਉਹ ਹੁਣ ਡੀ. ਡੀ. ਪੀ. ਉ ਬਣ ਗਿਆ ਸੀ। ਉਸਨੂੰ ਵਧਾਈਆਂ ਦੇਣ ਵਾਲਿਆਂ ਦੇ ਤਾਂਤੇ ਲੱਗ ਗਏ। ਉਸਦੇ ਵਿਰੋਧੀ ਵੀ ਲਾਮਬੰਧ ਹੋਣ ਲੱਗੇ ਪਰ ਲੱਗੇ ਨਗਾਰਖਾਨੇ ਵਿਚ ਤੂਤੀਆਂ ਦੀ ਕੌਣ ਸੁਣਦਾ ਹੈ ?

ਹੁਣ ਉਸ ਕੋਲ ਬੀ. ਡੀ. ਪੀ. ਉ ਆਉਣ ਜਾਣ ਲੱਗੇ। ਉਹ ਹਰ ਹਫਤੇ ਸ਼ਨੀਵਾਰ ਚੰਡੀਗੜ ਮੰਤਰੀ ਸਾਹਿਬ ਤੇ ਹੋਰ ਉੱਚ ਅਫਸਰਾਂ ਨਾਲ ਹਿਸਾਬ ਕਿਤਾਬ ਕਰਨ ਜਾਂਦਾ ਸੀ

। ਉਸਦੀ ਸਰਕਾਰੀ ਰਿਹਾਇਸ਼ ਉਪਰ ਹਰ ਸ਼ਨੀਵਾਰ ਨੂੰ ਦਰਬਾਰ ਲੱਗਦਾ ਸੀ। ਪੰਚਾਇਤੀ ਮਹਿਕਮੇ ਦੇ ਮੁਲਾਜ਼ਮ ਤੇ ਅਫਸਰ ਸਾਰੇ ਜ਼ਿਲਿਆਂ ਵਿਚੋਂ ਉਸਦੇ ਘਰ ਆਉਂਦੇ ਅਤੇ ਬਦਲੀਆਂ, ਤਰੱਕੀਆ, ਵਿਭਾਗੀ ਪੜਤਾਲਾਂ ਤੇ ਹੋਰ ਵਿਭਾਗੀ ਕੰਮਾਂ ਖਾਤਿਰ ਜੀਵਨ ਪਾਸ ਆਉਂਦੇ। ਜੀਵਨ ਉਹਨਾਂ ਪਾਸੋਂ ਮੋਟੀਆ ਰਕਮਾਂ ਲੈ ਕੇ, ਚੰਡੀਗੜ੍ਹ ਜਾ ਕੇ ਉਹਨਾਂ ਸਾਰਿਆਂ ਦੇ ਕੰਮ ਕਰਵਾ ਦਿੰਦਾ ਸੀ। ਸਾਰੇ ਮਹਿਕਮੇਂ ਨੂੰ ਪਤਾ ਸੀ ਕਿ ਜੀਵਨ ਸਿੰਘ ਮੰਤਰੀ ਸਾਹਿਬ ਦਾ ਨਜ਼ਦੀਕੀ ਰਿਸ਼ਤੇ ਦਾਰ ਹੈ। ਇਸ ਤਰ੍ਹਾ ਉਹ ਆਪਣੀ ਤੇ ਉੱਚ ਅਫਸਰਾਂ ਦੀ ਜੇਬ ਗਰਮ ਰੱਖਦਾ। ਇਹ ਕੰਮ ਬੜੀ ਸ਼ਰਦਾ ਤੇ ਈਮਾਨਦਾਰੀ ਨਾਲ ਕਰਦਾ ਸੀ। ਕਦੀ ਕੋਈ ਸ਼ਿਕਾਇਤ ਨਾ ਮਿਲਦੀ।

ਬਾਹਿਰ ਤਾਂ ਉਸਦਾ ਟੌਰ ਟਪੱਕਾ ਹੈ ਹੀ ਸੀ, ਉਸਨੇ ਆਪਣੇ ਪਿੰਡ ਵਿਚ ਆਪਣਾ ਝੰਡਾ ਬੁਲੰਦ ਰੱਖਣ ਲਈ ਵਿਰੋਧੀਆਂ ਨਾਲ ਮੋਰਚਾ ਖੋਹਲ ਦਿੱਤਾ। ਜਦੋਂ ਉਹ ਪੰਚਾਇਤ ਅਫਸਰ ਸੀ ਤਾਂ ਪਿੰਡ ਦਾ ਇਕ ਸ਼ਰੀਕ ਜੱਥੇਦਾਰ ਜੋ ਅਕਾਲੀ ਪਾਰਟੀ ਦਾ ਕਾਰਕੁਨ ਸੀ। ਉਸ ਵਿਰੁੱਧ ਉੱਚ ਅਫਸਰਾਂ ਪਾਸ ਸ਼ਿਕਾਇਤਾਂ ਕਰਦਾ ਰਹਿੰਦਾ ਸੀ। ਜੀਵਨ ਨੇ ਪੁਲਿਸ ਨਾਲ ਮਿਲਕੇ ਉਹਨਾਂ ਦੀ ਸ਼ਰਾਬ ਦੀ ਭੱਠੀ ਫੜ੍ਹਾ ਦਿੱਤੀ ਤੇ ਘਰ ਛਾਪਾ ਮਾਰਕੇ ਹਵੇਲੀਉਂ ਅਫੀਮ ਵੀ ਫੜਵਾ ਦਿੱਤੀ। ਉਹ ਜਥੇਦਾਰ ਅਫੀਮ ਵੇਚਦਾ ਸੀ ਤੇ ਸ਼ਰਾਬ ਤਾਂ ਸਾਰੇ ਜ਼ਿੰਮੀਦਾਰ, ਖਾਣ ਪੀਣ ਲਈ ਘਰ ਵਾਸਤੇ ਕਢਦੇ ਹਨ। ਜੱਥੇਦਾਰ ਨੇ ਬੜੀ ਭੱਜਦੌੜ ਕੀਤੀ। ਪੈਸਿਆਂ ਦੀ ਛੋਟ ਕੀਤੀ। ਪਰ ਉਪਰਲੇ ਦਬਾਅ ਕਾਰਨ ਉਸਦਾ ਦਲਾਨ ਕਟਿਆ ਗਿਆ। ਕੇਸ ਭਾਵੇਂ ਝੂਠਾ ਸੀ ਪਰ ਫਿਰ ਵੀ ਹੇਠਲੀ ਅਦਾਲਤ ਨੇ ਜਥੇਦਾਰ ਨੂੰ ਛੇ ਮਹੀਨੇ ਦੀ ਸਜ਼ਾ ਸੁਣਾਈ। ਪਰ ਸੈਸ਼ਨ ਵਿਚ ਜਾ ਕੇ ਉਹ ਬਰੀ ਹੋ ਗਿਆ। ਜਾਨ ਬਚੀ ਔਰ ਲਾਖੋਂ ਪਾਏ।

ਪੰਜ ਸਾਲ ਬਾਅਦ ਫਿਰ ਚੋਣਾਂ ਆਈਆਂ। ਇਸ ਵਾਰ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਹੋਈ। ਉਹਨਾਂ ਦੇ ਵਿਰੋਧੀ ਨੇਤਾ ਤੇ ਅਫਸਰ ਅੱਗੇ ਆ ਗਏ। ਕਦੀ ਦਾਦੇ ਦੀਆਂ ਕਦੀ ਪੋਤੇ ਦੀਆਂ। ਜੀਵਨ ਨੂੰ ਸੁਝ ਗਈ ਕਿ ਮਾੜੇ ਦਿਨ ਆਉਣ ਵਾਲੇ ਨੇ। ਜਿਸ ਅਫਸਰ ਨੂੰ ਪਿਛਾੜ ਕੇ ਉਹ ਡੀ. ਡੀ. ਪੀ. ਉ ਬਣਿਆ ਸੀ, ਉਹ ਆਪਣਾ ਹੱਕ ਜਿਤਾ ਕੇ ਅਕਾਲੀ ਨੇਤਾਵਾਂ ਦੀ ਮਦਦ ਨਾਲ ਡੀ. ਡੀ. ਪੀ. ਉ ਬਣ ਗਿਆ ਤੇ ਜੀਵਨ ਨੂੰ ਮੁਅਤੱਲ ਕਰ ਦਿੱਤਾ ਗਿਆ। ਉਸਨੇ ਬਹਾਲ ਹੋਣ ਲਈ ਸਾਰੇ ਹੱਥ ਕੰਡੇ ਵਰਤੇ ਪਰ ਹੁਣ ਦੂਜੀ ਪਾਰਟੀ ਤੇ ਅਫਸਰਾਂ ਦੀ ਹਕੂਮਤ ਸੀ। ਇਸ ਲਈ ਉਸਦੇ ਸਾਰੇ ਪੈਸੇ ਖੋਟੇ ਹੋ ਗਏ ਤੇ ਸਾਰੇ ਹਥਿਆਰ ਠੁਸ ਹੋ ਗਏ। ਕੋਈ ਵੀ ਅਫਸਰ ਉਸਦੀ ਸ਼ਰੇਆਮ ਮਦਦ ਕਰਨ ਤੋਂ ਘਬਰਾਉਂਦਾ ਸੀ। ਹਵਾ ਹੁਣ ਉਸਦੇ ਉਲਟ ਚੱਲ ਰਹੀ ਸੀ। ਹਵਾ ਹੋਰ ਤੇਜ਼ ਹੋ ਗਈ ਸੀ।

ਉਸਦੇ ਵਿਰੋਧੀਆਂ ਨੇ ਮਹਿਕਮੇ ਪਾਸ ਉਸਦੀ ਧਾਂਦਲੀ ਤੇ ਰਿਸ਼ਵਤ ਖੋਰੀ ਦੀਆਂ ਸ਼ਿਕਾਇਤਾਂ ਕੀਤੀਆਂ। ਉਸਦੀ ਪੜਤਾਲ ਇਕ ਡਿਪਟੀ ਡਾਇਰੈਕਟ ਨੇ ਕੀਤੀ। ਉਸ ਵਿਰੁੱਧ ਕਈ ਮੁਲਾਜ਼ਮਾਂ ਤੇ ਸਰਪੰਚਾਂ ਨੇ ਠੋਕ ਕੇ ਗਵਾਈਆਂ ਦਿੱਤੀਆ। ਉਸ ਵਿਰੁੱਧ ਇਕ ਗਬਨ ਦਾ ਕੇਸ ਦਰਜ ਹੋ ਗਿਆ। ਉਸ ਤੋਂ ਬਾਅਦ ਉਸ ਵਿਰੁੱਧ ਇਕ ਨਜ਼ਾਇਜ ਹਥਿਆਰ ਰੱਖਣ

ਦਾ ਵੀ ਕੇਸ ਦਰਜ ਹੋ ਗਿਆ। ਪਿੰਡ ਵਿਖੇ ਉਹਦੇ ਭਰਾ ਦੀ ਭੱਠੀ ਜਥੇਦਾਰ ਨੇ ਆਪ ਪੁਲਿਸ ਲਿਆਕੇ ਫੜਾਈ। ਇਹ ਕੇਸ ਉਸਦੇ ਛੋਟੇ ਭਰਾ ਤੇ ਪਿਤਾ ਵਿਰੁੱਧ ਹੋ ਗਿਆ। ਉਸਨੇ ਆਪਣੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰੇ ਕੀਤੇ। ਗਬਨ ਦੇ ਕੇਸਾਂ ਵਿਚ ਉਸਨੂੰ ਸਜ਼ਾ ਹੋਣੀ ਲਾਜ਼ਮੀ ਦਿਸ ਰਹੀ ਸੀ। ਇਸ ਲਈ ਉਹ ਬਹੁਤ ਘਬਰਾ ਗਿਆ। ਉਸਨੂੰ ਦਿਨੇ ਹੀ ਤਾਰੇ ਦਿਸਣ ਲੱਗੇ। ਉਹੀ ਅਫਸਰ ਤੇ ਮੁਲਾਜ਼ਮ ਜੋ ਉਸਦਾ ਪਾਣੀ ਭਰਦੇ ਸਨ, ਅੱਜ ਉਸਨੂੰ ਠੂਠਾ ਵਿਖਾ ਰਹੇ ਸਨ। ਉਹ ਭਗੋੜਾ ਹੋ ਗਿਆ। ਪੁਲਸ ਜਮਾਨਤੀਆ ਨੂੰ ਨਾਲ ਲੈ ਕੇ ਉਸਨੂੰ ਦਬੋਚਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਨਾਲ ਸਬੰਧਤ ਹਰ ਜਗਾ ਉਤੇ ਛਾਪੇ ਪੈ ਰਹੇ ਸਨ। ਪਰ ਅਫਸਰ ਸਾਹਿਬ ਕਿਧਰੇ ਨਜ਼ਰ ਨਹੀ ਆ ਰਹੇ ਸਨ। ਪੁਲਸ ਉਸਨੂੰ ਦਬੋਚਣ ਦੀ ਆਹਰ ਵਿਚ ਸੀ। ਅੰਨੇ ਕੁੱਤੇ ਹਿਰਨਾਂ ਮਗਰ।

# ਬਾਬਾ ਭਗੌੜਾ

ਉਹ ਸ਼ੁਰੂ ਤੋਂ ਹੀ ਧਾਰਮਕ ਰੁਚੀਆ ਵਾਲਾ ਸੀ ਕਿਉਂਕਿ ਉਸਦੇ ਘਰ ਕਾਰ ਸੇਵਾ ਵਾਲੇ ਬਾਬਿਆਂ ਦਾ ਬਹੁਤ ਆਉਣਾ ਜਾਣਾ ਸੀ। ਉਹ ਸਿਰ ਤੇ ਕੇਸਰੀ ਦਸਤਾਰ ਸਜਾਈ ਰੱਖਦਾ ਸੀ। ਉਸਨੇ ਕਦੀ ਪਗੜੀ ਨਹੀਂ ਸੀ ਬੰਨੀ। ਘਰ ਵਾਲਿਆਂ ਉਸਦਾ ਨਾਮ ਸਤਨਾਮ ਸਿੰਘ ਰਖਿਆ ਸੀ ਪਰ ਬਹੁਤੇ ਉਹਨੂੰ ਬਾਬਾ ਸਤਨਾਮ ਸਿੰਘ ਜਾਂ ਨਿਰਾ ਬਾਬਾ ਹੀ ਕਹਿੰਕੇ ਪੁਕਾਰਦੇ ਸਨ। ਪਰਿਵਾਰ ਦੀ ਪਰੰਪਰਾ ਮੁਤਾਬਕ ਉਸਨੇ ਬਾਬੇ ਖੜਕ ਸਿੰਘ ਪਾਸੋਂ ਅੰਮ੍ਰਿਤਪਾਨ ਕੀਤਾ ਸੀ। ਉਸਦਾ ਪਿਤਾ ਆਪਣੇ ਪਿਤਾ ਦੀ ਬਰਸੀ ਤੇ ਆਖੰਡ ਪਾਠ ਰਖਾਉਂਦਾ ਤੇ ਜਲੇਬੀਆਂ ਤੇ ਖੀਰਾਂ ਦੇ ਲੰਗਰ ਲਾਉਂਦਾ ਸੀ। ਇਸੇ ਤਰ੍ਹਾ ਜਦੋਂ ਬਾਬੇ ਸਤਨਾਮ ਦੀ ਵਾਰੀ ਆਈ ਤਾਂ ਉਸਨੇ ਢਾਡੀ ਜੱਥੇ ਸੱਦਣ ਦੀ ਪਰੰਪਰਾ ਕਾਇਮ ਕੀਤੀ। ਜਦੋਂ ਵੀ ਉਸਦੇ ਪਿਤਾ ਦੀ ਬਰਸੀ ਨੇੜੇ ਆਉਂਦੀ ਤਾਂ ਢਾਡੀਆਂ ਅਤੇ ਕੀਰਤਨੀਆਂ ਦੇ ਜੱਥੇ ਬਾਬੇ ਦੇ ਘਰ ਫੇਰਾ ਤੋਰਾ ਸ਼ੁਰੂ ਕਰ ਦਿੰਦੇ ਸਨ।

ਬਾਬਾ ਸਤਨਾਮ ਵੀ ਪਿਤਾ ਵਾਂਗ ਬਾਬਿਆਂ ਦੇ ਨਾਲ ਤੁਰਿਆ ਫਿਰਦਾ ਰਹਿੰਦਾ। ਵਾਹੀ ਖੇਤੀ ਦਾ ਕੰਮ ਕਾਮੇ ਹੀ ਕਰ ਛੱਡਦੇ ਸਨ। ਉਹ ਕੇਵਲ ਮਾੜੀ ਮੋਟੀ ਫੇਰਾ ਤੋਰੀ ਰੱਖਦਾ ਸੀ ਤਾਂ ਕਿ ਉਹ ਕੰਮ ਵਿਚ ਰੁੱਝੇ ਰਹਿਣਾ ਬਾਬੇ ਵੀ ਉਸਦੇ ਗ੍ਰਹਿ ਆਉਂਦੇ ਜਾਂਦੇ ਸਨ। ਅਸਲ ਵਿਚ ਜਦੋਂ ਇਲਾਕੇ ਵਿਚੋਂ ਕਣਕ ਜਾਂ ਝੋਨੇ ਦੀ ਉਗਰਾਹੀ ਇੱਕਤਰ ਕਰਨੀ ਹੁੰਦੀ ਸੀ ਤਾਂ ਉਹ ਢਾਣੀਆਂ ਬੰਨਕੇ, ਬਾਬੇ ਸਤਨਾਮ ਨੂੰ ਨਾਲ ਲੈ ਕੇ ਜਾਂਦੇ ਸਨ ਕਿਉਂਕਿ ਬਾਬੇ ਦਾ ਇਲਾਕੇ ਵਿਚ ਕਾਫੀ ਅਸਰ ਰਸੂਖ ਸੀ। ਲੋਕੀਂ ਬਾਬੇ ਦੇ ਮੂੰਹ ਨੂੰ ਵਧ ਚੜ੍ਹ ਕੇ ਉਗਰਾਹੀ ਦਿੰਦੇ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ। ਇਹ ਸਿਲਸਿਲਾ ਹਰ ਸਾਲ ਫਸਲ ਦੇ ਪਕਣ ਵੇਲੇ ਚਲਦਾ ਸੀ। ਲੋਕੀਂ ਦਾਨ ਦੇ ਕੇ ਖੁਸ਼, ਬਾਬਾ ਤੇ ਉਸਦੇ ਸਾਥੀ ਲੈ ਕੇ ਖੁਸ਼ ਹੁੰਦੇ ਅਤੇ ਵਾਹਿਗੁਰੂ ਸਤਨਾਮ ਕਰਦੇ ਫਿਰਦੇ ਸਨ।

ਅਸਲ ਵਿਚ ਬਾਬੇ ਸਤਨਾਮ ਦਾ ਇਕ ਹੋਰ ਵੀ ਮਨੋਰਥ ਸੀ। ਉਹ ਬਾਬਿਆਂ ਕੋਲੋਂ ਪੈਸੇ ਹੱਥ ਉਦਾਰ ਲੈ ਲੈਂਦਾ ਤੇ ਜ਼ਮੀਨ ਦਾ ਕਿਲਾ ਅੱਧਾ ਕਿਲਾ ਹਰ ਸਾਲ ਮੁੱਲ ਲੈ ਲੈਂਦਾ ਤੇ ਫਸਲ ਆਉਣ ਤੇ ਬਾਬਿਆਂ ਦੇ ਪੈਸੇ ਮੋੜ ਦਿੰਦਾ ਸੀ। ਇਸਦੇ ਬਦਲੇ ਉਹ ਬਾਬਿਆ ਨਾਲ ਫਿਰ ਤੁਰਕੇ ਇਲਾਕੇ ਵਿਚ ਉਗਰਾਹੀ ਕਰਾਉਂਦਾ ਸੀ ਅਤੇ ਉਹਨਾਂ ਦੇ ਸੱਦੇ ਤੇ ਕਾਰ ਸੇਵਾ ਲਈ ਸੰਗਤ ਦੇ ਟਰੱਕ ਲੈ ਕੇ ਜਾਂਦਾ ਸੀ। ਉਹ ਕਈ ਵਾਰ ਹਜ਼ੂਰ ਸਾਹਿਬ ਵੀ ਸੰਗਤਾਂ ਨੂੰ ਟਰੱਕ ਤੇ ਲੈ ਕੇ ਗਿਆ ਸੀ। ਬਾਬਾ ਨਿਧਾਨ ਸਿੰਘ ਦੇ ਗੁਰਦਵਾਰੇ ਸੰਗਤਾਂ ਗੁਰਧਾਮਾਂ ਦੇ ਦਰਸ਼ਨ

ਕਰਦੀਆਂ ਅਤੇ ਪਚਾਕੇ ਮਾਰਕੇ ਲੰਗਰ ਛਕਦੀਆਂ ਸਨ।

ਬਾਬਿਆਂ ਦੇ ਸੰਗ ਲੱਗਕੇ ਉਸਨੇ ਬੜੀ ਕਮਾਈ ਕੀਤੀ ਸੀ। ਉਹ ਹੁਣ ਪਿੰਡ ਦੇ ਚੰਗੇ ਜਿੰਮੀਦਾਰਾਂ ਵਿਚ ਗਿਣਿਆ ਜਾਣ ਲੱਗਾ ਸੀ। ਉਸਦਾ ਜੱਦੀ ਕਿਤਾ ਸ਼ਾਹੂਕਾਰਾ ਵੀ ਸੀ। ਆਪਣੇ ਪਿਤਾ ਵਾਂਗ ਉਹ ਪਿੰਡ ਦੇ ਲੋਕਾਂ ਨੂੰ ਪੈਸੇ ਵਿਆਜ ਤੇ ਦਿੰਦਾ ਸੀ। ਉਸਨੂੰ ਪਿੰਡ ਦਾ ਬੈਂਕ ਸਮਝਿਆ ਜਾਂਦਾ ਸੀ। ਜਦੋਂ ਬਾਅਦ ਵਿਚ ਪਿੰਡ ਵਿਚ ਬੈਂਕ ਖੁਲ ਗਿਆ ਤਾਂ ਲੋਕੀ ਕਹਿਣ ਲੱਗੇ, " ਇਕ ਬਾਬਾ ਹੋਰ ਆ ਗਿਆ।" ਉਸਦਾ ਇਕ ਕੰਮ ਹੋਰ ਵੀ ਸੀ। ਉਹ ਆਪਣੇ ਪਿਤਾਂ ਵਾਂਗ ਪੁਲੀਸ ਦਾ ਮੁਖਬਰ ਵੀ ਸੀ ਤੇ ਗਾਹੇ ਬਗਾਹੇ ਥਾਣੇ ਫੇਰਾ ਮਾਰਦਾ ਰਹਿੰਦਾ ਸੀ। ਪੁਲਿਸ ਵਾਲੇ ਵੀ ਆਉਂਦੇ ਜਾਂਦੇ ਉਸ ਕੋਲੋਂ ਚਾਹ ਪਾਣੀ ਪੀ ਕੇ ਜਾਂਦੇ ਸਨ। ਉਹ ਪਿੰਡ ਦੇ ਕਈ ਕੰਮ, ਪੁਲਿਸ ਨੂੰ ਕਹਿਕੇ ਕਰਵਾ ਦਿੰਦਾ ਸੀ। ਲੋਕ ਉਸ ਨਾਲ ਬਹੁਤ ਖੁਸ਼ ਸਨ।

ਸਮੇਂ ਦੇ ਗੇੜ ਨਾਲ, ਖਾਲਿਸਤਾਨ ਦੀ ਮੰਗ ਲੈ ਕੇ, ਪੰਜਾਬ ਵਿਚ ਅੱਤਵਾਦ ਵਧਣਾ ਸ਼ੁਰੂ ਹੋਇਆ। ਅੱਤਵਾਦੀਆਂ ਵਿਚ ਖਾਲਸ ਖਾਲਿਸਤਾਨੀ ਬਹੁਤ ਥੋਹੜੇ ਤੇ ਬਾਕੀ ਧਰਮ ਅਤੇ ਲਹਿਰ ਦੀ ਆੜ ਵਿਚ ਫਸਲੀ ਬਟੇਰੇ ਸਨ। ਕੁਝ ਅੱਤਵਾਦੀ ਪਾਕਿਸਤਾਨ ਦੀ ਸ਼ੈਅ ਹੇਠਾਂ ਹਿੰਦੂ ਸਿੱਖਾਂ ਵਿਚ ਪਾੜਾ ਵਧਾਉਣ ਦੀ ਹੋੜ ਵਿਚ ਸਨ। ਇਸ ਸਮੇਂ ਬਾਬੇ ਸਤਨਾਮ ਕੋਲ ਅੱਤਵਾਦੀਆਂ ਦੇ ਟੋਲੇ ਆਉਣੇ ਸ਼ੁਰੂ ਹੋ ਗਏ। ਇਹਨਾਂ ਵਿਚ ਅੱਧੇ ਪਚੱਧੇ ਉਸਦੇ ਪਹਿਲਾਂ ਹੀ ਜਾਣੂ ਸਨ। ਉਹ ਇਹਨਾਂ ਨੂੰ ਰੋਕ ਨਹੀਂ ਸੀ ਸਕਦਾ। ਉਹ ਨਿੱਝਕ ਹੋ ਕੇ ਉਹਦੇ ਘਰ ਰਾਤ ਕੱਟਣ ਆ ਜਾਂਦੇ ਸਨ ਤੇ ਸਵੇਰੇ ਸਵੇਰੇ ਬਾਹਰ ਚਲੇ ਜਾਂਦੇ ਸਨ। ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਸੀ। ਉਹ ਹੌਲੀ ਹੌਲੀ ਦਿਨੇ ਉਸਦੇ ਘਰ ਬੈਠੇ ਦੁੱਧ ਮਲਾਈਆ ਪੀਂਦੇ ਰਹਿੰਦੇ ਤੇ ਰਾਤ ਨੂੰ ਆਪਣੇ ਮਿਸ਼ਨ ਨੂੰ ਨੇਪਰੇ ਚਾੜਨ ਲਈ ਇਲਾਕੇ ਵਿਚ ਨਿਕਲ ਜਾਂਦੇ। ਪਹਿਲਾਂ ਪਹਿਲ ਉਹ ਪੁਲਿਸ ਕੋਲੋਂ ਡਰਕੇ ਲੁੱਕ ਜਾਂਦੇ ਸਨ। ਇਕ ਡੇਰੇ ਨੂੰ ਘੇਰਨ ਦੀ ਹਦਾਇਤ ਕਰ ਰਹੀ ਸੀ। ਪਰ ਇਲਾਕੇ ਦੀ ਪੁਲਿਸ ਬਾਬੇ ਨੂੰ ਜਲਦੀ ਹੱਥ ਨਹੀਂ ਸੀ ਪਾਉਂਣਾ ਚਾਹੁੰਦੀ। ਉਹਨਾਂ ਬਾਬੇ ਨੂੰ ਠਾਣੇ ਬੁਲਾਇਆ ਤੇ ਪੁਛਗਿਛ ਕੀਤੀ ਪਰ ਬਾਬੇ ਨੇ ਸਰਾਸਰ ਆਪਣੀ ਮਜ਼ਬੂਰੀ ਜ਼ਾਹਿਰ ਕੀਤੀ। ਪੁਲਿਸ ਨੇ ਅਗਲੀ ਹੀ ਰਾਤ ਭਾਰੀ ਫੌਜ ਲੈ ਕੇ ਬਾਬੇ ਦੀ ਹਵੇਲੀ ਨੂੰ ਘੇਰਾ ਪਾ ਲਿਆ। ਛੱਤੀ ਘੰਟੇ ਮੁਕਾਬਲਾ ਹੁੰਦਾ ਰਿਹਾ। ਦੂੱਵਲਾ ਨੁਕਸਾਨ ਹੋਇਆ। ਅੱਤਵਾਦੀ ਮੌਕਾ ਪਾ ਕੇ ਰਾਤ ਮੁਕਣ ਤੋਂ ਪਹਿਲਾਂ ਹੀ ਦੌੜ ਗਏ। ਪੁਲਿਸ ਵਾਲਿਆਂ ਨੂੰ ਘੇਰਾ ਪਾ ਕੇ ਲਾਸ਼ਾਂ 'ਤੇ ਕਬਜ਼ਾ ਕਰ ਲਿਆ। ਬਾਬਾ ਵੀ ਉਹਨਾਂ ਕਾਬੂ ਕਰ ਲਿਆ। ਬਾਬਾ ਵੀ ਉਹਨਾਂ ਕਾਬੂ ਕਰ ਲਿਆ। ਪਨਾਹ ਦੇਣ ਦੇ ਦੋਸ਼ ਵਿਚ ਉਸਨੂੰ ਹੋਰ ਪੁਛ ਗਿੱਛ ਲਈ ਠਾਣੇ ਲਿਜਾਇਆ ਗਿਆ। ਪੁਲੀਸ ਨੇ ਉਸ ਨਾਲ ਗੰਢ ਤੁਪ ਕਰਕੇ, ਉਹਦੀ ਕੱਚੀ ਜ਼ਮਾਨਤ ਲੈ ਕੇ ਛੱਡ ਦਿੱਤਾ।

ਬਾਬੇ ਦੇ ਹੱਥ ਤਕੜਾ ਮਾਲ ਆਇਆ। ਅੱਤਵਾਦੀਆਂ ਦੇ ਪੈਸੇ ਦਾ ਲੇਖਾ ਜੋਖਾ ਉਸ ਕੋਲ ਸੀ। ਉਸਨੇ ਕੁਝ ਹਿੱਸਾ ਪੁਲੀਸ ਨੂੰ ਸੌਪਕੇ, ਬਾਕੀ ਦਾ ਬਹੁਤਾ ਹਿੱਸਾ ਕੋਲ ਰਖ ਲਿਆ

ਸੀ ਤੇ ਬੜੀ ਚਤਰਾਈ ਨਾਲ ਸ਼ਹਿਰ ਵਿਚ ਕਈ ਪਲਾਟ ਤੇ ਕੋਠੀਆਂ ਖ੍ਰੀਦ ਲਈਆ ਸਨ। ਉਸਦੇ ਘਰ ਡੇਰਾ ਜਮਾਉਣ ਵਾਲੇ ਜੱਥੇ ਦੇ ਅੱਧੇ ਮੈਂਬਰ ਤਾਂ ਪੁਲੀਸ ਨੇ ਮਾਰ ਮੁਕਾਏ ਸਨ ਤੇ ਬਾਕੀ ਜਾਨ ਬਚਾਉਂਦੇ ਹੋਏ ਦੂਜੇ ਪ੍ਰਾਂਤਾ ਵਿਚ ਨਿਕਲ ਗਏ ਸਨ। ਬਾਬੇ ਨੂੰ ਪੁਲਿਸ ਦਾ ਘੇਰਾ ਵਰ ਆਇਆ ਸੀ। ਰਾਤ ਨੂੰ ਉਹ ਲੱਖਪਤੀ ਸੀ ਪਰ ਦਿਨ ਚੜ੍ਹਦਿਆਂ ਉਹ ਕਰੋੜਪਤੀ ਹੋ ਗਿਆ ਸੀ। ਬਾਬੇ ਦੇ ਘਰ ਵਾਲੀ ਨਾਲ ਵੀ ਅੱਤਵਾਦੀਆਂ ਦਾ ਵਾਹ ਰਿਹਾ ਸੀ। ਉਹ ਤੇ ਉਸਦੀ ਬੇਟੀ ਅੱਤਵਾਦੀਆਂ ਦੀ ਸੇਵਾ ਸੰਭਾਲ ਵਿਚ ਰੁੱਝੀਆਂ ਰਹੀਆਂ ਸਨ। ਕਈ ਵਾਰ ਅੱਤਵਾਦੀ ਆਪਣੇ ਮਿਸ਼ਨ ਨੂੰ ਅੰਜ਼ਾਮ ਦੇਣ ਲਈ ਉਹ ਇਹਨਾਂ ਦੋਹਾਂ ਮਾਵਾਂ ਧੀਆਂ ਨੂੰ ਨਾਲ ਲੈ ਕੇ ਜਾਂਦੇ ਸਨ। ਉਹ ਇਕ ਤਰ੍ਹਾ ਨਾਲ ਬੱਝੀਆਂ ਲਾਹੌਰ ਵੇਖ ਰਹੀਆਂ ਸਨ। ਜਦੋਂ ਤੋਂ ਪੁਲਿਸ ਨੇ ਅੱਤਵਾਦੀਆਂ ਨੂੰ ਬਾਬੇ ਦੀ ਹਵੇਲੀਉ ਬਾਹਿਰ ਕਢਿਆ ਸੀ, ਉਹਨਾਂ ਦੀ ਇਕ ਕਿਸਮ ਦੀ ਰਿਹਾਈ ਹੋਈ ਸੀ। ਪਹਿਲਾਂ ਉਹ ਸਮਝਦੀਆਂ ਸਨ ਕਿ ਇਹ ਜੱਥਾ ਖਾਲਿਸਤਾਨੀ ਲਹਿਰ ਨਾਲ ਸੰਬੰਧਤ ਹੈ । ਉਹ ਇਸ ਨਾਲ ਹਮਦਰਦੀ ਵਜੋਂ ਜੁੜੀਆਂ ਸਨ। ਪਰ ਜਦੋਂ ਉਹਨਾਂ ਵੇਖਿਆ ਕਿ ਇਹ ਖਾਲਿਸਤਾਨੀ ਨਹੀਂ, ਸਗੋਂ ਬਦਚਲਣ ਹਨ ਤਾਂ ਉਹਨਾਂ ਦੀ ਇਹਨਾਂ ਨਾਲ ਸਖਤ ਨਫਰਤ ਹੋ ਗਈ ਸੀ। ਉਹਨਾਂ ਨੇ ਪੁਲਿਸ ਕੋਲ ਇਸ ਜੱਥੇ ਦਾ ਕੱਚਾ ਚਿੱਠਾ ਖੋਹ ਲਿਆ ਸੀ।

ਉਧਰੋਂ ਇਸ ਟੋਲੇ ਦੇ ਬਚੇ ਖੁੱਚੇ ਅੱਤਵਾਦੀਆਂ ਨੇ ਪੁਲਿਸ ਇਕੱਠੇ ਹੋ ਕੇ ਬਾਕੀ ਹੋਰ ਜਥੇਬੰਦੀਆਂ ਦੀ ਸਾਂਝੀ ਨਫਰੀ ਨਾਲ ਬਾਬੇ ਦੀ ਹਵੇਲੀ ਧਾਵਾਂ ਬੋਲਿਆ। ਬਾਬੇ ਤੇ ਉਸਦੀ ਘਰਵਾਲੀ ਨੂੰ ਉਹ ਬਾਹਵਾਂ ਬੰਨ ਕੇ ਲੈ ਤੁਰੇ। ਬਾਬੇ ਨੂੰ ਉਹਨਾਂ ਪੁਲੀਸ ਦਾ ਝੋਲੀ ਚੁੱਕ ਕਹਿਕੇ ਕੁਟਿਆ ਮਾਰਿਆ ਤੇ ਘਰਵਾਲੀ ਨੂੰ ਵੀ ਬਹੁਤ ਜ਼ਲੀਲ ਕੀਤਾ। ਪਰ ਅਖੀਰ, ਪੈਸੇ ਨਾਲ ਹੀ ਛੁਟਕਾਰਾ ਹੋਇਆ। ਉਹਨਾਂ ਇਸ ਜੱਥੇ ਨੂੰ ਲੱਖਾਂ ਰੂਪੈ ਦੇ ਕੇ ਜਾਨ ਬਚਾ ਲਈ ਤੇ ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਕੀਤਾ। ਜਦੋਂ ਉਹ ਦੋਹਵੇਂ ਜਿਊਂਦੇ ਜਾਗਦੇ ਘਰ ਵਾਪਿਸ ਪਰਤੇ ਤਾਂ ਪਿੰਡ ਵਾਲਿਆਂ ਬਹੁਤ ਖੁਸ਼ੀ ਮਨਾਈ। ਬਾਬੇ ਨੂੰ ਉਹਨਾਂ ਨੇ ਚਾਰ ਚੁਫੇਰੇ ਫੈਲੀ ਬੁਰ ਸ਼ਾਗਰਦੀ ਤੋਂ ਬਚਾਈ ਰਖਿਆ ਸੀ। ਹਰ ਰੋਜ਼ ਬਾਬੇ ਦਾ ਹਾਲ ਚਾਲ ਪੁਛਣ ਵਾਲਿਆ ਦਾ ਤਾਂਤਾ ਲੱਗਾ ਰਹਿੰਦਾ ਤੇ ਦੋਹਵੇਂ ਜੀਅ ਘਰੋੜ ਘਰੋੜ ਕੇ ਅੱਤਵਾਦੀਆਂ ਦੀ ਨਾਦਰ ਸ਼ਾਹੀ ਦੀਆਂ ਗੱਲਾ ਸੁਣਾਉਂਦੇ।

ਉਧਰ ਪੁਲਿਸ ਨੂੰ ਵੀ ਬਾਬੇ ਦੇ ਫੜੇ ਤੇ ਰਿਹਾ ਹੋਣ ਦੀ ਖਬਰ ਮਿਲ ਗਈ ਸੀ। ਇਕ ਪੁਲਿਸ ਪਾਰਟੀ ਆਈ ਤੇ ਬਾਬੇ ਨੂੰ ਥਾਣੇ ਲੈ ਗਈ। ਪਿੰਡ ਵਿਚ ਫਿਰ ਰੌਲਾ ਪੈ ਗਿਆ। ਬਾਬੇ ਨੂੰ ਥਾਣੇ ਕੁਝ ਦਿਨ ਰੱਖ ਕੇ ਮਾਲ ਮੰਡੀ ਤਫਤੀਸ਼ ਕੇਂਦਰ ਅਗਲੇਰੀ ਤਫਤੀਸ਼ ਲਈ ਭੇਜਿਆ ਗਿਆ। ਬਾਬੇ ਨੂੰ ਪੁਲਿਸ ਨੇ ਘੋਟਣੇ ਚਾਹੜੇ ਤੇ ਕਈ ਦਿਨ ਬਰਫ ਤੇ ਲਿੱਟਾ ਛਡਿਆ। ਪਰ ਬਾਬਾ ਇਹੀ ਕਹੀ ਜਾ ਰਿਹਾ ਸੀ, " ਜਨਾਬ ਮੈਨੂੰ ਕਿਸੇ ਦੇ ਟਿਕਾਣੇ ਦਾ ਪਤਾ ਨਹੀਂ। ਮੈਂ ਉਹਨਾਂ ਦਾ ਘਰ ਘਾਟ ਨਹੀਂ ਜਾਣਦਾ। ਉਹ ਮੇਰੀ ਹਵੇਲੀ ਧੱਕੇ ਨਾਲ ਆਉਂਦੇ ਜਾਂਦੇ ਸਨ ਤੇ ਆਪਣੀ ਮਰਜ਼ੀ ਨਾਲ ਚਲੇ ਜਾਂਦੇ ਸਨ। ਮੈਨੂੰ ਤਾਂ ਉਹਨਾਂ ਇਕ ਤਰ੍ਹਾ ਕੈਦ ਕੀਤਾ

ਹੋਇਆ ਸੀ। ਮੈਂ ਹੋਰ ਕੁਝ ਨਹੀਂ ਜਾਣਦਾ।" ਉਸਨੂੰ ਵੱਡੇ ਅਫਸਰਾਂ ਦੇ ਕਹਿਣ ਤੇ ਇਕ ਹੋਰ ਤਫਤੀਸ਼ ਕੇਂਦਰ ਭੇਜਿਆ ਗਿਆ ਪਰ ਉਥੇ ਵੀ ਬਾਬਾ ਇਹੀ ਬਿਆਨ ਉਚਾਰੀ ਜਾ ਰਿਹਾ ਸੀ। ਅਖੀਰ ਉਸਦੀਆਂ ਪੁਰਾਣੀਆਂ ਪੁਲਿਸ ਪ੍ਰਤੀ ਸੇਵਾਵਾਂ ਨੂੰ ਮੁਖ ਰੱਖਕੇ ਉਸਨੂੰ ਛੱਡ ਦਿੱਤਾ ਗਿਆ ਤੇ ਉਸਦੇ ਕੇਸ ਵਾਪਿਸ ਲੈ ਲਏ ਗਏ।

ਬਾਬਾ ਦੁਬਾਰਾ ਘਰ ਤਾਂ ਆ ਗਿਆ ਸੀ ਤੇ ਉਸਦੀ ਹਿਫਾਜ਼ਿਤ ਲਈ ਪੁਲਿਸ ਨੇ ਉਸਨੂੰ ਪੁਲਿਸ ਸੁਰੱਖਿਆ ਵੀ ਪ੍ਰਦਾਨ ਕਰ ਦਿੱਤੀ ਸੀ ਪਰ ਬਾਬੇ ਦੀ ਘਰਵਾਲੀ ਨੂੰ ਚੈਨ ਨਹੀਂ ਸੀ ਆ ਰਿਹਾ। ਉਸਨੂੰ ਪੁਲਿਸ ਤੇ ਅੱਤਵਾਦੀਆਂ ਦੀ ਨੀਯਤ ਪਰ ਸ਼ੱਕ ਸੀ। ਉਸਨੇ ਅਤਿਵਾਦੀਆਂ ਨਾਲ ਬੜੇ ਨਰਕੀ ਦਿਨ ਗੁਜਾਰੇ ਸਨ ਤੇ ਪੁਲਿਸ ਨੇ ਵੀ ਉਸਦੇ ਘਰਵਾਲੇ ਨੂੰ ਨਕਾਰਾ ਕਰਕੇ ਭੇਜਿਆ ਸੀ। ਉਹ ਨਿਤ ਦੀ ਫੜਾ ਫੜਾਈ ਤੋਂ ਬੇਹੱਦ ਤੰਗ ਆ ਗਏ ਸਨ। ਉਹਨਾਂ ਨੂੰ ਅਫਸੋਸ ਸੀ ਕਿ ਪਿੰਡ ਵਾਲਿਆਂ ਦੀ ਉਹਨਾਂ ਹਰ ਦਮ ਮਦਦ ਕੀਤਾ ਹੈ ਪਰ ਉਹਨਾਂ ਨੇ ਭੀੜ ਵੇਲੇ ਉਹਨਾਂ ਦੀ ਉਂਗਲ ਵੀ ਨਹੀਂ ਫੜੀ। ਲੋਕ ਤਾਂ ਪੁਲਿਸ ਤੇ ਅੱਤਵਾਦੀਆਂ ਤੋਂ ਡਰਦੇ ਭੇਡਾਂ ਬਕਰੀਆਂ ਬਣਕੇ ਬਹਿ ਗਏ ਸਨ। ਉਹ ਸੋਚਾਂ ਵਿਚ ਡੁੱਬੇ ਰਹਿੰਦੇ ਸਨ। ਉਤੋਂ ਉਤੋਂ ਤਾਂ ਉਹ ਹਸਦੇ ਮੁਸਕਰਾਉਂਦੇ ਨਜ਼ਰ ਆਉਂਦੇ ਪਰ ਅੰਦਰੋਂ ਉਹ ਟੁਟਕੇ ਫਾੜੀਆ ਫਾੜੀਆਂ ਹੋ ਗਏ ਸਨ। ਉਹਨਾਂ ਨੇ ਬੜੇ ਸਾਦੇ ਢੰਗ ਨਾਲ ਆਪਣੀ ਬੇਟੀ ਦੀ ਸ਼ਾਦੀ ਕੀਤੀ ਤੇ ਉਹਨੂੰ ਸਹੁਰੇ ਤੋਰ ਕੇ ਆਪ ਕੁਝ ਦਿਨਾਂ ਲਈ ਹਜੂਰ ਸਾਹਿਬ ਚਲੇ ਗਏ। ਵਾਪਿਸ ਆਏ ਤਾਂ ਉਹਨਾਂ ਨੇ ਆਪਣੇ ਗਹਿਣੇ ਤੇ ਨਕਦੀ ਨਾਲ ਲਈ ਤੇ ਇਕ ਰਾਤ ਉਹ ਆਪਣੀ ਭੈਣ ਤੇ ਜੀਜੇ ਨੂੰ ਘਰ ਦੀ ਸਪੁਰਦਾਰੀ ਕਰਕੇ, ਘਰੋਂ ਗਾਇਬ ਹੋ ਗਏ। ਅੱਤਵਾਦੀਆਂ ਤੇ ਪੁਲਿਸ ਵਾਲੇ ਆਪਣੀ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਨੂੰ ਲੱਭਣ ਲਈ ਯਤਨਸ਼ੀਲ ਸਨ ਅਤੇ ਲੋਕ ਵਿਚਾਰੇ ਹਮਦਰਦੀ ਵਜੋਂ ਕਹਿ ਰਹੇ ਸਨ, "ਬਾਬਾ ਵਿਚਾਰਾ ਨਿੱਤ ਦੇ ਕਲੇਸ਼ਾਂ ਤੋਂ ਡਰਦਾ ਹੀ ਕਿਧਰੇ ਜਾ ਲੁਕਿਆ ਹੈ ਤੇ ਉਧਰ ਹਾਲਾਤ ਵੀ ਪੈਰੋਂ ਪੈਰ ਵਿਗੜ ਰਹੇ ਨੇ। ਪਿੰਡ ਦਾ ਤਾਂ ਹੁਣ ਅੱਲਾ ਈ ਬੇਲੀ ਐ।"

# ਪੂਰਨ ਪੰਗੇਬਾਜ

ਪੂਰਨ ਚੰਦ ਹੀਰਾ ਲਾਲ ਵਪਾਰੀ ਦਾ ਇਕਲੌਤਾ ਪੁੱਤਰ ਸੀ। ਕਹਿੰਦੇ ਹਨ ਕਿ ਹੀਰਾ ਲਾਲ ਨੂੰ ਵਲੈਤੀ ਜਵਾਇਣ ਵੇਚਣ ਨਾਲ ਇਕ ਸਾਲ ਲੱਖਾਂ ਰੁਪਏ ਫਾਇਦਾ ਹੋਇਆ ਸੀ। ਇਸ ਜਿਨਸ ਦੀ ਅੰਤਰ ਰਾਸ਼ਟਰੀ ਕੀਮਤ ਵਿਚ ਜ਼ਬਰਦਸਤ ਉਛਾਲ ਆਉਣ ਨਾਲ ਉਸਨੂੰ ਅੰਤਾਂ ਦਾ ਮੁਨਾਫਾ ਹੋਇਆ ਸੀ। ਉਸਨੇ ਵਪਾਰ ਛੱਡ ਦਿੱਤਾ ਸੀ ਤੇ ਰਾਤ ਦਿਨ ਦਾਰੂ ਤੇ ਤਿੱਤਰ ਬਟੇਰੇ ਖਾਣ ਵੱਲ ਹੋ ਗਿਆ ਸੀ। ਉਸ ਕੋਲ ਇੰਨਾ ਪੈਸਾ ਆ ਗਿਆ ਸੀ ਕਿ ਉਸਦੀ ਮੱਤ ਹੀ ਮਾਰੀ ਗਈ ਸੀ। ਉਹ ਰਾਤ ਦਿਨ ਦਾਰੂ ਚਾਰ ਪੰਜ ਸਾਲ ਪੀਂਦਾ ਰਿਹਾ ਤੇ ਦਾਰੂ ਦੇ ਦਰਿਆਂ ਵਿਚ ਹੀ ਡੁੱਬ ਗਿਆ। ਕਾਫੀ ਧੰਨ ਉਸਨੇ ਉਜਾੜ ਛੱਡਿਆ ਸੀ ਪਰ ਹਾਲੇ ਵੀ ਕਾਫੀ ਕੁਝ ਬਚ ਗਿਆ ਸੀ। ਘਰ ਦੀ ਵਾਗ ਡੋਰ ਹੁਣ ਪੂਰਨ ਦੇ ਹੱਥ ਆ ਗਈ ਸੀ। ਪੂਰਨ ਨੇ ਆਪਣੇ ਪਿਤਾ ਨੂੰ ਦਾਰੂ ਦੇ ਹੜ ਵਿਚ ਗੋਤੇ ਖਾਂਦੇ ਵੇਖਿਆ ਸੀ, ਇਸ ਲਈ ਉਸਨੇ ਪਿਤਾ ਦੇ ਮਰਨ ਤੋਂ ਬਾਅਦ ਦਾਰੂ ਤੋਂ ਸਦਾ ਲਈ ਤੋਬਾ ਕਰ ਦਿੱਤੀ ਸੀ।

ਉਹ ਆਪਣੇ ਪਿਤਾ ਪੁਰਖਿਆਂ ਦੇ ਵਕਾਰ ਤੇ ਸਥਾਨ ਨੂੰ ਨਵੇਂ ਸਿਰਿਉ ਬਹਾਲ ਕਰਨਾ ਚਾਹੁੰਦਾ ਸੀ। ਉਸ ਦੇ ਦਿਮਾਗ ਵਿਚ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਕਈ ਸਕੀਮਾਂ ਸਨ। ਉਹ ਬੜਾ ਹਿੰਮਤੀ ਤੇ ਉਦਮੀ ਸੀ ਪਰ ਸਿਰੜਤਾ ਦੀ ਘਾਟ ਕਾਰਨ, ਉਸ ਦੀਆਂ ਬਹੁਤ ਸਾਰੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ ਸਨ। ਸਰਕਾਰੀ ਕੰਮਾਂ ਵਾਂਗ ਉਹ ਕਿਸੇ ਕੰਮ ਨੂੰ ਬੜੀ ਸ਼ਿਦਤ ਤੇ ਸ਼ਰਧਾ ਨਾਲ ਆਰੰਭ ਕਰਦਾ ਪਰ ਉਸਨੂੰ ਨੇਪਰੇ ਚਾੜ੍ਹਣ ਲਈ ਉਸਦੇ ਕਦਮ ਡਗ ਮਗਾਉਣ ਲੱਗਦੇ ਤੇ ਮੰਜ਼ਿਲ ਤੇ ਪਹੁੰਚਣ ਤੋਂ ਪਹਿਲਾਂ ਹੀ ਪਿਛੇ ਪਰਤ ਜਾਂਦਾ। ਇਸ ਤਰ੍ਹਾਂ ਉਸਦੇ ਧਨ ਨੂੰ ਬਹੁਤ ਖੋਰਾ ਲੱਗਾ ਸੀ ਤੇ ਡਾਹਢੀ ਖੱਜਲ ਖਵਾਰ ਵੀ ਹੋਈ ਸੀ।

ਪਿਤਾ ਦੇ ਦੇਹਾਂਤ ਪਿੱਛੋ ਘਰ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਉਸਨੇ ਸਭ ਤੋਂ ਪਹਿਲਾਂ ਲੱਕੀ ਡਰਾਅ ਦੀ ਸਕੀਮ ਬੜੀ ਧੂੰਮ ਧਾਮ ਤੇ ਇਛਾਵਾਂ ਨਾਲ ਸ਼ੁਰੂ ਕੀਤੀ। ਪਿੰਡ ਦੇ ਸਰਪੰਚ ਨੇ ਪਹਿਲਾਂ ਡਰਾਅ ਕਢਿਆ ਤੇ ਲੋਕਾਂ ਨੇ ਲਾਗਲੇ ਪਿੰਡਾਂ ਤੋਂ ਵੀ ਮੈਂਬਰ ਬਣਕੇ ਇਸ ਸਕੀਮ ਦਾ ਲਾਭ ਉਠਾਇਆ। ਜਿਸਦਾ ਮਹੀਨੇ ਦੇ ਅਖੀਰ ਤੇ ਲੱਕੀ ਡਰਾਅ ਨਿਕਲਦਾ, ਉਸਦੇ ਪੈਰ ਭੁੰਜੇ ਨਾ ਲੱਗਦੇ। ਦੋ ਕੁ ਸਾਲ ਖੂਬ ਕੰਮ ਚਲਿਆਂ। ਉੱਤੋ ਪਾਕਿਸਤਾਨ ਨਾਲ ਜੰਗ ਸ਼ੁਰੂ ਹੋ ਗਈ। ਹਰ ਰੋਜ਼ ਦੀ ਬੰਬ ਬਾਰੀ ਨੇ ਕਈਆਂ ਲੋਕਾਂ ਨੂੰ ਉਜਾੜ ਦਿੱਤਾ ਸੀ ਤੇ ਲੋਕ ਆਪਣੇ ਘਰ ਛੱਡ ਕੇ, ਬਾਰਡਰ ਤੋਂ ਦੂਰ ਆਪਣੇ ਰਿਸ਼ਤੇਦਾਰਾਂ ਵੱਲ ਭੱਜ ਰਹੇ ਸਨ।

ਪਾਕਿਸਤਾਨ ਦਿਨੋ ਦਿਨ ਅੱਗੇ ਵਧ ਰਿਹਾ ਸੀ। ਲੋਕਾਂ ਨੂੰ ਆਪਣੀ ਜਾਨ ਮਾਲ ਦੇ ਲਾਲ ਪਏ ਸਨ। ਪੂਰਨ ਦਾ ਕੰਮ ਬਹੁਤ ਪ੍ਰਭਾਵਿਤ ਹੋਇਆ। ਉਸਦੀ ਅਦਾਇਗੀ ਤੇ ਭੁਗਤਾਨ ਰੁਕ ਗਏ। ਲੋਕੀਂ ਕਮੇਟੀਆਂ ਚੁਕ ਕੇ ਭੱਜ ਗਏ । ਭਾਵੇਂ ਜੰਗ ਮਹੀਨੇ ਕੁ ਬਾਅਦ ਹੀ ਬੰਦ ਹੋ ਗਈ ਸੀ ਪਰ ਉਸਦੇ ਅਸਰ ਬੜੇ ਦੇਰ ਪਿਆ ਰਿਹਾ। ਪੂਰਨ ਕੋਲੋਂ ਪੈਸੇ ਮੰਗਣ ਵਾਲੇ ਜ਼ੋਰ ਪਾ ਰਹੇ ਸਨ ਤੇ ਲੈਣ ਵਾਲੇ ਆਲੇ ਟਾਲੇ ਕਰਕੇ ਸਮਾਂ ਟਪਾ ਰਹੇ ਸਨ। ਲੈਣ ਵਾਲਿਆਂ ਤਾਂ ਲੈ ਕੇ ਹੀ ਉਸਦੀ ਜਾਨ ਛੱਡੀ ਪਰ ਦੇਣ ਵਾਲਿਆਂ ਨੇ ਉਸ ਨੂੰ ਠੂਠ ਵਖਾਇਆ। ਇਸ ਤਰ੍ਹਾ ਉਸਨੇ ਬਹੁਤ ਸਾਰੇ ਪੈਸੇ ਕੋਲੋਂ ਦੇ ਕੇ ਇਹ ਸਕੀਮ ਬੰਦ ਕਰ ਦਿੱਤੀ। ਪਾਕਿਸਤਾਨ ਦੀ ਜੰਗ ਪੂਰਨ ਨੂੰ ਲੈ ਬੈਠੀ ਸੀ।

ਰੋਜ਼ ਦੀ ਕਿਚ ਕਿਚ ਤੋਂ ਖਹਿੜਾ ਛੁਡਾਉਣ ਲਈ ਉਸਨੇ ਸ਼ਹਿਰ ਵਿਚ ਆਪਣਾ ਕਾਰੋਬਾਰ ਸ਼ੁਰੂ ਕਰ ਦਿੱਤਾ। ਉਸਨੇ ਚਾਰ ਸਿਨਮਿਆਂ ਦੀਆਂ ਕੰਟੀਨਾਂ ਦੇ ਠੇਕੇ ਲੈ ਲਏ। ਉਸਨੇ ਵਧ ਬੋਲੀ ਦੇ ਕੇ ਇਹ ਠੇਕੇ ਲਏ ਸਨ। ਉਸਨੇ ਵਧੀਆਂ ਮਾਲ ਪਾ ਕੇ ਆਪਣੇ ਕਰਮਚਾਰੀਆਂ ਨਾਲ ਇਹ ਧੰਦਾ ਸ਼ੁਰੂ ਕੀਤਾ। ਵਿਕਰੀ ਤਾਂ ਬਹੁਤ ਹੁੰਦੀ ਪਰ ਉਸਨੂੰ ਇਕ ਸਿਨੇਮੇਂ ਤੋਂ ਦੂਜੇ ਸਿਨੇਮੇ ਵਲ ਭਜ ਦੌੜ ਕਰਨੀ ਪੈਂਦੀ ਸੀ। ਉਹ ਬਾਰਾਂ ਵਜੇ ਤੋਂ ਰਾਤ ਦੇ ਦਸ ਗਿਆਰਾਂ ਵਜੇ ਤੱਕ ਸਿਨੇਮਾ ਘਰਾਂ ਦੀ ਗਸ਼ਤ ਕਰਦਾ ਰਹਿੰਦਾ ਤੇ ਲੋੜੀਂਦਾ ਮਾਲ ਭੇਜਦਾ ਰਹਿੰਦਾ। ਉਸ ਲਈ ਇਹ ਕੰਮ ਅਸਲੋਂ ਨਵਾਂ ਸੀ। ਉਸਦੇ ਕਰਮਚਾਰੀ ਇਸ ਧੰਦੇ ਦੀਆਂ ਧਾਂਦਲੀਆਂ ਸਮਝਦੇ ਸਨ। ਸਾਲ ਦੇ ਅਖੀਰ ਵਿਚ, ਜਦ ਹਿਸਾਬ ਕੀਤਾ ਤਾਂ ਉਸਦੇ ਪੱਲੇ ਕੱਖ ਨਾ ਪਿਆ। ਸਾਰੀ ਭੱਜ ਦੌੜ ਤੇ ਖਜਲ ਖਰਾਬੀ ਬੇਕਾਰ ਗਈ। ਉਹ ਆਪਣੇ ਕਰਮਚਾਰੀਆਂ ਨਾਲ ਲੜਿਆ ਝਗੜਿਆ ਪਰ ਲੜਨ ਨਾਲ ਪੈਸੇ ਥੋਹੜਾ ਵਾਪਸ ਮਿਲ ਜਾਂਦੇ ਨੇ। ਉਹਨੇ ਮਾਯੂਸ ਹੋ ਕੇ ਇਹ ਧੰਦਾ ਤਿਆਗ ਦਿੱਤਾ ਤੇ ਵਾਪਿਸ ਪਿੰਡ ਆ ਗਿਆ। ਉਸਨੇ ਆਪਣੇ ਜੱਦੀ ਪੁਸ਼ਤੀ ਕਾਰੋਬਾਰ ਨੂੰ ਨਵੇਂ ਸਿਰਿਉ ਆਰੰਭ ਕੀਤਾ। ਉਸਨੇ ਕਰਿਆਨੇ (ਲੂਣ— ਤੇਲ) ਦੀ ਦੁਕਾਨ ਖੋਲ ਲਈ ਅਤੇ ਨਾਲ ਜਿਨਸਾਂ ਦਾ ਵਪਾਰ ਵੀ ਸ਼ੁਰੂ ਕੀਤਾ। ਨਵੀ ਫਸਲ ਆਉਣ ਤੇ ਉਹ ਜਿੰਮੀਦਾਰਾਂ ਕੋਲੋਂ ਮਾਲ ਸਸਤੇ ਭਾਅ ਖਰੀਦ ਲੈਂਦਾ ਤੇ ਸਿਆਲ ਵਿਚ ਮਹਿੰਗੇ ਭਾਅ ਵੇਚਣ ਲਗਾ। ਉਸਨੇ ਇਸ ਕੰਮ ਲਈ ਇਕ ਨਵਾਂ ਗੁਦਾਮ ਵੀ ਬਣਵਾਇਆ। ਕੁਝ ਸਾਲਾਂ ਬਾਅਦ ਹੀ ਉਸਦੀ ਬੱਲੇ ਬੱਲੇ ਹੋਣ ਲੱਗੀ।

ਪਿੰਡ ਵਿਚ ਸਰਪੰਚੀ ਦੀਆਂ ਚੌਣਾਂ ਆਈਆਂ। ਪੈਸੇ ਧੇਲੇ ਵਾਲੇ ਹੀ ਇਹ ਚੋਣ ਲੜ ਸਕਦੇ ਹਨ। ਪੂਰਨ ਸ਼ਾਹ ਨੂੰ ਉਸਦੇ ਹਮਾਇਤੀਆਂ ਨੇ ਖੜਾ ਕਰ ਦਿੱਤਾ। ਉਸਨੇ ਲੋਕਾਂ ਨੂੰ ਵਾਧੂ ਖਵਾ ਪਿਆਕੇ ਇਹ ਚੋਣ ਜਿਤ ਲਈ ਅਤੇ ਹੁਣ ਲੋਕੀ ਉਸਨੂੰ ਪੂਰਨ ਸਰਪੰਚ ਕਹਿਣ ਲੱਗੇ। ਸਰਪੰਚੀ ਦੇ ਕੇਸ ਵਿਚ ਉਸਨੂੰ ਬਲਾਕ, ਠਾਣੇ ਕਚਹਿਰੀ ਵੀ ਅਕਸਰ ਜਾਣਾ ਪੈਂਦਾ ਸੀ। ਉਹ ਕੋਲੋਂ ਪੈਸੇ ਖਰਚ ਕੇ ਲੋਕਾਂ ਦੇ ਕੰਮ ਵੀ ਕਰਵਾ ਦਿੰਦਾ ਸੀ। ਗਰੀਬ ਲੋਕ ਉਸਦਾ ਪਾਣੀ ਭਰਦੇ ਸਨ। ਲੋਕਾਂ ਕੋਲੋਂ ਤਾਂ ਉਸਨੇ ਵਾਹ ਵਾਹ ਖੱਟ ਲਈ, ਸਰਕਾਰੀ ਅਫਸਰਾਂ ਤੇ ਪੁਲਸ ਵਿਚ ਤਾਂ ਉਹ ਮਕਬੂਲ ਹੋ ਗਿਆ ਪਰ ਰਾਤ ਦਿਨ ਬਹੁਤਾਂ ਸਮਾਂ ਬਾਹਿਰ ਅੰਦਰ ਰਹਿਣ

ਕਾਰਨ, ਉਸਦਾ ਆਪਣਾ ਕਾਰੋਬਾਰ ਚੌਪਟ ਹੋ ਗਿਆ। ਉਸਦੇ ਨੌਕਰ ਉਸਨੂੰ ਖਾਈ ਜਾ ਰਹੇ ਸਨ। ਦੁਕਾਨ ਤੇ ਮਣਾਂ ਮੂਹੀ ਉਧਾਰ ਚੜ੍ਹ ਗਿਆ ਸੀ। ਪੈਸੇ ਦੇਣ ਦਾ ਕੋਈ ਨਾਂ ਨਹੀ ਸੀ ਲੈਂਦਾ। ਵਪਾਰ ਦਾ ਕੰਮ ਵੀ ਸਰਪੰਚੀ ਦਰਮਿਆਨ ਠੱਪਿਆ ਹੀ ਰਿਹਾ ਸੀ। ਗੁਦਾਮ ਖਾਲੀ ਪਿਆ ਸੀ। ਉਸਦੇ ਗੱਲੇ ਵਿਚ ਘਾਹ ਉੱਗਣ ਨੂੰ ਫਿਰਦਾ ਸੀ। ਉਸਦੀ ਘਰ ਵਾਲੀ ਨੇ ਆਪਣੇ ਭਰਾਵਾਂ ਨੂੰ ਸੱਦਕੇ ਪੂਰਨ ਸ਼ਾਹ ਤੇ ਦਬਾਅ ਪਾਇਆ ਕਿ ਉਹ ਸਰਪੰਚੀ ਨੂੰ ਦੱਫਾ ਕਰੇ ਤੇ ਆਪਣੇ ਘਰ ਦੇ ਕਾਰੋਬਾਰ ਵਲ ਤਵੱਜੋ ਦੇਵੇ। ਉਸਨੇ ਵੀ ਆਪਣੀ ਗਲਤੀ ਤੇ ਅਣਗਹਿਲੀ ਮਹਿਸੂਸ ਕੀਤੀ। ਜਿੰਨੀ ਨਾਤੀ ਉਹਨਾਂ ਪੁੰਨ। ਉਸਨੇ ਅਗਲੀ ਚੋਣ ਵਿਚ ਪਿੰਡ ਦੀ ਸਿਆਸਤ ਤੋਂ ਕਿਨਾਰਾਕਸ਼ੀ ਕਰ ਲਈ ਅਤੇ ਆਪਣੀ ਦੁਕਾਨ ਤੇ ਗੁਦਾਮ ਨੂੰ ਦੁਬਾਰਾ ਭਰਨਾ ਸ਼ੁਰੂ ਕਰ ਦਿੱਤਾ।

ਇਲਾਕੇ ਵਿਚ ਕੰਪਨੀ ਨੇ ਇਕ ਪੈਟਰੋਲ ਪੰਪ ਖੋਲ੍ਹਣਾ ਸੀ। ਇਹ ਪੰਪ ਕਿਸੇ ਹਰੀਜਨ ਦੇ ਨਾਂ ਖੁਲਣਾ ਸੀ। ਉਸਨੇ ਆਪਣੇ ਇਕ ਸਾਥੀ ਬੂੜ ਸਿੰਘ, ਜੋ ਕਿ ਮਜ਼ਬੀ ਸਿੱਖ ਸੀ, ਉਹਦੇ ਨਾਮ ਲਾਇੰਸਸ ਲੈ ਲਿਆ ਤੇ ਉਸ ਨਾਲ ਭਾਈਵਾਲੀ ਕਰ ਲਈ। ਜ਼ਮੀਨ ਤੇ ਇਮਾਰਤ ਦੀ ਉਸਾਰੀ ਲਈ ਸਾਰੇ ਪੈਸੇ ਪੂਰਨ ਸ਼ਾਹ ਨੇ ਹੀ ਲਾਏ ਸਨ ਪਰ ਬੈਂਕ ਦਾ ਖਾਤਾ ਤੇ ਕੰਪਨੀ ਦਾ ਖਾਤਾ, ਬੂੜ ਸਿੰਘ ਦੇ ਨਾਮ ਹੀ ਸੀ। ਬੂੜ ਸਿੰਘ ਪਹਿਲਾਂ ਕਚਿਹਰੀ ਵਿਚ ਸੇਵਾਦਾਰੀ ਦਾ ਕੰਮ ਕਰਦਾ ਸੀ, ਪੂਰਨ ਸ਼ਾਹ ਨੇ ਉਸ ਨੂੰ ਦਿਨਾਂ ਵਿਚ ਹੀ ਸਰਦਾਰ ਬੂੜ ਸਿੰਘ ਬਣਾ ਦਿੱਤਾ ਸੀ। ਬੂੜੇ ਦੀ ਖੁੱਚ ਹੁਣ ਵਧੇਰੇ ਹੀ ਉਠਦੀ ਸੀ ਤੇ ਉਹ ਪੋਚਵੀ ਪੱਗ ਬੰਨਣ ਲਗ ਪਿਆ ਸੀ। ਉਹ ਪੂਰਨ ਸ਼ਾਹ ਦਵਾਲੇ ਉਪ ਗ੍ਰਹਿ ਵਾਂਗ ਘੁੰਮਦਾ ਫਿਰਦਾ। ਪੈਟਰੋਲ ਪੰਪ, ਇਲਾਕੇ ਵਿਚ ਇਕੋ ਇਕ ਹੋਣ ਕਾਰਨ ਬਹੁਤ ਚੱਲਣ ਲੱਗਾ। ਪੰਪ ਤੇ ਬਹੁਤਾ ਬੂੜ ਸਿੰਘ ਹੀ ਬੈਠਦਾ ਸੀ। ਸ਼ਾਹ ਦਾ ਉਸਨੇ ਕਰਜ਼ਾ ਪਹਿਲੇ ਸਾਲ ਹੀ ਲਾਹ ਦਿੱਤਾ ਸੀ। ਕਿਉਂਕਿ ਸਭ ਕੁਛ ਬੂੜ ਸਿੰਘ ਦੇ ਨਾਂ ਤੇ ਹੀ ਚੱਲਦਾ ਸੀ, ਇਸ ਲਈ ਲੋਕਾਂ ਦੀ ਚੁਕਣਾ ਹੇਠ ਆ ਕੇ, ਉਸਦੀਆਂ ਅੱਖਾਂ ਫਿਰਨੀਆਂ ਸ਼ੁਰੂ ਹੋ ਗਈਆਂ। ਸ਼ਾਹ ਵੱਲ ਉਸਦਾ ਫੇਰਾ ਤੋਰਾ ਬਹੁਤ ਘਟ ਗਿਆ ਸੀ। ਹੁਣ ਉਹ ਕੇਵਲ ਪੰਪ ਤੇ ਹੀ ਮਿਲਦੇ ਸਨ।

ਇਕ ਦਿਨ ਪੰਪ ਉਤੇ ਬੂੜ ਸਿੰਘ ਤੇ ਉਸਦੇ ਸਾਲੇ ਬੈਠੇ ਦਾਰੂ ਖਿਚ ਰਹੇ ਸਨ ਤੇ ਮੌਜ ਮਸਤੀ ਕਰਦੇ ਹੋਏ ਖਰਮਸਤੀਆਂ ਕਰ ਰਹੇ ਸਨ। ਕੁਦਰਤੀ ਪੂਰਨ ਸ਼ਾਹ ਵੀ ਉਥੇ ਆ ਟਪਕਿਆ। ਵੇਖਿਆ ਕਿ ਅਗਲੇ ਕਮਰੇ ਦੇ ਮਗਰਲੇ ਪਾਸੇ ਕਮਰੇ ਵਿਚ ਬੂੜ ਸਿੰਘ ਆਪਣੇ ਸਾਲਿਆਂ ਨਾਲ ਦਾਰੂ ਨਾਲ ਗੜੂਚ ਸੀ। ਪੂਰਨ ਸ਼ਾਹ ਨੂੰ ਇਹ ਬਹੁਤ ਬੁਰਾ ਲੱਗਾ। ਉਹ ਖਿਝਿਆ ਹੋਇਆ ਕਹਿਣ ਲੱਗਾ, "ਬਈ ਇਹ ਕੀ ਹੋ ਰਿਹੈ ?" ਬੂੜ ਕੁਛ ਬੋਲਣ ਹੀ ਲੱਗਾ ਸੀ ਕਿ ਉਸਨੂੰ ਟੋਕ ਕੇ ਉਸ ਦੇ ਸਾਲਿਆਂ ਨੇ ਇਕੱਠੇ ਪੁਛਿਆ, " ਤੂੰ ਕੌਣ ਹੂੰਨਾ ਸਾਨੂੰ ਪੁਛਣ ਵਾਲਾ ? ਚੱਲ ਏਥੋਂ ਕੁੱਤਾ ਕਰਾੜਾ ਨਾ ਹੋਵੇ ਤਾਂ ! ਛਿੱਤਰ ਫੇਰਾਂਗੇ ਜੇ ਅੱਗੋ ਤੋਂ ਪੰਪ ਤੇ ਵੜਿਆਂ ਤਾਂ।" ਪੂਰਨ ਸ਼ਾਹ ਦੇ ਪੈਰਾਂ ਹੇਠੋਂ ਜਮੀਨ ਖਿਸਕ ਰਹੀ ਸੀ। ਲਾਗੇ ਬੂੜ ਸਿੰਘ ਅੱਖਾਂ ਟੱਡ ਕੇ ਉਹਨੂੰ ਘੂਰਦਾ ਹੋਇਆ ਨਾਸਾਂ ਫਲਾ ਰਿਹਾ ਸੀ। ਉਹ ਪਿੱਛੇ ਮੁੜ ਗਿਆ ਤੇ ਘੇਰਨੀ ਖਾ

ਕੇ ਲਾਗੇ ਹੀ ਡਿੱਗ ਪਿਆ। ਪੰਪ ਦੇ ਕਰਿੰਦੀਆਂ ਨੇ ਉਹਦੇ ਮੂੰਹ ਵਿਚ ਪਾਣੀ ਪਾਇਆ ਤੇ ਹੌਲੀ ਹੌਲੀ ਉਹਨੂੰ ਆਸਰਾ ਦੇ ਕੇ ਘਰ ਛੱਡ ਆਏ। ਉਹ ਜਦੋਂ ਫਿਰ ਪੰਪ ਵਾਲੀਆਂ ਗੱਲਾਂ ਯਾਦ ਕਰਦਾ ਤਾਂ ਉਸਨੂੰ ਫਿਰ ਤਰੇਲੀਆਂ ਆਉਣ ਲੱਗੀਆ। ਹੁਣ ਉਹ ਅੰਦਰੋਂ ਟੁੱਟ ਚੁੱਕਾ ਸੀ। ਕੇਸ ਪੁਲਿਸ ਕੋਲ ਗਿਆ। ਬੂੜ ਸਿੰਘ ਨੇ ਪੂਰਨ ਸ਼ਾਹ ਦੀ ਭਾਈ ਵਾਲੀ ਤੋਂ ਸਾਫ ਇਨਕਾਰ ਕੀਤਾ ਤੇ ਉਸਨੂੰ ਭਾਈਵਾਲੀ ਦਾ ਕੋਈ ਸਬੂਤ ਦੇਣ ਲਈ ਆਖਿਆ। ਕਾਗਜ਼ ਤੇ ਕਾਨੂੰਨ ਬੂੜ ਸਿੰਘ ਦੇ ਨਾਲ ਸਨ। ਅਖੀਰ ਯਾਰਾਂ ਦੋਸਤਾਂ ਨੇ ਵਿਚ ਪੈ ਕੇ ਉਸਨੂੰ ਲੱਗੇ ਪੈਸੇ ਹੀ ਵਾਪਿਸ ਕਰਵਾਏ। ਹੱਥੀ ਤੋਰੇ ਸੱਜਣਾ ਨੂੰ ਨਾਲੇ ਯਾਦ ਕਰਾਂ ਨਾਲੇ ਰੋਵਾਂ।

ਪਰ ਪੂਰਨ ਸ਼ਾਹ ਦਿਲ ਛੱਡਣ ਵਾਲਾ ਨਹੀਂ ਸੀ। ਉਹ ਬੀਤੇ ਉੂਪਰ ਝੂਰਨ ਵਾਲਾ ਨਹੀਂ ਸੀ ਜੰਮਿਆਂ। ਉਹ ਭਾਵੇਂ ਭਾਈਵਾਲੀ ਵਿਚ ਢਠਿਆ ਸੀ ਪਰ ਹਾਲੇ ਨਿਸਲ ਨਹੀਂ ਸੀ ਹੋਇਆ। ਉਸ ਸਾਲ ਪਿੰਡ ਲਾਗੇ ਲੰਘਦੀ ਡਰੇਨ ਵਿਚ ਬਹੁਤਾ ਮੀਂਹ ਪੈਣ ਕਾਰਨ ਬਹੁਤ ਜ਼ਬਰਦਸਤ ਹੜ੍ਹ ਆਏ। ਲੋਕਾਂ ਦੇ ਕੋਠੇ ਕੁਲੇ ਢਹਿ ਗਏ ਤੇ ਸਾਰੀਆਂ ਫ਼ਸਲਾਂ ਨਸ਼ਟ ਹੋ ਗਈਆਂ। ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪੂਰਨ ਸ਼ਾਹ ਨੇ ਪਿੰਡ ਦੇ ਸਰਕਾਰੀ ਸਕੂਲ ਵਿਚ ਇਕ ਭਾਰੀ ਸਭਿਆਚਾਰਕ ਪ੍ਰੋਗਰਾਮ ਕੀਤਾ। ਕਲਾਕਾਰਾਂ ਨੂੰ ਮੂੰਹ ਮੰਗੇ ਪੈਸੇ ਦੇਣੇ ਕੀਤੇ ਗਏ। ਇਸ ਲਈ ਟਿਕਟਾਂ ਦਾ ਪ੍ਰਬੰਧ ਕੀਤਾ ਗਿਆ। ਪਰ ਟਿਕਟਾਂ ਘੱਟ ਵਿਕਣ ਕਾਰਨ ਪੂਰਨ ਤੇ ਉਸਦੇ ਸਾਥੀਆਂ ਨੂੰ ਪੈਸੇ ਕੋਲੋਂ ਪਾਉਣੇ ਪਏ। ਹਜ਼ਾਰਾਂ ਰੁਪੈ ਪੂਰਨ ਨੂੰ ਕੋਲੋਂ ਦੇਣੇ ਪਏ। ਉਸਨੇ ਹੜ੍ਹ ਪੀੜਤਾਂ ਦੀ ਸੇਵਾ ਕਰਨੀ ਸੀ ਪਰ ਕਲਾਕਾਰਾ ਹੀ ਸੇਵਾ ਕਰਵਾ ਕੇ ਚੱਲਦੇ ਬਣੇ। ਪੂਰਨ ਸ਼ਾਹ ਫਿਰ ਦਿਲਗੀਰੀ ਹੋਇਆ। ਘਰ ਤੇ ਪਿੰਡ ਵਾਲੇ ਪਹਿਲਾਂ ਹੀ ਉਸਨੂੰ ਪੰਗੇਬਾਜ਼ ਕਹਿੰਦੇ ਸਨ। ਘਰ ਵਾਲਿਆਂ ਨੂੰ ਉਹਦੇ ਕੀੜੇ ਕੱਢਣ ਦਾ ਮੌਕਾ ਮਿਲ ਗਿਆ। ਪਿੰਡ ਵਿਚ ਉਹ ਲੋਕ, ਜਿੰਨਾ ਦਾ ਧੇਲੇ ਦਾ ਨੁਕਸਾਨ ਨਹੀਂ ਸੀ ਹੋਇਆ ਉਹ ਵੀ ਪੂਰਨ ਨੂੰ ਪੰਗੇਬਾਜ਼ ਕਹਿ ਕੇ ਭੰਡਣ ਲੱਗੇ। ਉਸਨੇ ਨਾਲੇ ਆਪਣਾ ਘਰ ਗਵਾਇਆ ਤੇ ਨਾਲ ਹੀ ਉਹ ਭੜੂਆ ਅਖਵਾਇਆ। ਇਸ ਘਟਨਾ ਬਾਅਦ ਉਸਦੇ ਮੁੰਡਿਆਂ ਨੇ ਸਾਰੇ ਕਾਰੋਬਾਰ ਦੀ ਵਾਗ ਡੋਰ ਆਪ ਸੰਭਾਲ ਲਈ ਤੇ ਉਸਨੂੰ ਘਰ ਦੀ ਨੰਬਰਦਾਰੀ ਦਾ ਕਮਰਕੱਸਾ ਲਾਹੁਣ ਦੀ ਨਸੀਹਤ ਦਿੱਤੀ ਅਤੇ ਅੱਗੇ ਤੋਂ ਵਾਹਿਗੁਰੂ ਵਾਹਿਗੁਰੂ ਕਰਨ ਦੀ ਨਸੀਹਤ ਵੀ ਦਿੱਤੀ। ਪੂਰਨ ਵਿਚਾਰੇ ਨੂੰ ਇਹ ਨਸੀਹਤ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਕਿਸਮਤ ਦੀਆਂ ਫੇਟਾਂ ਸਹਿੰਦਾ। ਉਹ ਆਖਿਰ ਢੇਰੀ ਢਾਹ ਕੇ ਬੈਠ ਗਿਆ। ਖੋਤੀ ਓੜਕ ਬੋਹੜਾਂ ਹੇਠ ਆ ਕੇ ਬੈਠ ਗਈ। ਲੌਟ ਕੇ ਬੁੱਧੂ ਘਰ ਨੂੰ ਆਏ। ਵਿਚਾਰਾ ਪੂਰਨ।

# ਛੜਾ ਮਾਸਟਰ

ਮਾਸਟਰ ਸ਼ਮਸ਼ੇਰ ਸਿੰਘ ਕਦ ਦਾ ਮਧਰਾ, ਰੰਗ ਦਾ ਸਾਂਵਲਾ, ਬਨਾਉਟੀ ਨੈਣ-ਨਕਸ਼ਾਂ ਤੇ ਫੀਨੇ ਨੱਕ ਵਾਲਾ ਸੀ। ਉਹ ਜਦੋਂ ਉੱਚੀ ਬੋਲਦਾ ਤਾਂ ਨੱਕ ਵਿਚੋਂ ਸੀਟੀ ਵਜਦੀ ਸੀ, ਜਿਹੜੀ ਉਹਦੀ ਬਰੀਕ ਤੇ ਸੁਰੀਲੀ ਆਵਾਜ਼ ਨਾਲ ਰਲਕੇ ਉਸਦੀ ਬਣੀ ਨੂੰ ਸੰਗੀਤਮਈ ਬਣਾ ਦਿੰਦੀ ਸੀ। ਉਸਨੂੰ ਵੇਖਣ ਵਾਲੇ ਇਹ ਅੰਦਾਜ਼ਾ ਨਹੀਂ ਲਗਾ ਸਕਦੇ ਸਨ ਕਿ ਉਹ ਕਿਹੜੀ ਨਸਲ ਦਾ ਹੈ ? ਆਰੀਅਨ, ਦਰਾਵੜ ਜਾਂ ਮੰਗੋਲ ? ਜਾਂ ਇਹਨਾਂ ਸਭਨਾਂ ਦਾ ਮਿਸ਼ਰਣ। ਕੁਦਰਤ ਨੇ ਉਸਨੂੰ ਇਸ ਢੰਗ ਨਾਲ ਸਿਰਜਿਆ ਸੀ ਕਿ ਉਹ ਭਾਵੇਂ ਭਾਰਤ ਦੇ ਕਿਸੇ ਕੋਨੇ ਵਿਚ ਵੀ ਫਿਰੇ, ਲੋਕੀਂ ਇਹੀ ਪੁੱਛਦੇ ਸੁਣੀਂਦੇ ਸਨ, "ਤੁਸੀ ਕਿਹੜੇ ਮੁਲਕ ਦੇ ਵਾਸੀ ਜੇ ਪੁੱਛਣਾ ?"

ਉਸਦੀ ਮਾਂ ਕੁਦੇਸਣ ਸੀ। ਉਸ ਦੇ ਘਰ ਗਰੀਬੀ ਸੀ। ਪਿਤਾ ਸ਼ਹਿਰ ਇਕ ਕਾਰਖਾਨੇ ਵਿਚ ਮਾੜਾ ਮੋਟਾ ਕੰਮ ਕਰਦਾ ਸੀ। ਉਹ ਭਾਵੇਂ ਜੱਟ ਸੀ ਪਰ ਹੈ ਬੇਜ਼ਮੀਨਾ। ਇਸ ਕਰਕੇ ਸ਼ਮਸ਼ੇਰ ਦਾ ਵਿਆਹ ਹੋਣਾ ਮੁਸ਼ਕਿਲ ਸੀ। ਉਹ ਪੜ੍ਹਾਈ ਵਿਚ ਤੇਜ ਸੀ, ਇਸ ਲਈ ਉਸਨੇ ਦਸਵੀਂ ਪਾਸ ਕਰਕੇ, ਗਿਆਨੀ ਉ.ਟੀ ਕਰਕੇ ਪੰਜਾਬੀ ਮਾਸਟਰ ਲੱਗ ਗਿਆ। ਉਸਨੂੰ ਨੌਕਰੀ ਲੱਗਾ ਵੇਖਕੇ ਕੁੜੀਆਂ ਵਾਲੇ ਉਸ ਵੱਲ ਫੇਰੇ ਮਾਰਨ ਲੱਗੇ। ਕੁੜੀ ਵਾਲੇ ਜਦੋਂ ਉਹਦੇ ਦਰਸ਼ਨ ਕਰਦੇ ਤਾਂ ਅੱਧਾ ਕੁ ਖਿਆਲ ਤਿਆਗ ਛੱਡਦੇ ਸਨ ਤੇ ਅੱਧਾ ਕੁ ਉਂਦੋ ਤਿਆਗਿਆ ਜਾਂਦਾ ਜਦੋਂ ਪਤਾ ਲੱਗਦਾ ਕਿ ਉਸਦੀ ਕੋਈ ਪੈਲੀ ਬੰਨਾ ਨਹੀਂ। ਇਸ ਤਰ੍ਹਾ ਮਹੀਨੇ ਦੋ ਮਹੀਨੀਂ ਉਸਦੇ ਰਿਸ਼ਤੇ ਦੀ ਗੱਲਬਾਤ ਬੜੀ ਸ਼ਿਦਤ ਨਾਲ ਤੁਰਦੀ ਤੇ ਛੇਤੀ ਹੀ ਸਾਬਣ ਦੀ ਝੱਗ ਵਾਂਗ ਬੈਠ ਜਾਂਦੀ। ਕਰਕਤਰ ਕੇ ਖੋਤੀ ਬੋਹੜਾਂ ਹੇਠ ਹੀ ਆਣ ਬਹਿੰਦੀ।

ਇਸ ਤਰ੍ਹਾ ਕਈ ਪ੍ਰੀਖਿਆਵਾਂ ਵਿਚੋਂ ਗੁਜ਼ਾਰਦੇ ਹੋਇਆ ਉਹ ਪੈਂਤੀ ਸਾਲ ਦਾ ਹੋ ਗਿਆ। ਮੁੰਡੇ ਉਸਨੂੰ ਛੜਾ ਮਾਸਟਰ ਕਹਿਣ ਲੱਗ ਪਏ ਸਨ। ਇਕ ਦਿਨ ਉਹ ਬਾਕੀ ਮਾਸਟਰਾਂ ਵਾਂਗ, ਅੱਧੀ ਛੁੱਟੀ ਵੇਲੇ ਸਟਾਫ ਰੂਮ ਵਿਚ ਬੈਠਾ ਸੁਸਤਾ ਰਿਹਾ ਸੀ। ਇਕ ਮਾਸਟਰ ਨੇ ਮਾਹੌਲ ਗਰਮ ਕਰਨ ਲਈ ਉਹਨੂੰ ਪੁਛਿਆਂ, "ਸ਼ਮਸ਼ੇਰ ਸਿਆਂ ਕੀ ਗੱਲ ਹਾਲੇ ਤੱਕ ਵਿਆਹ ਦੇ ਗੇੜ ਵਿਚ ਪੈਣ ਦਾ ਇਰਾਦਾ ਨਹੀਂ ? ਉਸਨੇ ਗੋਲ ਮੋਲ ਜਵਾਬ ਦੇ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਪਰ ਦੂਜਾ ਮਾਸਟਰ ਖਚਰਾ ਹੋਣ ਕਰਕੇ ਗੱਲ ਨੂੰ ਇਸ ਤਰ੍ਹਾ ਠੰਡਿਆਂ ਨਹੀਂ ਸੀ ਪੈਣ ਦੇਣਾ ਚਾਹੁੰਦਾ। ਉਹ ਬੋਲਿਆਂ, "ਭਰਾ ਜ਼ਰਾ ਖੁਲਕੇ ਦੱਸ, ਅਸੀਂ ਤੇਰੇ ਦੋਸਤ ਆਂ ਦੋਖੀ ਤਾਂ ਨਹੀਂ ?" ਉਹ ਬੋਲਿਆ, "ਦਰਅਸਲ ਕੁਝ ਕੁੜੀਆਂ ਵਾਲੇ ਮੇਰੇ ਕੋਲ ਦੇਰ ਨਾਲ ਆਏ ਅਤੇ ਕੁਝ ਕੋਲ

ਮੈਂ ਦੇਰ ਨਾਲ ਗਿਆ। ਇਸ ਤਰ੍ਹਾ ਗੱਲ ਆਈ ਗਈ ਹੋ ਗਈ। ਜੇਕਰ ਮੈਂ ਕਹਾਂ ਕਿ ਮੈਨੂੰ ਕੋਈ ਵੇਖਣ ਨਹੀਂ ਆਇਆਂ ਤਾਂ ਮੇਰੀ ਬੇਇਜ਼ਤੀ ਵਾਲੀ ਗੱਲ ਐ। ਜੇਕਰ ਮੈਂ ਕਹਾਂ ਕਿ ਮੈਨੂੰ ਕੋਈ ਲੜਕੀ ਪਸੰਦ ਨਹੀਂ ਆਈ ਤਾਂ ਲੋਕੀ ਕਹਿਣਗੇ ਕਿ ਤੂੰ ਬੜਾ ਯੂਸਫ ਏ ! ਵਾਧੂ ਤੁਰੇ ਫਿਰਦੇ ਨੇ ਤੇਰੇ ਵਰਗੇ ਕਾਕਰੋਚ ! ਜੇਕਰ ਮੈਂ ਕਹਾ ਕਿ ਮੈ ਕਿਸੇ ਨੂੰ ਵੇਖਣ ਹੀ ਨਹੀਂ ਗਿਆ ਤਾਂ ਲੋਕੀ ਆਖਣਗੇ, "ਬੜੀ ਆਕੜ ਏ ਤੇਰੇ ਵਿਚ, ਸੱਤਾਂ ਕੋਹੜਿਆਂ ਜਿੰਨੀ ! ਹੁਣ ਭਰਾਉ ਤੁਸੀ ਹੀ ਦੱਸੋ ਕਿ ਮੈਂ ਕੀ ਕਰਾਂ ?"

ਇਕ ਮਾਸਟਰ ਨੇ ਕਿਹਾ ਕੋਈ ਵੇਖਣ ਵਖਾਉਣ ਦੀ ਘਟਨਾ ਸੁਣਾ ! ਉਸਨੇ ਗੱਲ ਜਾਰੀ ਰੱਖਦੇ ਹੋਏ ਆਖਿਆ, "ਇਕ ਵਾਰੀ ਇਕ ਚੰਗਾ ਭਲਾ ਜੱਟ ਆਪਣੀ ਕੁੜੀ ਲੈ ਕੇ ਸਾਡੇ ਇਕ ਰਿਸ਼ਤੇਦਾਰ ਦੇ ਘਰ ਆਇਆ। ਅਸੀਂ ਵੀ ਘਰ ਵਾਲੇ ਉਥੇ ਪਹੁੰਚੇ। ਉਹ ਰਿਸ਼ਤੇਦਾਰ ਜੋ ਮੇਰੀ ਕੁ ਉਮਰ ਦਾ ਸੀ, ਵਿਚ ਪੈ ਕੇ ਰਿਸ਼ਤਾ ਕਰਵਾ ਰਿਹਾ ਸੀ। ਅਸੀਂ ਸਭਨਾਂ ਨੇ ਚਾਹ ਪਾਣੀ ਪੀਤਾ ਤੇ ਰਿਸ਼ਤੇ ਬਾਰੇ ਇਕ ਦੂਜੇ ਕੋਲੋਂ ਪੁੱਛਗਿੱਛ ਹੋਣ ਲੱਗੀ। ਸਾਕ ਸਕੀਰੀਆਂ ਨਿਕਲਣ ਲੱਗੀਆਂ। ਲੜਕੀ ਨੂੰ ਪੁਛਿਆਂ ਗਿਆਂ ਕਿ ਤੈਨੂੰ ਲੜਕਾ ਪਸੰਦ ਐ। ਉਸਨੇ ਸਿਰ ਹਿਲਾਕੇ ਹਾਂ ਵਿਚ ਜਵਾਬ ਦਿੱਤਾ। ਮੈਨੂੰ ਪੁਛਿਆਂ ਕਿ ਤੂੰ ਦੱਸ। ਅੰਨਾਂ ਕੀ ਭਾਲੇ ਦੋ ਅੱਖਾਂ। ਮੈਂ ਉਸ ਨਾਲੋ ਵੱਧ ਸਿਰ ਹਿਲਾਕੇ ਹਾਂ ਕੀਤੀ। ਦੋਹਵਾਂ ਧਿਰਾਂ ਵਿਚ ਖੁਸ਼ੀ ਦੀ ਲਹਿਰ ਫੈਲ ਗਈ। ਮੇਰੇ ਪਿਤਾ ਨੇ ਮੈਨੂੰ ਆਖਿਆਂ ਕਿ ਮੈਂ ਕੁੜੀ ਨਾਲ ਪੰਜ ਮਿੰਟ ਗੱਲ ਬਾਤ ਕਰ ਲਵਾਂ ਤਾਂ ਕਿ ਸ਼ਕ ਸ਼ੁਬੇ ਦੂਰ ਹੋ ਜਾਣ। ਮੈਂ ਉਠਕੇ ਲੜਕੀ ਵੱਲ ਗਿਆ। ਉਹ ਪਰੇ ਬੈਠੀ ਸੀ। ਮੈਨੂੰ ਵੇਖਕੇ ਉਹ ਹੋਰ ਪਰੇ ਹੋ ਗਈ। ਮੈਂ ਥੋੜ੍ਹਾ ਜਿਹਾ ਹੋਰ ਅੱਗੇ ਵਧਿਆ, ਉਹ ਹੋਰ ਪਰੇ ਹੋ ਗਈ। ਮੈਂ ਛਿੱਥਾ ਜਿਹਾ ਹੋ ਗਿਆ। ਬਾਕੀ ਸਭ ਗੱਲਾਂ ਬਾਤਾਂ ਕਰਨ ਵਿਚ ਮਸਰੂਫ ਸਨ। ਮੈਂ ਹਾਰ ਕੇ ਵਾਪਿਸ ਆਪਣੀ ਕੁਰਸੀ ਤੇ ਆ ਬੈਠਾ। ਪਿਤਾ ਨੇ ਪੁਛਿਆ, "ਸੁਣਾ ! ਕਰ ਲਈ ਗੱਲਬਾਤ ?" ਮੈਂ ਖਿਝਕੇ ਆਖਿਆਂ, " ਉਹ ਕਿਤੇ ਖਲੋਂਦੀ ਹੀ ਨਹੀਂ, "ਪਰੇ ਹੀ ਪਰੇ ਹੱਟੀ ਜਾਂਦੀ ਐ ਮੈਂ ਗੱਲ ਸੁਆਹ ਕਰਾਂ।" ਜਦ ਲੜਕੀ ਨੂੰ ਪਰੇ ਜਾਣਦਾ ਕਾਰਨ ਪੁਛਿਆ ਗਿਆ ਤਾਂ ਉਹ ਵੀ ਖਿਝਕੇ ਬੋਲੀ, "ਮੈਂ ਤਾਂ ਉਹਨੂੰ (ਮੇਰੇ ਰਿਸ਼ਤੇਦਾਰ ਨੂੰ) ਪਸੰਦ ਕੀਤੈ, ਏਹ ਕੌਣ ਧਮੱਕੜ ਜਿਹਾ ਮੇਰੇ ਮਗਰ ਮਗਰ ਤੁਰਿਆਂ ਆਉਂਦੈ ਵੈਂ। ਇਹ ਕੌਣ ਐ ?"

"ਲਉ ਜੀ, ਗੱਲ ਉਥੇ ਹੀ ਟੁੱਟ ਗਈ। ਮੇਰਾ ਰਿਸ਼ਤੇਦਾਰ ਤਾਂ ਬਾਲ ਬਚਿਆ ਵਾਲਾ ਸੀ। ਉਹ ਤਾਂ ਵਿਚੋਲਗੀ ਕਰਨ ਲੱਗਾ ਸੀ। ਉਹ ਕੁੜੀ ਉਹਦੇ ਨਾਲ ਵਿਆਹ ਕਰਾਉਣ ਲਈ ਤਿਆਰ ਹੋ ਗਈ ਸੀ। ਵਾਹ ਉਏ ਰੱਬਾ ਕਿਸੇ ਨੂੰ ਕੋਈ ਵੀ ਨਾ ਤੇ ਕਿਸੇ ਨੂੰ ਦੋ ਦੋ। ਸਾਡੀ ਤਾਂ ਕਿਸਮਤ ਈ ਚੱਵਲ ਐ।" ਇਸ ਤਰ੍ਹਾ ਇਹ ਰਿਸ਼ਤਾ ਵੀ ਅੱਧ ਵਿਚਾਲੇ ਹੀ ਟੁੱਟ ਗਿਆ। ਦੋਵੇਂ ਪਾਰਟੀਆਂ, ਇਕ ਦੂਜੇ ਨੂੰ ਕੋਸਦੀਆਂ ਆਪਣੇ ਠਿਕਾਣਿਆਂ ਤੇ ਪਹੁੰਚੀਆਂ। ਕੋਈ ਕਿਸੇ ਦਾ ਦੁੱਖ ਵੰਡਾਉਣ ਵਾਲਾ ਨਹੀਂ ਸੀ। ਸ਼ਮਸ਼ੇਰ ਸਿੰਘ ਉਪਰ ਤਰਸ ਤਾਂ ਸਾਰੇ ਕਰ ਰਹੇ ਸਨ ਪਰ ਉਸਦੀ ਮਦਦ ਤਾਂ ਸਾਰੇ ਹੀ ਕਰਨਾ ਚਾਹੁੰਦੇ ਸਨ ਤਾਂ ਕਿ ਉਸਦਾ ਘਰ ਵੱਸ ਜਾਏ। ਪਰ ਹਰ ਵਾਰੀ ਕੋਈ ਨਾ ਕੋਈ ਪੰਗਾ ਪੈ ਜਾਂਦਾ ਸੀ।

ਇਹ ਵਾਰਦਾਤ ਸੁਣਾ ਕੇ ਸ਼ਮਸ਼ੇਰ ਉਦਾਸ ਜਿਹਾ ਹੋ ਗਿਆ ਸੀ। ਉਸਦੀ ਉਦਾਸੀ ਤੋੜਨ ਲਈ ਇਕ ਮਾਸਟਰ ਨੇ ਕਿਹਾ, "ਸ਼ਮਸ਼ੇਰ ਸਿਆਂ ਤੂੰ ਦਿਲ ਨਾ ਛੱਡ, ਵਾਹਿਗੁਰੂ ਦੇ ਘਰ ਵਿਚ ਦੇਰ ਐ, ਅੰਧੇਰ ਨਹੀਂ। ਹੋਰ ਕੋਈ ਘਟਨਾ ਸੁਣਾ!" ਉਹ ਬੋਲਿਆਂ ਘਟਨਾਵਾਂ ਤਾਂ ਬਥੇਰੀਆਂ ਨੇ, ਪਰ ਨਤੀਜਾ ਬਾਅਦ ਉਹੀ ਠੁੱਸ! ਕੰਮ ਘੜਿਚ! ਇਸੇ ਤਰ੍ਹਾ ਇਕ ਵਾਰੀ ਮੇਰੀ ਵੇਖ– ਵਖਾਈ ਇਕ ਹੋਟਲ ਵਿਚ ਹੋਈ। ਮੇਰੇ ਪਿਤਾ ਜੀ ਵੀ ਬਣ ਠੱਣ ਕੇ ਆਏ ਤਾਂ ਕਿ ਬਣਨ ਵਾਲੇ ਕੁੜਮਾ ਤੇ ਚੰਗਾ ਪ੍ਰਭਾਵ ਪਵੇ। ਮੇਰੀ ਸ਼ਕਲ ਮੇਰੀ ਮਾਂ ਕਦੇਸਣ ਤੇ ਐ ਤੇ ਮੇਰੇ ਪਿਤਾ ਜੀ ਸੋਹਣੇ ਸੁਨੱਖੇ ਸਰਦਾਰ ਸਨ। ਦੋਹਵੇਂ ਪਾਰਟੀਆਂ ਮੇਜਾਂ ਦਵਾਲੇ ਇਕੱਠੀਆਂ ਹੋ ਕੇ ਚਾਹ ਦੀਆਂ ਚੁਸਕੀਆਂ ਲਾਉਣ ਲੱਗੇ। ਖੂਬ ਗੱਪਾਂ ਛੱਪਾਂ ਵੱਜੀਆਂ। ਲੜਕੀ ਨੂੰ ਪੁਛਿਆਂ ਗਿਆ। ਉਸਨੇ ਹਾਂ ਕਰ ਦਿੱਤੀ ਕਿਉਂਕਿ ਉਹ ਦਵਾਜੂ ਸੀ। ਉਸਦਾ ਘਰ ਵਾਲਾ ਫੌਜੀ ਪਾਕਿਸਤਾਨ ਲੜਾਈ ਵੇਲੇ ਮਾਰਿਆਂ ਗਿਆਂ ਸੀ। ਦੋਹਵੇਂ ਪਾਰਟੀਆਂ ਖੁਸ਼ ਹੋਈਆਂ ਕਿ ਚੱਲੋ ਗੱਲ ਤਾਂ ਆਖਿਰ ਕਿਸੇ ਟਿਕਾਣੇ ਪਹੁੰਚੀ ਐ। ਮੈਂ ਰੱਬ ਦਾ ਸੌ ਸੌ ਸ਼ੁਕਰੀ ਕੀਤਾ ਲੜਕੀ ਮੈਨੂੰ ਬਹੁਤ ਜਚੀ ਸੀ। ਮੈਂ ਸੋਚਦਾ ਸਾਂ ਕਿ ਅੱਜ ਰੱਬ ਕਿੱਥੇ ਏਹਨਾ ਦਿਆਲ ਹੋ ਗਿਆ ਏ? ਪਰ ਸਾਡੀ ਕਿਸਮਤ ਵਿਚ ਘਰ ਵਾਲੀ ਕਿੱਥੇ? ਦਰਿਆਫਤ ਕੀਤੀ ਗਈ। ਵੇਰਵਾ ਕਢਿਆ ਗਿਆ ਤਾਂ ਪਤਾ ਲੱਗਾ ਕਿ ਉਹ ਬੀਬੀ ਮੇਰੇ ਬਾਪੂ ਨੂੰ ਪਸੰਦ ਕਰੀ ਬੈਠੀ ਸੀ। ਮੇਰੇ ਵੱਲ ਕਦੀ ਕਦੀ ਤੱਕਦੀ ਸੀ। ਪਰ ਉਪਰਾ ਉਪਰਾ ਜਿਹਾ। ਗੱਲ ਭਾਵੇਂ ਮਜ਼ਾਕ ਵਿਚ ਪੈ ਗਈ। ਸਾਰੇ ਹੱਸ ਹੱਸ ਦੂਰੇ ਹੋ ਗਏ। ਪਰ ਅੰਦਰੋਂ ਮੈਂ ਤੇ ਮੇਰਾ ਪਿਤਾ ਵਿਚਾਰਾ ਰੋ ਰਹੇ ਸਾਂ। ਸਾਡੀ ਡਾਹਢੀ ਦੁਰਗਤ ਹੋਈ ਸੀ।

ਸ਼ਮਸ਼ੇਰ ਸਿੰਘ ਰੋਣ ਹਾਕਾ ਹੋ ਗਿਆ ਸੀ। ਇਕ ਹੋਰ ਮਾਸਟਰ ਨੇ ਕਿਹਾ, " ਸ਼ਮਸ਼ੇਰ ਅੱਜ ਤੂੰ ਦਿਲ ਹੌਲਾ ਕਰ ਈ ਲੈ। ਦੁੱਖ ਦੱਸਣ ਨਾਲ ਦਿਲ ਹੌਲਾ ਹੋ ਜਾਂਦੈ। ਉਭਾਸਰ ਕੇ ਦਿਲ ਹੌਲਾ ਫੁੱਲ ਹੋ ਜਾਂਦੈ। ਉਸਦਾ ਵੀ ਮੂਡ ਬਣਿਆ ਹੋਇਆ ਸੀ। ਉਹ ਬੋਲਿਆ, "ਭਰਾਉ ਤੁਹਾਥੋਂ ਕਾਹਦਾ ਲੁਕਾ ਏ? ਇਕ ਵਾਰੀ ਮੇਰੀ ਮਾਸੀ ਨੇ ਇਕ ਜਵਾਨ ਕੁੜੀ ਦੀ ਦੱਸ ਪਾਈ। ਕੁੜੀ ਵਾਲੇ ਮੇਰੀ ਨੌਂਕਰੀ ਵੇਖ ਕੇ ਵੇਖਣ ਆ ਗਏ। ਉਹ ਗਰੀਬ ਸਨ, ਸਾਡੇ ਨਾਲੋਂ ਵੀ। ਮਾਸੀ ਦੇ ਘਰ ਹੀ ਵੇਖ –ਵਖਾਲਾ ਹੋਇਆ। ਰਿਸ਼ਤੇਦਾਰ ਆਪਸ ਵਿਚ ਗੱਪ ਸ਼ੱਪ ਤੇ ਖਿਆਲ ਤਬਾਦਲਾ ਕਰਦੇ ਰਹੇ ਤੇ ਮੈਂ ਕੁੜੀ ਵੱਲ ਟਿਕ ਟਿਕੀ ਲਗਾ ਕੇ ਵੇਖੀ ਜਾ ਰਿਹਾ ਸੀ। ਉਹ ਵੀ ਮੇਰੇ ਵਲ ਵੇਖਕੇ ਮੁਸਕਰਾ ਰਹੀ ਸੀ। ਅਖੀਰ ਲੜਕੀ ਨੂੰ ਉਹਦੀ ਮਰਜ਼ੀ ਬਾਰੇ ਪਾਸੇ ਲਿਜਾਕੇ ਪੁੱਛਿਆ ਗਿਆ। ਉਸਨੇ ਬੜੇ ਨਿਝੱਕ ਹੋ ਕੇ ਸਾਡੇ ਸਾਹਮਣੇ ਖਲੋਕੇ ਆਖਿਆ, "ਅੰਕਲ ਜੀ ਤੁਸੀਂ ਲੜਕੇ ਨੂੰ ਤਾਂ ਲੈ ਕੇ ਹੀ ਨਹੀਂ ਆਏ। ਤੁਹਾਨੂੰ ਤਾਂ ਸਾਡੀਆਂ ਆਂਟੀਆਂ ਨੇ ਪਹਿਲਾਂ ਹੀ ਪਸੰਦ ਕੀਤਾ ਹੋਇਆ ਏ। ਲੜਕਾ ਸਾਹਮਣੇ ਆਊ ਤਾਂ ਮੈਂ ਆਪਣੀ ਪਸੰਦ ਦੱਸਾਂਗੀ।" ਇਹ ਕਹਿਕੇ ਉਹ ਪਿੱਛੇ ਹੱਟ ਕੇ ਖਲੋ ਗਈ ਅਸੀ ਸਾਰੇ ਸ਼ਰਮਿੰਦੇ ਹੋ ਗਏ। ਮਾਸੀ ਸਾਡੀ ਵੀ ਲੜਕ਼ੀ ਨੂੰ ਸਮਝਾ ਰਹੀ ਸੀ ਪਰ ਲੜਕੀ ਦੀਆਂ ਦਲੀਲਾਂ ਨੂੰ ਉਹ ਪੂਰੀ ਤਰ੍ਹਾ ਕਾਟ ਨਹੀਂ ਕਰ ਸਕਦੀ ਸੀ। ਦੋਹਵੇਂ ਪਾਸੇ ਘੁਸਰ ਮੁਸਰ ਹੁੰਦੀ ਰਹੀ ਤੇ ਫਿਰ ਮਾਮਲੇ ਨੂੰ ਮੁਲਤਵੀ ਕਰਕੇ

ਸਾਰੇ ਘਰਾਂ ਨੂੰ ਪਰਤਣ ਲੱਗੇ। ਇਸ ਤੋਂ ਬਾਅਦ ਕੋਈ ਲੜਕੀ ਵੇਖਣ ਦੀ ਮੇਰੀ ਹਿੰਮਤ ਨਾ ਪਈ। ਵਿਆਹ ਦਾ ਮਾਮਲਾ ਸਭ ਖੂਹ ਖਾਤੇ ਪੈ ਗਿਆ ਤੇ ਆਪਾਂ ਕਮਰਕਸਾਂ ਲਾਹ ਕੇ ਅਰਾਮ ਨਾਲ ਘਰੇ ਬੈਠ ਗਏ।

ਪਰ ਰਿਸ਼ਤੇਦਾਰ ਕਿੱਥੇ ਬੈਠਣ ਦਿੰਦੇ ਨੇ। ਮੇਰੀ ਵੱਡੀ ਭੈਣ ਮੇਰਾ ਘਰ ਅਬਾਦ ਹੋਇਆ ਵੇਖਣਾ ਚਾਹੁੰਦੀ ਸੀ। ਉਹਨਾਂ ਨੇ ਇਕ ਗਵਾਂਢ ਇਕ ਜਨਾਨੀ ਸੀ। ਨਾਂ ਉਹ ਵਿਆਹੀ ਨਾ ਉਹ ਕੁਆਰੀ। ਉਸਦਾ ਘਰ ਵਾਲਾ ਉਸ ਨਾਲ ਵਿਆਹ ਕਰਵਾ ਕੇ, ਆਪ ਕਨੇਡਾ ਚੱਲਾ ਗਿਆ ਸੀ ਤੇ ਫਿਰ ਕਦੀ ਵੀ ਨਾ ਆਇਆ। ਉਸਦੇ ਇਕ ਲੜਕਾ ਹੋਇਆ ਸੀ, ਜੋ ਬਾਅਦ ਵਿਚ ਪੂਰਾ ਹੋ ਗਿਆ ਸੀ। ਉਹ ਜਨਾਨੀ ਮੇਰੀ ਭੈਣ ਦੇ ਕਹੇ ਕਹਾਏ ਮੈਨੂੰ ਵੇਖਣ ਲਈ ਭੈਣ ਦੇ ਘਰ ਆਈ। ਖਿੱਚ ਧੂਹ ਕੇ ਮੈਨੂੰ ਵੀ ਜੀਜਾ ਜੀ ਉਥੇ ਲੈ ਆਏ। ਉਹ ਮੇਰੇ ਨਾਲ ਚਾਹ ਪੀਂਦੀ ਤੇ ਗੱਪਾਂ ਸ਼ੱਪਾਂ ਮਾਰਦੀ ਰਹੀ। ਅਸੀਂ ਆਪਣੇ ਪਸੰਦੀਦਾ ਸਵਾਲ ਇਕ ਦੂਜੇ ਨੂੰ ਕਰਦੇ ਰਹੇ। ਅਖੀਰ ਭੈਣ ਨੇ ਉਸ ਜਨਾਨੀ ਨੂੰ ਪਾਸੇ ਕਰਕੇ ਉਹਦੀ ਮਰਜ਼ੀ ਜਾਣਨੀ ਚਾਹੀ। ਉਹ ਚੁੱਪ ਚੁੱਪ ਸੀ ਤੇ ਕੁਝ ਦੱਸਣ ਦੀ ਸੂਰਤ ਵਿਚ ਨਹੀਂ ਸੀ। ਪਰ ਭੈਣ ਦੇ ਮਜਬੂਰ ਕਰਨ ਤੇ ਬੋਲੀ, " ਮੈਂ ਸੋਚਿਆਂ ਸੀ ਤੁਹਾਡਾ ਭਰਾ ਤੁਹਾਡੇ ਵਰਗਾ ਖੂਬਸੂਰਤ ਹੋਵੇਗਾ। ਇਹ ਤੁਹਾਡਾ ਸਕਾ ਭਰਾ ਏ ਜਾਂ ਕੋਈ ਰਿਸ਼ਤੇਦਾਰੀ ਵਿਚੋਂ ? ਇਹਦੇ ਨਾਲੋਂ ਤਾਂ ਮੈਨੂੰ ਖੂਹ ਵਿਚ ਸੁਟ ਦਿਉ। ਮੈਂ ਭੈਣ ਜੀ, ਏਹਦੇ ਨਾਲੋ ਰੰਡੀ ਈ ਚੰਗੀ ਐ। ਇਹ ਕਹਿਕੇ ਉਹ ਜ਼ਾਰ ਜ਼ਾਰ ਰੌਣ ਲੱਗੀ। "ਮੈਂ ਦੂਸਰੇ ਕਮਰੇ ਵਿਚੋਂ ਇਹ ਵਾਰਤਾ ਸੁਣ ਰਿਹਾ ਸੀ। ਮੇਰੇ ਕੰਨ ਪਾਟ ਰਹੇ ਸਨ ਤੇ ਧਰਤੀ ਮੈਨੂੰ ਵੇਹਲ ਨਹੀਂ ਸੀ ਦੇ ਰਹੀ। ਮੈਂ ਤਾਂ ਪਹਿਲਾਂ ਹੀ ਆਉਣ ਨਹੀਂ ਸੀ ਚਾਹੁੰਦਾ। ਇਹ ਤਾਂ ਜੀਜੇ ਨੇ ਐਵੇਂ ਮੇਰੇ ਨਾਲ ਮਜ਼ਾਕ ਕੀਤਾ ਸੀ। ਮੈਂ ਆਪਣੇ ਥਾਂ ਦੁਖੀ ਸੀ ਤੇ ਮੇਰੀ ਭੈਣ ਤੇ ਜੀਜਾ ਆਪਣੇ ਥਾਂ ਤੇ ਉਹਨਾਂ ਦੀ ਗਵਾਂਢਣ ਕੁੜੀ ਆਪਣੇ ਥਾਂ। ਜਦੋਂ ਸਾਰੇ ਦੁਖੀਏ ਇਕੱਠੇ ਹੋ ਜਾਣ ਤਾਂ ਕੌਣ ਕੀਹਦੇ ਨਾਲ ਦੁੱਖ ਵੰਡਾਏ ? ਆਪੋ ਆਪਣੇ ਥਾਂ, ਆਪਣੇ ਆਪਣੇ ਢੰਗ ਨਾਲ ਅਸੀਂ ਸਾਰੇ ਰੋ ਰਹੇ ਸਾਂ। ਸਾਨੂੰ ਚੁੱਪ ਕਰਾਉਣ ਵਾਲਾ ਕੋਈ ਨਹੀਂ ਸੀ।"

# ਭਾਊ ਪੈਦਲ ਸਿੰਘ

ਉਸਦਾ ਨਾਮ ਭਾਵੇਂ ਜੋਧ ਸਿੰਘ ਸੀ। ਜਦੋਂ ਲੋਕਾਂ ਨੇ ਉਹਦੀਆਂ ਨੇਮੀਆਂ ਪੈਦਲ ਯਾਤਰਾਵਾਂ ਬਾਰੇ ਸੁਣਿਆਂ ਤਾਂ ਉਹ ਉਸਨੂੰ ਜੋਧ ਸਿੰਘ ਦੀ ਜਗਾ ਪੈਦਲ ਸਿੰਘ ਆਖਣ ਲੱਗ ਪਏ ਸਨ। ਉਸਨੇ ਪਹਿਲੀ ਪੈਦਲ ਯਾਤਰਾ ਘਰ ਤੋਂ ਸਕੂਲ ਤੱਕ ਆਰੰਭ ਕੀਤੀ ਤੇ ਫਿਰ ਸਿਰ ਉਮਰ ਚੱਲ— ਸੌ ਚੱਲ। ਉਹ ਹਾਲੇ ਦਸਾਂ ਸਾਲਾਂ ਦਾ ਵੀ ਨਹੀਂ ਸੀ ਹੋਇਆ ਜਦੋਂ ਵੱਲੇ ਗੁਰਦਵਾਰੇ ਮੱਥਾ ਟੇਕਣ ਆਪਣੇ ਬਾਪ ਨਾਲ ਆਇਆ ਕਰਦਾ ਸੀ। ਮੱਸਿਆ ਨੂੰ ਉਹ ਆਪਣੇ ਬਾਪ ਅਤੇ ਮਾਂ ਨਾਲ ਪੈਦਲ ਹੀ ਤਰਨਤਾਰਨ ਜਾਂਦਾ ਸੀ। ਉਹ ਰਾਤ ਨੂੰ ਮੂੰਹ ਹਨੇਰੇ ਤੁਰਦੇ ਅਤੇ ਸਵੇਰ ਸਾਰ ਉੱਥੇ ਪਹੁੰਚ ਜਾਂਦੇ। ਇਸ਼ਨਾਨ ਕਰਕੇ, ਮੱਥਾ ਟੇਕਦੇ ਅਤੇ ਲੰਗਰ ਛੱਕ ਛਕਾਕੇ ਉਹ ਤਰਕਾਲਾਂ ਪੈਣ ਤੋਂ ਪਹਿਲਾਂ ਦੋਹਵੇਂ ਜਾਣੇ ਪਿੰਡ ਪਹੁੰਚ ਜਾਂਦੇ ਸਨ। ਪੱਕੀ ਸੜਕ ਆਉਂਦੀ ਤਾਂ ਉਹ ਜੁੱਤੀ ਲਾਹ ਲੈਂਦੇ ਸਨ ਤਾਂ ਕਿ ਬਹੁਤੀ ਨਾ ਘੱਸੇ। ਉਹਨੇ ਵੀ ਆਪਣੇ ਬਾਪ ਵਾਂਗ ਸੌਂਹ ਖਾਧੀ ਸੀ ਕਿ ਕਿਸੇ ਟਾਂਗੇ, ਗੱਡੇ ਗਡੀਰੇ ਜਾਂ ਰਿਕਸ਼ੇ ਤੇ ਨਹੀਂ ਚੜ੍ਹਨਾਂ। ਉਹਨਾਂ ਨੂੰ ਮਗਰ ਬਿਠਾਕੇ ਕੋਈ ਮਨੁੱਖ ਜਾਂ ਜਾਨਵਰ ਖਿੱਚੇ, ਉਹਨਾਂ ਨੂੰ ਚੰਗਾ ਨਹੀਂ ਸੀ ਲੱਗਦਾ। ਲਾਰੀ ਜਾਂ ਕਾਰ ਗੱਡੀ ਤੇ ਚੜ੍ਹਨਾ ਉਹਨਾਂ ਦੀ ਪਹੁੰਚ ਤੋਂ ਬਾਹਰ ਸੀ।

ਉਸਨੂੰ ਕਦੀ ਢਿਡ, ਸਿਰ ਜਾਂ ਦਾਹੜ ਦਰਦ ਨਹੀਂ ਸੀ ਹੋਈ। ਬੁਖਾਰ ਵੀ ਉਸਨੇ ਲੋਕਾਂ ਦੇ ਹੀ ਚੜ੍ਹਦਾ ਵੇਖਿਆ ਸੀ। ਉਸਦੇ ਲਾਗੇ ਜਦ ਕੋਈ ਢਿੱਲਾ ਮੱਠਾ ਜਾਂ ਬਿਮਾਰ ਹੋ ਜਾਂਦਾ ਤਾਂ ਉਸਨੂੰ ਗੁੱਸਾ ਚੜ੍ਹ ਜਾਂਦਾ ਸੀ। ਉਸਦੇ ਪਿਤਾ ਨੂੰ ਕਿਸੇ ਫਕੀਰ ਨੇ ਦਸਿਆਂ ਸੀ ਕਿ ਪੈਦਲ ਤੁਰਨ ਨਾਲ ਕੋਈ ਰੋਗ ਨਹੀਂ ਲੱਗਦਾ। ਇਹ ਆਦਤ ਉਸਨੇ ਆਪਣੇ ਪਿਤਾ ਤੋਂ ਵਿਰਾਸਤ ਵਿਚ ਲਈ ਸੀ। ਉਸਦੇ ਪਿਤਾ ਵਾਂਗ ਜੋਧੇ ਨੇ ਵੀ ਕਦੀ ਕੋਈ ਦਵਾਈ ਦਾ ਸੇਵਨ ਨਹੀਂ ਸੀ ਕੀਤਾ। ਉਹ ਜਦੋਂ ਕਦੀ ਢਿਲਾ ਮੱਠਾ ਹੁੰਦਾ ਤਾਂ ਦੋ ਡੰਗ ਰੋਟੀ ਛੱਡ ਦਿੰਦਾ ਅਤੇ ਨੌਂ ਬਰ ਨੌਂ ਹੋ ਜਾਂਦਾ। ਇਸੇ ਤਰ੍ਹਾ ਜਦੋਂ ਕੋਈ ਉਸ ਨਾਲ ਸਲਾਹੀਂ ਪੈਂਦਾ ਤਾਂ ਉਹ ਪੈਦਲ ਚੱਲਣ ਦੀ ਕਰਾਮਾਤੀ ਔਸ਼ਧੀ ਦਿੰਦਾ। ਉਹਨਾਂ ਦਿਨਾਂ ਵਿਚ ਭਾਵੇਂ ਲੋਕੀਂ ਟਾਗਿਆਂ, ਰਿਕਸ਼ਿਆਂ, ਲਾਰੀਆਂ ਤੇ ਗੱਡੀਆਂ ਰਾਹੀਂ ਸਫਰ ਕਰਨ ਲੱਗ ਪਏ ਸਨ ਪਰ ਫਿਰ ਵੀ ਪੈਦਲ ਚੱਲਣ ਦਾ ਵੀ ਕਾਫੀ ਰਿਵਾਜ਼ ਸੀ। ਇਸ ਲਈ ਜਦੋਂ ਜੋਧਾ ਪੈਦਲ ਚੱਲਣ ਦੀ ਸ਼ਿਫਾਰਸ਼ ਕਰਦਾ ਤਾਂ ਲੋਕ ਉਸਨੂੰ ਗੰਭੀਰਤਾ ਨਾਲ ਸੁਣਦੇ ਸਨ। ਉਹ ਕੋਈ ਵੀ ਸੁਣੀ ਸੁਣਾਈ ਜਾਂ ਪੜ੍ਹੀ ਪੜ੍ਹਾਈ ਗੱਲ ਨਾਲ ਲੋਕਾਂ ਨੂੰ ਨਹੀਂ ਸੀ ਪ੍ਰੇਰਦਾ। ਬਹੁਤ ਸਾਰੇ ਲੰਮੇ ਲੰਮੇਰੇ ਪੈਂਡੇ ਉਸਨੇ ਆਪਣੇ ਚਰਨਾਂ ਨਾਲ ਤਹਿ ਕੀਤੇ ਸਨ। ਇਸ ਲਈ ਉਸਦੀਆਂ ਨਸੀਹਤਾਂ ਵਿਚ ਵਜ਼ਨ

ਸੀ ਤੇ ਉਹ ਆਪਣੇ ਬਾਪ ਜਾਂ ਆਪਣੀ ਮਿਸਾਲ ਦਿੰਦਾ ਹੁੰਦਾ ਸੀ।

ਇਕ ਵਾਰੀ ਪਿੰਡ ਵਿਚ ਹੈਜ਼ਾ ਬੜੀ ਤੇਜ਼ੀ ਨਾਲ ਫੈਲ ਗਿਆ। ਜੋਧੇ ਦਾ ਪਿਤਾ ਇਸਦੇ ਕਾਬੂ ਆ ਗਿਆ। ਜੋਧਾਂ ਸਗੋਂ ਬਿਮਾਰਾਂ ਦੀ ਭੱਜ ਨੱਠਕੇ ਮਦਦ ਕਰਦਾ ਰਿਹਾ ਤੇ ਡਾਕਟਰਾਂ ਹਕੀਮਾਂ ਕੋਲ ਖੜਦਾ ਰਿਹਾ। ਉਸਨੂੰ ਕੁਝ ਵੀ ਨਾ ਹੋਇਆ। ਉਹ ਆਪਣੇ ਆਪ ਨੂੰ ਬੜਾ ਭਾਗਾਂਵਾਲਾ ਸਮਝਦਾ ਸੀ। ਪਿੰਡ ਵਿਚ ਤਗੜੀਆਂ ਤਗੜੀਆਂ ਤੋਪਾਂ ਲੁਟਕ ਗਈਆਂ ਸਨ। ਡਾਕਟਰ ਪਾਣੀ ਉਬਾਲਕੇ ਪੀਣ ਦੀ ਸਲਾਹ ਦਿੰਦੇ ਸਨ ਪਰ ਜੋਧਾਂ ਤਾਜ਼ਾ ਨਲਕੇ ਦਾ ਪਾਣੀ ਪੀ ਲੈਂਦਾ ਸੀ। ਉਸਦੇ ਸਰੀਰ ਵਿਚ ਬਿਮਾਰੀਆਂ ਦਾ ਟਾਕਰਾ ਕਰਨ ਦੀ ਅਜੀਬ ਸ਼ਕਤੀ ਸੀ।

ਇਕ ਵਾਰੀ ਉਹ ਆਪਣੇ ਕੁਝ ਬਿਮਾਰ ਤੇ ਢਿਲੇ ਮੱਠੇ ਰਹਿਣ ਵਾਲੇ ਦੋਸਤਾਂ ਨੂੰ ਤੰਦਰੁਸਤ ਕਰਨ ਲਈ ਆਨੰਦਪੁਰ ਸਾਹਿਬ ਲੈ ਤੁਰਿਆ। ਉਹ ਆਪ ਕਈ ਵਾਰ ਪਹਿਲਾਂ ਆਨੰਦਪੁਰ ਸਾਹਿਬ ਦੇ ਹੋਲੇ ਮਹੁੱਲੇ ਤੇ ਪੈਦਲ ਪਿੰਡੋਂ ਗਿਆ ਸੀ। ਉਸਦੇ ਸਰੀਰ ਵਿਚੋਂ ਬਿਮਾਰੀਆਂ ਦੇ ਕੀੜੇ ਮਰ ਚੁੱਕੇ ਸਨ। ਉਸਨੇ ਆਪਣੇ ਯਾਰਾਂ ਬੇਲੀਆਂ ਦੇ ਸਰੀਰ ਅਰੋਗ ਕਰਨ ਲਈ, ਇਹ ਯਾਤਰਾ ਆਰੰਭ ਕੀਤੀ। ਉਹ ਡਰਦੇ ਝਿਜਕਦੇ ਇਸ ਵਿਚ ਸ਼ਾਮਲ ਹੋਏ। ਉਹਨਾਂ ਨੂੰ ਜੋਧੇ ਦੀਆਂ ਗੱਲਾਂ ਵਿਚ ਪੂਰਾ ਯਕੀਨ ਨਹੀਂ ਸੀ। ਉਹ ਨਿਸਚਾ ਕਰਕੇ,ਅਰਦਾਸਾ ਕਰਕੇ ਤੁਰ ਤਾਂ ਪਏ ਪਰ ਹਾਲੇ ਅੱਧ ਵਿਚ ਵੀ ਨਹੀਂ ਸਨ ਪਹੁੰਚੇ ਕਿ ਉਹਨਾਂ ਦੇ ਹੌਂਸਲੇ ਪਸਤ ਹੋ ਗਏ। ਉਹਨਾਂ ਦੇ ਯਕੀਨ ਡੋਲਣ ਲੱਗੇ। ਉਹ ਬਾਕੀ ਦੀ ਯਾਤਰਾ ਬੱਸ ਰਾਹੀਂ ਕਰਨ ਬਾਰੇ ਸੋਚਣ ਲੱਗੇ ਪਰ ਜੋਧੇ ਨੇ ਉਹਨਾਂ ਦਾ ਹੌਂਸਲਾ ਟੁੱਟਣ ਨਾਂ ਦਿੱਤਾ। ਉਸਨੇ ਲਾਗੋ ਕਿਸੇ ਹਕੀਮ ਕੋਲੋਂ ਉਹਨਾਂ ਨੂੰ ਲੋੜੀਂਦੀ ਦਵਾਈ ਦਿੱਤੀ ਤੇ ਖਾਕੇ, ਥੋਹੜਾ ਚਿਰ ਵਿਸਰਾਮ ਕਰਕੇ, ਦੋਬਾਰਾ ਯਾਤਰਾ ਆਰੰਭ ਕਰਨ ਅਈ ਆਖਿਆ। ਉਹ ਰੋਂਦੇ ਕੁਰਲਾਉਂਦੇ ਤੁਰ ਪਏ ਪਰ ਉਹਨਾਂ ਦੇ ਚਿਹਰਿਆਂ ਤੇ ਬੇਯਕੀਨੀ ਸੀ। ਪਰ ਜੋਧਾ ਉਹਨਾਂ ਨੂੰ ਪਿੱਛੋਂ ਭੇਡਾਂ ਵਾਂਗ ਹਿੱਕ ਰਿਹਾ ਸੀ। ਉਸ ਦਿਨ ਉਹਨਾਂ ਨੇ ਤਕਰੀਬਨ ਤੀਹ ਕਿਲੋਮੀਟਰ ਪੈਂਡਾ ਕੀਤਾ। ਰਾਤ ਨੂੰ ਇਕ ਗੁਰਦਵਾਰੇ ਵਿਚ ਸੌਂ ਗਏ। ਦਿਨ ਚੜ੍ਹਿਆ ਤੇ ਫਿਰ ਨਹਾ ਧੋ ਕੇ ਚੱਲ ਪਏ। ਉਹਨਾਂ ਦੇ ਸਰੀਰ ਵਿਚੋਂ ਬਿਮਾਰੀਆਂ ਤੇ ਕਮਜ਼ੋਰੀਆ ਭੱਜਣ ਲੱਗੀਆ ਤੇ ਉਹਨਾਂ ਵਿਚ ਅੱਗੇ ਵਧਣ ਦਾ ਉਤਸ਼ਾਹ ਪੈਦਾ ਹੋ ਗਿਆ। ਪਹਿਲਾਂ ਤਾਂ ਪੁੱਛਦੇ ਸਨ ਕਿ ਜੋਧਿਆ ਕਿੰਨਾ ਕੁ ਆਨੰਦਪੁਰ ਰਹਿ ਗਿਆ ? ਪਰ ਹੁਣ ਉਹਨਾਂ ਨੇ ਪੁੱਛਣਾ ਬੰਦ ਕਰ ਦਿੱਤਾ ਤੇ ਜੋਧੇ ਤੋਂ ਅੱਗੇ ਹੋ ਕੇ ਚੱਲਣ ਲੱਗੇ। ਉਹਨਾਂ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਆਨੰਦਪੁਰ ਆ ਗਿਆ। ਉਹ ਬੜੇ ਚਾਅ ਨਾਲ ਫਿਰ ਤੁਰਕੇ ਮੇਲਾ ਵੇਖ ਕੇ ਪੈਂਦਲ ਹੀ ਦਸਵੇ ਦਿਨ ਘਰ ਪਹੁੰਚ ਗਏ। ਆਉਂਦੀ ਵਾਰ ਉਹਨਾਂ ਦੇ ਚਿਹਰੀਆਂ ਤੇ ਇਕ ਅਜੀਬ ਜਲਾਲ ਸੀ। ਕਲਗੀਆਂ ਵਾਲੇ ਨੇ ਉਹਨਾਂ ਦੇ ਦੁਖ ਤੇ ਰੋਗ ਆਪਣੇ ਕੋਲ ਰੱਖ ਲਏ ਸਨ ਤੇ ਉਹਨਾਂ ਨੂੰ ਅਰੋਗ ਕਰਕੇ ਘਰ ਭੇਜਿਆ ਸੀ।

ਜਦੋਂ ਉਹ ਪਿੰਡ ਪਹੁੰਚੇ ਤਾਂ ਉਹਨਾਂ ਦੀ ਚਰਚਾ ਸਾਰੇ ਪਿੰਡ ਵਿਚ ਹੋਣ ਲੱਗੀ। ਉਹਨਾਂ ਕੋਲ ਲੋਕ ਆ ਕੇ ਆਨੰਦਪੁਰ ਦੀ ਯਾਤਰਾ ਬਾਰੇ ਵੰਨ ਸਵੰਨੇ ਸਵਾਲ ਕਰਨ ਲੱਗੇ। ਉਹਨਾਂ

ਵਿਚ ਵੀ ਪੈਦਲ ਚੱਲਣ ਦੀ ਰੀਝ ਪੈਂਦਾ ਹੋਈ। ਇਕ ਵਾਰ ਜੋਧਾ ਤੀਹ ਪੈਂਤੀ ਪਿੰਡ ਦੇ ਬੰਦਿਆਂ ਬੁਢੀਆਂ ਦਾ ਜੱਥਾ ਲੈ ਕੇ ਪਿੰਡੋ ਗੋਇੰਦਵਾਲ ਵੱਲ ਤੁਰ ਪਿਆ। ਉਹ ਢੋਲਕੀਆਂ ਛੈਣੇ ਤੇ ਖੜਤਾਲਾਂ ਵਜਾਉਂਦਾ ਰਾਤੋ ਰਾਤ ਜੰਡਿਆਲੇ ਰਾਹੀ ਗੋਇੰਦਵਾਲ ਪਹੁੰਚ ਗਏ। ਉਹ ਰਸਤੇ ਵਿਚ ਸ਼ਬਦ ਗਾਉਂਦੇ ਤੇ ਨੱਚਦੇ ਟੱਪਦੇ ਅਗਾਂਹ ਤੁਰੇ ਜਾਂਦੇ ਸਨ। ਕੋਹਾਂਦਾ ਪੈਂਡਾਂ ਮਿੰਟਾਂ ਸਕਿੰਟਾਂ ਵਿਚ ਮੁਕ ਜਾਂਦਾ ਸੀ। ਬਾਉਲੀ ਸਾਹਿਬ ਵਿਚੋਂ ਚੌਰਾਸੀ ਕੱਟਕੇ ਉਹ ਅਗਲੀ ਰਾਤ ਪਿੰਡ ਵਾਪਸ ਪਹੁੰਚ ਗਏ ਸਨ। ਪਿੰਡ ਵਿਚ ਪਹਿਲਾਂ ਕਦੇ ਇਹਨੀ ਵੱਡੀ ਗਿਣਤੀ ਵਿਚ ਇੰਨੀ ਲੰਮੀ ਯਾਤਰਾ ਨਹੀਂ ਸੀ ਕੀਤੀ। ਇਸ ਤੋਂ ਬਾਅਦ ਗੋਇੰਦਵਾਲ ਦੇ ਸਲਾਨਾਂ ਮੇਲਿਆਂ ਤੇ ਪਿੰਡੋਂ ਕਈ ਜੱਥੇ ਰਵਾਨਾ ਹੋਏ ਤੇ ਮੱਥਾ ਟੇਕ ਕੇ ਵਾਪਸ ਮੁੜੇ। ਇਹਨਾਂ ਜਥਿਆਂ ਵਿਚ ਜੋਧੇ ਨਾਲ ਕਈ ਬੁੱਢੇ ਠੇਰੇ ਵੀ ਸ਼ਾਮਲ ਸਨ ਜੋ ਬਾਅਦ ਵਿਚ ਆਪਣੇ ਪਿੰਡੋ ਨਨਕਾਣਾ ਸਾਹਿਬ ਦੇ ਮੇਲੇ ਪੈਦਲ ਜਾਂਦੇ ਹੁੰਦੇ ਸਨ।

ਜੋਧ ਸਿੰਘ ਨੂੰ ਨਵਾਂ ਪੋਚ ਪੈਦਲ ਸਿੰਘ ਆਖਦਾ ਸੀ। ਪਿੰਡ ਦੇ ਸਰਪੰਚ ਨੇ ਜੋਧ ਸਿੰਘ ਦੀ ਇਸ ਹਿੰਮਤ ਤੇ ਸ਼ਰਧਾਂ ਕਾਰਨ, ਉਸਦਾ ਗੁਰਦੁਆਰਾ ਸਾਹਿਬ ਵਿਚ ਸਨਮਾਨ ਵੀ ਕੀਤਾ ਤੇ ਜਿਹੜੇ ਪੰਜ ਪਿਆਰੇ ਉਹਦੇ ਨਾਲ ਆਨੰਦਪੁਰ ਸਾਹਿਬ ਕਈ ਵਾਰ ਪੈਦਲ ਜਾ ਕੇ ਆਏ ਸਨ ਦਾ ਵੀ ਭਰਵਾਂ ਸਵਾਗਤ ਕੀਤਾ। ਪਿੰਡ ਦੇ ਸਰਪੰਚ ਦਸੌਂਦਾ ਸਿੰਘ ਕੋਲ ਭਾਵੇਂ ਆਪਣਾ ਟਾਂਗਾ ਤੇ ਬੱਘੀ ਵੀ ਸੀ ਪਰ ਜੋਧ ਸਿੰਘ ਦੀ ਪ੍ਰੇਰਨਾ ਹੇਠ ਆ ਕੇ ਉਸਨੇ ਵੀ ਪੈਦਲ ਚੱਲਣਾ ਸ਼ੁਰੂ ਕਰ ਦਿੱਤਾ। ਉਹ ਹਮੇਸ਼ਾ ਢਿਲਾ ਮੱਠਾ ਰਹਿਣ ਲੱਗਾ ਸੀ। ਜਦ ਦਾ ਉਹ ਪੈਦਲ ਚੱਲਣ ਲੱਗਾ, ਉਸਦਾ ਸਰੀਰ ਫਿਰ ਤੰਦਰੁਸਤ ਹੋ ਗਿਆ ਸੀ। ਉਹ ਵੀ ਇਕ ਵਾਰ ਹੌਂਸਲਾ ਕਰਕੇ, ਜੋਧੇ ਨਾਲ ਤਰਨਤਾਰਨ ਮਸਿਆ ਨਹਾਉਣ ਤੁਰ ਪਿਆ। ਵੇਖੋ ਵੇਖੀ ਇਸ ਜੱਥੇ ਨਾਲ ਕਈ ਜਾਣੇ ਤੁਰ ਪਏ। ਸਰਪੰਚ ਡਿੱਗਦਾ ਢੱਠਦਾ ਰਾਤੋ ਰਾਤ ਤਰਨਤਾਰਨ ਪਹੁੰਚ ਗਿਆ। ਪਰ ਵਾਪਸ ਪੈਦਲ ਆਉਣ ਦੀ ਉਸ ਵਿਚ ਹਿੰਮਤ ਨਹੀਂ ਸੀ। ਉਹ ਆਉਂਦੀ ਵਾਰ ਦੋ ਕੁ ਜਾਣਿਆਂ ਨਾਲ ਬੱਸ ਤੇ ਆਇਆ ਪਰ ਜੋਧੇ ਦਾ ਜੱਥਾ ਪੈਦਲ ਹੀ ਪਿੰਡ ਮੁੜਿਆਂ ।

ਇਕ ਦੱਫਾ ਇਕ ਮਸਿਆ ਨੂੰ ਜੋਧਾ ਆਪਣਾ ਜੱਥਾ ਲੈ ਕੇ ਰਾਤ ਨੂੰ ਪਿੰਡੋ ਤਰਨਤਾਰਨ ਵਲ ਤੁਰ ਪਿਆ। ਜੱਥੇ ਵਿਚ ਪੰਦਰਾਂ ਕੁ ਜਾਣੇ ਬੰਦੇ ਹੀ ਸਨ। ਇਹ ਜੱਥਾ ਜਦੋਂ ਦਬੁਰਜੀ ਕੋਲ ਪਹੁੰਚਿਆ ਤਾਂ ਉਹਨਾਂ ਨੂੰ ਪੁਲਸ ਨੇ ਘੇਰ ਲਿਆ। ਉਹਨੀਂ ਦਿਨੀ ਅੱਤਵਾਦ ਜ਼ੋਰ ਪਕੜ ਰਿਹਾ ਸੀ। ਜੱਥੇ ਵਾਲਿਆਂ ਨੇ ਆਪਣੀ ਸਫਾਈ ਵਿਚ ਬੜੀਆਂ ਦਲੀਲਾਂ ਦਿੱਤੀਆਂ ਪਰ ਪੁਲਸ ਨੇ ਇਕ ਨਾ ਸੁਣੀ ਤੇ ਸਾਰਿਆਂ ਨੂੰ ਭਾਊਆਂ ਦਾ ਗਰੋਹ ਸਮਝਕੇ ਠਾਣੇ ਲੈ ਗਏ। ਦਿਨ ਚੜ੍ਹੇ ਜੱਦ ਇਹ ਖਬਰ ਪਿੰਡ ਪਹੁੰਚੀ ਤਾਂ ਸਰਪੰਚ ਭੱਜਾ ਠਾਣੇ ਗਿਆ। ਉਸਨੇ ਸਾਰੇ ਬੰਦੇ ਛੁਡਾ ਲਏ। ਜੋਧਾ ਇਹਨਾਂ ਨੂੰ ਫਿਰ ਤਰਨਤਾਰਨ ਲਿਜਾਣਾ ਚਾਹੁੰਦਾ ਸੀ, ਕਿਉਕਿ ਉਹਨਾਂ ਨੇ ਤੁਰਨ ਲੱਗਿਆ ਤਰਨਤਾਰਨ ਦੀ ਅਰਦਾਸ ਕੀਤੀ ਸੀ। ਸਰਪੰਚ ਨੇ ਉਹਨਾਂ ਨੂੰ ਵਾਪਸ ਪਿੰਡ ਆਉਣ ਲਈ ਆਖਿਆ ਤਾਂ ਕਿ ਦੋਬਾਰਾ ਉਹ ਪੁਲਸ ਦੇ ਅੜਿਕੇ ਨਾ ਚੜ੍ਹ ਜਾਣ। ਬਾਕੀ ਸੱਭ ਦਿਲ ਛੱਡ ਗਏ ਕੇਵਲ ਜੋਧਾ ਤੇ ਉਸਦਾ ਇਕ ਯਾਰ ਤਰਨਤਾਰਨ ਵਲ

ਨਿਕਲ ਪਏ ਤੇ ਬਾਕੀ ਸਾਰੇ ਜਾਣੇ ਸਰਪੰਚ ਨਾਲ ਲਾਰੀ ਤੇ ਬੈਠਕੇ ਪਿੰਡ ਪਹੁੰਚ ਗਏ। ਉਸੇ ਰਾਤ ਖੋਹ ਪੀਏ ਜੋਧੇ ਹੋਰੀਂ ਵੀ ਪਿੰਡ ਆਣ ਪਹੁੰਚੇ।

ਜਦੋਂ ਬੰਦਾ ਇਕ ਚੋਟੀ ਸਰ ਕਰਦਾ ਹੈ ਤਾਂ ਦੂਜੀ ਬਾਰੇ ਸੋਚਦਾ ਹੈ। ਜੋਧੇ ਨੇ ਪੰਜਾਬ ਦੇ ਸਾਰੇ ਗੁਰਧਾਮ ਪੈਦਲ ਹੀ ਵੇਖ ਲਏ ਸਨ। ਦੂਰ ਦੂਰ ਗੁਰਧਾਮਾਂ ਤੋਂ ਉਹ ਇੰਜ ਪਰਤ ਆਉਂਦਾ ਸੀ ਜਿਵੇਂ ਭੂਆ ਦੇ ਘਰੋਂ ਹੋ ਕੇ ਆ ਗਿਆ ਹੋਵੇ। ਹੁਣ ਉਸਨੇ ਦਿੱਲੀ ਦੇ ਗੁਰਦੁਆਰੇ ਸੀਸ ਗੰਜ ਵੀ ਪੈਦਲ ਜਾਣ ਦਾ ਮਨ ਬਣਾਇਆ। ਇੰਨੀ ਦੂਰ ਜਾਣ ਲਈ ਉਹਦੇ ਨਾਲ ਕੋਈ ਨਾ ਰੱਲਿਆ। ਉਹ ਅਖੀਰ ਦੀ ਬਾਕੀ ਆਪਣੇ ਭਤੀਜੇ ਨੂੰ ਨਾਲ ਲੈ ਕੇ ਪਿੰਡ ਦੇ ਗੁਰਦੁਆਰਿਆਂ ਅਰਦਾਸਾ ਸੋਧ ਕੇ ਦਿੱਲੀ ਵੱਲ ਰਵਾਨਾ ਹੋ ਗਿਆ। ਉਸਦਾ ਭਤੀਜਾ ਉਸਦੇ ਨਾਲ ਸੀ। ਉਹ ਲੋਏ ਲੋਏ ਚਲਦੇ ਤੇ ਹਨੇਰਾ ਪੈਣ ਤੇ ਕਿਧਰੇ ਗੁਰਦੁਆਰੇ ਜਾਂ ਧਰਮਸ਼ਾਲਾ ਵਿਚ ਰਾਤ ਲਈ ਰੁਕ ਜਾਂਦੇ। ਦਿਨ ਚੜ੍ਹਦਿਆਂ ਫਿਰ ਆਪਣੀ ਯਾਤਰਾ ਆਰੰਭ ਕਰਦੇ। ਇਸ ਤਰ੍ਹਾ ਔਖੇ ਸੌਖੇ ਹੋ ਕੇ ਉਹ ਅੰਬਾਲੇ ਪਹੁੰਚ ਗਏ। ਉਥੇ ਰਾਤ ਰਹਿੰਕੇ ਫਿਰ ਕਰਨਾਲ ਵਲ ਚੱਲ ਪਏ ਤੇ ਇਸ ਤਰ੍ਹਾ ਸੱਤਵੇਂ ਦਿਨ ਉਹ ਦੋਹਵੇਂ ਦਿੱਲੀ ਚਾਂਦਨੀ ਚੌਕ ਪਹੁੰਚ ਗਏ। ਦਿੱਲੀ ਵਿਚ ਦੋ ਦਿਨ ਫਿਰ ਤੁਰ ਕੇ ਉਹ ਵਾਪਸ ਪੰਜਾਬ ਵਲ ਤੁਰ ਪਏ। ਸਾਰੇ ਹਰਿਆਣੇ ਵਿਚੋਂ ਲੰਘਦਿਆਂ ਉਹਨਾਂ ਨੂੰ ਕਿਸੇ ਨੇ ਨਾ ਰੋਕਿਆ ਟੋਕਿਆ। ਉਹ ਵਾਪਿਸ ਅੰਬਾਲੇ ਪਹੁੰਚ ਗਏ। ਅਗਲੇ ਦਿਨ ਪੰਜਾਬ ਦੀ ਹੱਦ ਪਾਰ ਕਰ ਗਏ।

ਜੋਧਾ ਜਿੱਥੇ ਸਿਰੜੀ ਸੀ ਉਥੇ ਸਾਹਸੀ ਵੀ ਸੀ। ਇਕ ਰਾਤ ਉਸਨੇ ਪੈਂਡਾਂ ਮੁਕਾਉਣ ਦੀ ਖ਼ਾਤਰ ਰਾਤ ਦਾ ਸਫਰ ਵੀ ਜਾਰੀ ਰੱਖਿਆ। ਉਸਦਾ ਭਤੀਜਾ ਵੀ ਮਾਰਖੋਰਾ ਸੀ। ਉਹ ਵੀ ਉਹਦੇ ਤੁਰਦਾ ਗਿਆ। ਉਹ ਜਦੋਂ ਸਰਹੰਦ ਪਹੁੰਚੇ ਤਾਂ ਅੱਧੀ ਰਾਤ ਦਾ ਸਮਾਂ ਸੀ। ਉਹਨਾਂ ਦੇ ਲਾਗੋ ਪੁਲਿਸ ਦੀ ਇਕ ਗਸ਼ਤੀ ਜੀਪ ਲੰਘੀ। ਉਹਨਾ ਨੂੰ ਕੁਝ ਸ਼ੱਕ ਪਿਆ। ਜੀਪ ਫਿਰ ਵਾਪਸ ਮੁੜ ਪਈ। ਜੀਪ ਨੂੰ ਵਾਪਸ ਆਉਂਦਿਆਂ ਵੇਖਕੇ ਦੋਹਵੇਂ ਜਾਣੇ ਖੇਤਾਂ ਵਲ ਦੌੜ ਪਏ। ਪੁਲਸ ਨੇ ਮਗਰ ਚੜ੍ਹ ਕੇ ਗੋਲੀਆਂ ਚਲਾਈਆਂ। ਭਤੀਜਾ ਤਾਂ ਗੋਲੀਆਂ ਦਾ ਖੜਾਕ ਸੁਣਕੇ ਲੰਮਾ ਪੈ ਗਿਆ ਪਰ ਜੋਧਾ ਤੁਰਦਾ ਗਿਆ। ਜੋਧੇ ਨੂੰ ਪਿੰਠ ਵਿਚ ਗੋਲੀਆਂ ਲੱਗੀਆ ਤੇ ਉਹ ਉਥੇ ਹੀ ਢੇਰੀ ਹੋ ਗਿਆ। ਪੁਲਸ ਵਾਲੇ ਗੋਲੀਆਂ ਚਲਾਉਂਦੇ ਅੱਗੇ ਨਿਕਲ ਗਏ। ਉਸਦਾ ਭਤੀਜਾ ਜੀਪ ਦੂਰ ਜਾਂਦੀ ਵੇਖ ਕੇ ਵਾਪਸ ਮੁੜਿਆ। ਉਸਨੇ ਵੇਖਿਆ ਕਿ ਇਕ ਸੁੱਕੇ ਖਾਲ ਵਿਚ ਉਸਦਾ ਚਾਚਾ ਜੋਧ ਸਿੰਘ ਮੂਧਾ ਡਿੱਗਾ ਪਿਆ ਸੀ। ਉਸ ਵਕਤ ਉਹ ਠੰਡਾ ਹੋ ਚੁੱਕਾ ਸੀ। ਭਤੀਜਾ ਲਾਸ਼ ਕੋਲ ਬੈਠ ਕੇ ਸਾਰੀ ਰਾਤ ਰੋਂਦਾ ਰਿਹਾ। ਉਹ ਕਦੀ ਕਦੀ ਉੱਚੀ ਰੋਣ ਲੱਗ ਪੈਂਦਾ ਪਰ ਜਦੋਂ ਪੁਲਸ ਦਾ ਖਿਆਲ ਆਉਂਦਾ ਤਾਂ ਹੌਲੀ ਹੋ ਜਾਂਦਾ। ਉਹ ਪਹਿਲਾਂ ਜੋਧੇ ਨਾਲ ਦਿੱਲੀ ਨਹੀਂ ਸੀ ਜਾਣਾ ਚਾਹੁੰਦਾ ਪਰ ਜਦੋਂ ਉਹਨੇ ਤਰਲਾ ਮਾਰਿਆਂ ਤਾਂ ਉਹ ਜਾਣ ਲਈ ਤਿਆਰ ਹੋ ਗਿਆ ਸੀ। ਉਹ ਕਦੀ ਸੋਚਦਾ ਕਿ ਉਹਨਾਂ ਨੇ ਭੱਜ ਕੇ ਗਲਤੀ ਕੀਤੀ ਹੈ। ਉਹ ਸੋਚਦਾ ਸੀ ਕਿ ਜੇਕਰ ਉਹਦੇ ਵਾਂਗ ਜੋਧਾ ਵੀ ਲੰਮਾ ਪੈ ਜਾਂਦਾ ਤਾਂ ਸਾਇਦ ਬੱਚ ਜਾਂਦਾ।

ਜਦੋਂ ਉਹਨਾਂ ਪੰਜਾਬ ਦੀ ਹੱਦ ਪਾਰ ਕੀਤੀ ਸੀ ਤਾਂ ਜੋਧੇ ਨੇ ਰਾਤ ਨੂੰ ਵਿਸ਼ਰਾਮ ਕਰਨ ਦੀ ਸਲਾਹ ਦਿੱਤੀ ਸੀ। ਪਰ ਭਤੀਜੇ ਨੂੰ ਘਰ ਦੀ ਯਾਦ ਸਤਾ ਰਹੀ ਸੀ। ਉਹ ਜਲਦੀ ਘਰ ਪਰਤਣਾ ਚਾਹੁੰਦਾ ਸੀ। ਇਸ ਲਈ ਉਹਨੇ ਹੀ ਜੋਧੇ ਨੂੰ ਯਾਤਰਾ ਜਾਰੀ ਰੱਖਣ ਦੀ ਸਲਾਹ ਦਿੱਤੀ ਸੀ। ਇਸੇ ਸਲਾਹ ਕਰਕੇ ਹੁਣ ਉਹ ਪਛਤਾ ਰਿਹਾ ਸੀ। ਉਸਦੀਆਂ ਕਦੀ ਕਦੀ ਚੀਕਾਂ ਨਿਕਲ ਜਾਂਦੀਆ ਸਨ। ਉਸਦੇ ਚਾਚੇ ਨੇ ਹੀ ਉਸਦਾ ਰਿਸ਼ਤਾ ਕਰਵਾਇਆ ਸੀ ਤੇ ਉਸਦੀ ਘਰ ਵਾਲੀ ਉਸਦੀ ਚਾਚੀ ਦੀ ਭਤੀਜੀ ਸੀ। ਇਸ ਲਈ ਚਾਚੇ ਨੂੰ ਮੂਧਾ ਡਿੱਗਾ ਵੇਖਕੇ ਉਸਦੀਆ ਧਾਂਈਆਂ ਨਿਕਲ ਰਹੀਆਂ ਸਨ। ਵੇਲਾ ਹੱਥ ਨਹੀਂ ਆਉਂਦਾ। ਉਹ ਉਸ ਮਨਹੂਸ ਘੜੀ ਨੂੰ ਕੋਸ ਰਿਹਾ ਸੀ, ਜਦੋਂ ਉਹਨਾਂ ਰਾਤ ਰੁਕਣ ਦੀ ਜਗਾ, ਆਪਣਾ ਪੰਧ ਜਾਰੀ ਰੱਖਣ ਬਾਰੇ ਫੈਸਲਾ ਕੀਤਾ ਸੀ।

ਦਿਨ ਚੜ੍ਹਨ ਤੋਂ ਪਹਿਲਾਂ ਉਹ ਇਕ ਜੀਪ ਨੂੰ ਉਹਦੇ ਵਲ ਆਉਂਦੀ ਵੇਖਕੇ ਚਾਚੇ ਨੂੰ ਉਥੇ ਹੀ ਛੱਡ ਕੇ, ਉਸਦਾ ਸਮਾਨ ਤੇ ਇਕ ਕਿਰਪਾਨ ਨਾਲ ਲੈ ਕੇ ਉੱਥੋਂ ਤੁਰ ਪਿਆ। ਉਹ ਤੁਰਦਾ ਤੁਰਦਾ ਸਾਹਣੇਵਾਲ ਪੁੱਜ ਗਿਆ। ਉੱਥੋਂ ਉਸਨੇ ਬਸ ਫੜੀ ਤੇ ਲੁਧਿਆਣੇ ਪਹੁੰਚ ਗਿਆ ਤੇ ਫਿਰ ਅੰਮ੍ਰਿਤਸਰ ਦੀ ਬੱਸ ਲੈ ਕੇ ਰਾਤ ਪੈਣ ਤੋਂ ਪਹਿਲਾਂ ਪਿੰਡ ਪਹੁੰਚ ਗਿਆ। ਉਸਨੂੰ ਇਕਲਿਆਂ ਵੇਖਕੇ ਉਸਦੇ ਘਰ ਵਾਲੇ ਘਬਰਾ ਗਏ। ਜਦੋਂ ਉਸਨੇ ਸਾਰੀ ਵਿਥਿਆ ਸੁਣਾਈ ਤਾਂ ਜਨਾਨੀਆ ਨੇ ਵੈਣ ਪਾਕੇ ਸਾਰੇ ਪਿੰਡ ਨੂੰ ਇਕਠਿਆ ਕਰ ਦਿੱਤਾ। ਸਰਪੰਚ ਵੀ ਸੁਣਕੇ ਆਇਆ। ਉਸਨੇ ਜੋਧੇ ਦੇ ਭਤੀਜੇ ਦੇ ਮੂੰਹੋ ਸਾਰੀ ਵਿਥਿਆ ਫਿਰ ਸੁਣੀ। ਉਹ ਵੀ ਰੋਣੋਂ ਨਾ ਰਹਿ ਸਕਿਆ। ਅਗਲੇ ਦਿਨ ਦੀ ਅਖਬਾਰ ਵਿਚ ਉਸਨੇ ਪੜ੍ਹਿਆ ਕਿ ਬਬਰ ਖਾਲਸਾ ਦਾ ਇਕ ਖੂਨਖਾਰ ਅੱਤਵਾਦੀ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਹੈ ਅਤੇ ਉਸਦਾ ਇਕ ਸਾਥੀ ਭੱਜਣ ਵਿਚ ਕਾਮਯਾਬ ਹੋ ਗਿਆ ਹੈ। ਮਾਪੇ ਤੈਨੂੰ ਘੱਟ ਰੋਣਗੇ, ਬਹੁਤੇ ਰੋਣਗੇ ਦਿਲਾਂ ਦੇ ਜਾਨੀ।'

# *ਸ਼ਿਵ ਦਿਆਲ ਸਿੰਘ*

ਉਹ ਪਿੰਡ ਦੇ ਮੋਹਰੀਆਂ ਵਿਚੋਂ ਇਕ ਸੀ। ਜ਼ਮੀਨ ਚੰਗੀ ਚੋਖੀ ਹੋਣ ਕਰਕੇ ਉਸਨੂੰ ਹੋਰ ਕੰਮ ਕਰਨ ਦੀ ਲੋੜ ਨਹੀਂ ਸੀ। ਉਹ ਆਪਣੀ ਜੱਦੀ ਜ਼ਮੀਨ ਦੇ ਬੱਲ ਬੂਤੇ ਇਕ ਐਸ਼ ਭਰੀ ਜ਼ਿੰਦਗੀ ਬਿਤਾ ਸਕਦਾ ਸੀ, ਜੋ ਉਹ ਬਿਤਾ ਵੀ ਰਿਹਾ ਸੀ। ਉਸਦੇ ਵੱਡੇ ਦੋਹਵੇਂ ਭਰਾ ਸਿੰਘਾਪੁਰ ਵਿਚ ਰਹਿੰਦੇ ਸਨ , ਇਸ ਲਈ ਉਹਨਾਂ ਦੀ ਜ਼ਮੀਨ ਨੂੰ ਵੀ ਠੇਕੇ ਹਿੱਸੇ ਤੇ ਉਹੀ ਆਪ ਦਿੰਦਾ ਸੀ। ਉਸਦਾ ਪਿੰਡ ਵਿਚ ਪੂਰਾ ਦਬਦਬਾ ਸੀ। ਇਸ ਕਰਕੇ ਲੋਕਾਂ ਨੇ ਧੱਕੇ ਨਾਲ ਉਹਨੂੰ ਸਰਪੰਚ ਚੁਣ ਲਿਆ। ਉਹ ਬਹੁਤ ਸਖੀ ਸੁਭਾ ਦਾ ਹੋਣ ਕਰਕੇ ਹਮੇਸ਼ਾ ਲੋਕਾਂ ਦੇ ਛੋਟੇ ਮੋਟੇ ਕੰਮ ਕਰਦਾ ਰਹਿੰਦਾ ਸੀ। ਉਸਦੇ ਘਰ ਫਰਿਆਦੀਆਂ ਦਾ ਤਾਂਤਾ ਲੱਗਾ ਰਹਿੰਦਾ ਸੀ।

ਜਿਸ ਤਰ੍ਹਾ ਕਿ ਵੱਡੇ ਜ਼ਿਮੀਦਾਰਾਂ ਨੂੰ ਕੋਈ ਨਾ ਕੋਈ ਇਲਤ ਹੁੰਦੀ ਹੈ ਜਾਂ ਕੋਈ ਵੈਲ ਹੁੰਦਾ ਹੈ। ਉਸਨੂੰ ਵੀ ਸ਼ਰਾਬ ਪੀਣ ਤੇ ਅਫੀਮ ਖਾਣ ਦੀ ਆਦਤ ਸੀ। ਨਿਤ ਦਾਰੂ ਦੀਆਂ ਮਹਿਫਲਾਂ ਤੇ ਫਜ਼ੂਲ ਖਰਚੀਆ ਨੇ ਉਸਦੇ ਵਿਹਾਰ ਨੂੰ ਕਮੀਨਗੀ ਤੱਕ ਲੈ ਆਂਦਾ ਸੀ। ਇਕ ਵਾਰੀ ਜਦੋਂ ਉਹ ਹਾਲੇ ਨਵਾਂ ਨਵਾਂ ਸਰਪੰਚ ਬਣਿਆ ਸੀ, ਉਸਦੇ ਘਰ ਪੰਚਾਇਤ ਸਕੱਤਰ ਆਇਆ। ਸਰਪੰਚ ਨੇ ਉਸਨੂੰ ਦਾਰੂ ਪੀਣ ਦੀ ਸੁਲਾ ਮਾਰੀ। ਉਹ ਦੋਹਵੇਂ ਜਾਣੇ ਪੀਣ ਲੱਗ ਪਏ। ਪੰਚਾਇਤੀ ਸਕੱਤਰ ਆਪਣੀ ਆਦਤ ਮੁਤਾਬਕ, ਦੋ ਪੈਗ ਪੀਣ ਬਾਅਦ, ਸਰਪੰਚ ਨੂੰ ਪੰਚਾਇਤ ਦੇ ਫੰਡ ਖਾਣ ਦੇ ਗੁਰ ਦੱਸਣ ਲੱਗਾ। ਸਰਪੰਚ ਪੀਦਾਂ ਗਿਆ ਤੇ ਉਸਦੀਆਂ ਮਾਰਫਤ ਦੀਆਂ ਗੱਲਾਂ ਸੁਣਦਾ ਰਿਹਾ। ਜਦੋਂ ਉਸਦਾ ਨਸ਼ਾ ਖਿੜਨ ਲੱਗਾ ਤਾਂ ਉਸਨੇ ਸਕੱਤਰ ਨੂੰ ਕੋਈ ਹੋਰ ਗੁਰ ਦੱਸਣ ਲਈ ਕਿਹਾ। ਸਕੱਤਰ ਨੇ ਸਮਝਿਆ ਕਿ ਸਰਪੰਚ ਉਸਦੇ ਰਸੂਖ ਹੇਠਾਂ ਪੂਰੀ ਤਰ੍ਹਾ ਆ ਗਿਆ ਹੈ। ਜਦੋਂ ਉਸ ਨੇ ਪਿੰਡ ਦੀ ਬਣਾਈ ਪੱਕੀ ਫਿਰਨੀ ਵਿਚੋਂ ਆਪਣਾ ਹਿੱਸਾ ਮੰਗਿਆ ਤਾਂ ਸਰਪੰਚ ਦਾ ਗੁੱਸਾ ਸੱਤ ਅਸਮਾਨੀ ਚੜ੍ਹ ਗਿਆ। ਉਸਨੇ ਸਕੱਤਰ ਨੂੰ ਗਲੋਂ ਫੜ ਲਿਆ ਤੇ ਘਸੁੰਨ ਮੁੱਕੀ ਫੇਰ ਕੇ ਉਸਨੂੰ ਚੰਗੀ ਤਰ੍ਹਾ ਜ਼ਲੀਲ ਕਰਕੇ ਘਰੋਂ ਕੱਢ ਦਿੱਤਾ। ਸਕੱਤਰ ਰੋਂਦਾ ਕੁਰਲਾਉਂਦਾ ਆਪਣੇ ਰਾਹੇ ਪਿਆ।

ਇਕ ਵਾਰੀ ਇਕ ਜੇ. ਈ. ਉਸਦੀ ਬੰਬੀ ਤੇ ਗਿਆ, ਜਿੱਥੇ ਸਿੱਧੀ ਮੋਟਰ ਚੱਲ ਰਹੀ ਸੀ। ਉਹ ਮੇਨ ਬੋਰਡ ਦੇ ਗਰਿਪ ਕੱਢਕੇ ਲੈ ਆਇਆ। ਜਦੋਂ ਉਹ ਪਿੰਡ ਵਿਚੋਂ ਲੰਘ ਰਿਹਾ ਸੀ ਤਾਂ ਸ਼ਿਵਦਿਆਲ ਨੇ ਉਸਨੂੰ ਚਾਹ ਪਾਣੀ ਦੀ ਸੇਵਾ ਲਈ ਘਰ ਬੁਲਾ ਲਿਆ। ਜੇ. ਈ. ਸ਼ਿਵਦਿਆਲ ਦੀ ਬੈਠਕ ਵਿਚ ਬੈਠਾ ਚਾਹ ਨਾਲ ਆਡੋਂ ਖਾ ਰਿਹਾ ਸੀ। ਉਧਰੋਂ ਬੰਬੀ ਬੰਦ ਵੇਖਕੇ ਉਸਦਾ ਨੌਂਕਰ ਘਰ ਸਰਪੰਚ ਨੂੰ ਜੇ. ਈ. ਦੀ ਕਾਰਵਾਈ ਬਾਰੇ ਦੱਸਣ ਆਇਆ।

ਉਸਨੇ ਵੇਖਿਆ ਕਿ ਉਹੀ ਜੇ. ਈ. ਸਰਪੰਚ ਨਾਲ ਚਾਹ ਪੀ ਰਿਹਾ ਸੀ। ਨੌਂਕਰ ਨੇ ਰਮਜ਼ ਨਾਲ ਸਰਪੰਚ ਨੂੰ ਬੈਠਕੋਂ ਬਾਹਰ ਬੁਲਾਇਆ ਤੇ ਉਸਦੇ ਕੰਨ ਵਿਚ ਜੇ. ਈ. ਦੀ ਕਰਤੂਤ ਦੱਸੀ। ਸ਼ਿਵਦਿਆਲ ਬੈਠਕੇ ਵਾਪਿਸ ਆਇਆ ਤੇ ਆਉਂਦਿਆ ਹੀ ਗਰਮ ਹੋ ਕੇ ਜੇ. ਈ. ਨੂੰ ਕਹਿਣ ਲੱਗਾ, " ਬੰਦੇ ਦਾ ਪੁੱਤ ਬਣਕੇ ਏਥੋਂ ਦਫਾ ਹੋ ਜਾ। ਦੂਰ ਫਿੱਟੇ ਮੂੰਹ ਤੇਰੀ ਕਰਤੂਤ ਦਾ। ਜਿੱਥੇ ਖਾਨਾ ਏਂ ਉੱਥੇ ਹੀ ਹੱਗੀ ਜਾਨਾ ਏ।" ਜੇ. ਈ. ਉਸ ਵਕਤ ਆਡਾਂ ਛਿੱਲ ਰਿਹਾ ਸੀ। ਉਸਨੇ ਮੜਕੜੇ ਆਡਾਂ ਅੱਧਾ ਛਿਲਿਆ ਹੀ ਪਲੇਟ ਵਿਚ ਰਖਿਆ ਅਤੇ ਗਰਿਪ ਉਥੇ ਹੀ ਰੱਖ ਕੇ, ਖਿਸਕਦਾ ਬਣਿਆ।

ਇਕ ਦਿਨ ਸ਼ਿਵ ਦਿਆਲ ਆਪਣੀ ਹਵੇਲੀ ਵਿਚ ਬੈਠਾ ਮਸਤੀ ਮਾਰ ਰਿਹਾ ਸੀ। ਉਸਦੇ ਇਰਦ ਗਿਰਦ ਉਸਦੇ ਨੌਂਕਰ ਚਾਕਰ ਸਨ। ਏਨੇ ਨੂੰ ਇਕ ਡੱਗੀ ਵਾਲਾ ਪਿੰਡ ਵਿਚ ਕੱਪੜਾ ਵੇਚਣ ਲਈ, ਸਰਪੰਚ ਦੀ ਹਵੇਲੀ ਵਿਚੋਂ ਪਿੰਡ ਵੱਲ ਜਾ ਰਿਹਾ ਸੀ। ਅਚਾਨਕ ਸਰਪੰਚ ਦੀ ਨਜ਼ਰ ਉਸ ਫੇਰੀ ਵਾਲੇ ਉੱਪਰ ਪਈ ਤੇ ਉਸਨੇ ਉਹਨੂੰ ਆਵਾਜ਼ ਮਾਰਕੇ ਕੋਲ ਬੁਲਾਇਆ। ਡੱਗੀ ਵਾਲੇ ਨੇ ਸਮਝਿਆ ਕਿ ਉਸਨੇ ਕੱਪੜਾ ਵਗੈਰਾ ਲੈਣਾ ਏ। ਇਸ ਲਈ ਉਹਨੇ ਆਪਣਾ ਡੱਗੀ ਵਾਲਾ ਸਾਈਕਲ ਸਰਪੰਚ ਦੇ ਮੰਜੀ ਕੋਲ ਲਾਇਆ ਤੇ ਕਹਿਣ ਲੱਗਾ, "ਹੁਕਮ ਸਰਦਾਰ ਜੀ !" ਸਰਪੰਚ ਨੇ ਉਸ ਵੱਲ ਪੜਚੋਲਣੀ ਨਜ਼ਰ ਮਾਰੀ। ਉਸਨੇ ਸੁਰਮਾ ਪਾਇਆ ਹੋਇਆ ਸੀ ਤੇ ਭੜਕੀਲੇ ਰੰਗ ਬਰੰਗੇ ਕੱਪੜੇ ਪਹਿਨੇ ਹੋਏ ਸਨ। ਸ਼ਿਵਦਿਆਲ ਨੂੰ ਗੁੱਸਾ ਚੜ੍ਹ ਗਿਆ। ਉਸਨੇ ਆਪਣੇ ਇਕ ਕਾਮੇ ਨੂੰ ਖੂਹ ਵਿਚੋਂ ਪਾਣੀ ਦੀ ਬਾਲਟੀ ਲਿਆਉਣ ਲਈ ਕਿਹਾ, ਜੋ ਕਿ ਉਹ ਮਿੰਟਾਂ ਵਿਚ ਲੈ ਆਇਆ। ਸਰਪੰਚ ਨੇ ਉਠਕੇ ਪਾਣੀ ਦੀ ਬਾਲਟੀ ਉਸਦੇ ਸਿਰ ਵਿਚ ਡੋਹਲ ਦਿੱਤੀ ਤੇ ਆਪਣੇ ਕਾਮਿਆਂ ਨੂੰ ਕਿਹਾ, " ਇਸ ਕੰਜਰ ਦੀ ਅੱਖਾਂ 'ਚੋਂ ਸੁਰਮਾ ਕੱਢੋ। ਇਹ ਸਾਲਾ ਇਹ ਭੜਕੀਲੇ ਕੱਪੜੇ ਪਾ ਕੇ ਸਾਡੇ ਪਿੰਡ ਆਇਆ ਕੀ ਲੈਣ ਏ ? ਇਹ ਧੀਆ ਭੈਣਾ ਵਾਲਾ ਪਿੰਡ ਏ, ਇਹਨੂੰ ਮਾਤਰ ਚੋ....ਨੂੰ ਸ਼ਰਮ ਨੂੰ ਹੱਥ ਮਾਰਨਾ ਚਾਹੀਦਾ ਏ।" ਉਸ ਉਪਰ ਦੋ ਤਿੰਨ ਬਾਲਟੀਆ ਹੋਰ ਡੋਹਲੀਆਂ ਗਈਆਂ ਤਾਂ ਕਿ ਉਸਦੀ ਸ਼ੌਕੀਨੀ ਪਾਣੀ ਨਾਲ ਰੁੜਕੇ ਨਾਲੀ ਵਿਚ ਆ ਜਾਵੇ। ਉਹ ਗਰੀਬ ਕੱਪੜੇ ਵਾਲਾ ਆਪਣਾ ਸਮਾਨ ਸੰਭਾਲ ਕੇ ਜਲਦੀ ਨਾਲ ਬੁੜ ਬੁੜ ਕਰਦਾ ਸ਼ਿਵਦਿਆਲ ਦੀ ਹਵੇਲੀਉ ਨਿਕਲ ਗਿਆ।

ਇਕ ਦੁਪਿਹਰੇ ਉਹ ਪਿੰਡ ਦੇ ਛੱਪੜ ਕੋਲੋਂ ਲੰਘ ਰਿਹਾ ਸੀ। ਉਥੇ ਕੁਝ ਪੂਰਬੀਏ ਮੱਛੀਆਂ ਫੜ ਰਹੇ ਸਨ। ਉਹਨਾਂ ਮੱਛੀਆਂ ਨਾਲ ਝੋਲਾ ਭਰਿਆ ਹੋਇਆ ਸੀ। ਸਰਪੰਚ ਨੇ ਆਵਾਜ਼ ਮਾਰਕੇ ਉਹਨਾਂ ਨੂੰ ਆਪਣੇ ਕੋਲ ਬੁਲਾਇਆ ਤੇ ਪੁੱਛਿਆ ਕਿ ਉਹ ਕੋਣ ਹਨ ? ਉਹ ਆਖਣ ਲੱਗੇ ਕਿ ਉਹ ਜੰਗਲਾਤ ਮਹਿਕਮੇ ਦੇ ਮੁਲਾਜ਼ਮ ਹਨ ਤੇ ਉਹਨਾਂ ਨੂੰ ਸਾਹਿਬ ਨੇ ਮੱਛੀਆ ਫੜਨ ਲਈ ਭੇਜਿਆ ਏ। ਸਰਪੰਚ ਨੇ ਉਹਨਾਂ ਦਾ ਮੱਛੀਆਂ ਨਾਲ ਭਰਿਆਂ ਝੋਲਾ ਆਪਣੇ ਕਬਜ਼ੇ ਕੀਤਾ ਤੇ ਆਖਣ ਲੱਗਾ, "ਮਾਮੇ ਜੰਗਲਾਤ ਮਹਿਕਮੇ ਦੇ। ਹਰਾਮ ਜ਼ਾਦਿਉ, ਇਹ ਸਾਡੇ ਪਿੰਡ ਦਾ ਛੱਪੜ ਏ, ਇਹਦਾ ਜੰਗਲਾਤ ਨਾਲ ਕੀ ਲੈਣਾ ਦੇਣਾ ?" ਉਸਨੇ ਉਹਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਸਾਈਕਲ ਤੇ ਜਾਲ ਵਿੱਚੇ ਛੱਡਕੇ ਦੌੜਦੇ ਬਣੇ।

ਨਿਤ ਦੀ ਸ਼ਰਾਬ ਨੇ, ਜਿੱਥੇ ਉਸਦੀ ਜ਼ਮੀਨ ਜਾਇਦਾਦ ਬਿਲੇ ਲਾ ਦਿੱਤੀ ਉੱਥੇ ਉਸਦੀ ਸਿਹਤ ਵੀ ਵਿਗੜਨੀ ਸ਼ੁਰੂ ਹੋ ਗਈ। ਉਸਦੇ ਭਰਾਵਾਂ ਨੇ ਉਸ ਕੋਲੋਂ ਸਾਰੀ ਜ਼ਮੀਨ ਛੁਡਾ ਲਈ ਤੇ ਆਪਣੇ ਸ਼ਰੀਕਾਂ ਨੂੰ ਠੇਕੇ ਤੇ ਦੇ ਦਿੱਤੀ। ਇਹ ਸਭ ਕੁਝ ਸ਼ਿਵਦਿਆਲ ਲਈ ਅਸਹਿਣੀ ਸੀ। ਉਹਦੀ ਫਜ਼ੂਲ ਖਰਚੀ ਨਿਰੰਤਰ ਜਾਰੀ ਸੀ।

ਹੌਲੀ ਹੌਲੀ ਉਸਦੇ ਪੰਜੇ ਮੁੰਡੇ, ਜੋ ਕਿ ਪਹਿਲਾਂ ਚੁੱਪ ਚਾਪ ਪਿਉ ਦੀਆਂ ਵਧੀਕੀਆਂ ਸਹਿੰਦੇ ਰਹੇ ਤੇ ਦੱਬੇ ਘੁੱਟੇ ਰਹੇ। ਹੁਣ ਉਹਨਾਂ ਨੇ ਏਕਾ ਕਰਕੇ ਸ਼ਿਵਦਿਆਲ ਉਪਰ ਪਾਬੰਧੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਸ਼ਿਵਦਿਆਲ ਨੂੰ ਅਜਿਹੀਆਂ ਪਾਬੰਦੀਆਂ ਹਰਗਿਜ਼ ਕਬੂਲ ਨਹੀਂ ਸਨ। ਮੁੰਡਿਆਂ ਨਾਲ ਉਸਦਾ ਝਗੜਾ ਦਿਨੋ ਦਿਨ ਵਧਣ ਲੱਗਾ। ਉਹਨਾਂ ਨੂੰ ਆਪਣੇ ਪਿਉ ਦੀਆਂ ਕਮੀਨੀਆ ਹਰਕਤਾਂ ਵੀ ਪਸੰਦ ਨਹੀਂ ਸਨ। ਉਹਨਾਂ ਨੇ ਉਸਦੀ ਘਰੋਂ ਬਾਹਿਰ ਜਾਣ ਤੇ ਪਾਬੰਧੀ ਲਾ ਦਿੱਤੀ ਕਿਉਕਿ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਆਪਣੇ ਸ਼ਰੀਕਾਂ ਵਿਚ ਕੰਗਾਲ ਬਣਾ ਰੱਖਿਆ ਸੀ। ਇਸ ਝਗੜੇ ਨੂੰ ਸਾਰਾ ਪਿੰਡ ਚੁੱਪ ਚਾਪ ਵੇਖ ਰਿਹਾ ਸੀ। ਉਸਦੀਆਂ ਵਧੀਕੀਆਂ ਤੇ ਮਨਮਾਨੀਆ ਤੋਂ ਪਿੰਡ ਦੇ ਬਹੁਤੇ ਲੋਕ ਤੰਗ ਸਨ। ਘਰ ਜਾਂ ਬਾਹਰ, ਕਿਸੇ ਦੀ ਵੀ ਉਸ ਨਾਲ ਹਮਦਰਦੀ ਨਹੀਂ ਸੀ ਰਹੀ।

ਇਕ ਦਿਨ ਸਵੇਰੇ ਸਵੇਰੇ ਪਿੰਡ ਵਿਚ ਰੌਲਾ ਪੈ ਗਿਆ ਤੇ ਰੋਣ ਧੋਣ ਦੀਆਂ ਆਵਾਜ਼ਾ ਆਉਣ ਲੱਗੀਆਂ। ਘਰੋਂ ਬਾਹਰ ਨਿਕਲਿਆ ਤਾਂ ਪਤਾ ਲੱਗਾ ਕਿ ਸ਼ਿਵ ਦਿਆਲ ਰਾਤੀ ਮੁੰਡਿਆਂ ਨਾਲ ਲੱੜਕੇ ਘਰੋਂ ਬਾਹਰ ਚਲਾ ਗਿਆ ਸੀ ਤੇ ਉਸਨੇ ਬਾਹਮਣਾਂ ਵਾਲੇ ਖੂਹ ਵਿਚ ਛਾਲ ਮਾਰਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਸੀ।

ਉਸ ਦਿਨ ਮੇਰਾ ਸਾਰੀ ਦਿਹਾੜੀ ਕੋਈ ਕੰਮ ਕਰਨ ਨੂੰ ਜੀ ਨਾ ਕੀਤਾ। ਮੈਂ ਉਸਦੇ ਸਵਾਰਗ ਤੋਂ ਬਣੇ ਨਰਕੀ ਜੀਵਨ ਬਾਰੇ ਹੀ ਸੋਚਦਾ ਰਿਹਾ।

# ਲੇਕਿਨ ਸਾਹਿਬ

ਲਾਭਾ ਵੱਡਾ ਹੋ ਕੇ ਲਾਭ ਸਿੰਘ ਲੇਕਿਨ ਬਣਿਆ ।ਉਹ ਸਰੀਰ ਦਾ ਭਾਂਵੇ ਪਤਲਾ ਸੀ ਪਰ ਦੁਬਲਾ ਨਹੀਂ। ਉਹ ਦਰ ਮਿਆਨੇ ਕੱਦ ਵਾਲਾ ਸੀ ਪਰ ਸਰੀਰ ਛੀਟਕਾ ਹੋਣ ਕਰਕੇ, ਲੰਮਾ ਲੱਗਦਾ ਸੀ। ਉਸ ਦਾ ਰੰਗ ਸਾਫ ਸੀ, ਅੱਖਾਂ ਬਲੌਰੀ ਤੇ ਨੱਕ ਤੋਤੇ ਵਰਗਾ ਸੀ। ਉਹ ਹਰੀ ਜਾ ਸਾਵੀ ਪਗੜੀ ਬੰਨਦਾ ਸੀ ਤੇ ਰੰਗਦਾਰ ਐਨਕਾਂ ਲਾਕੇ ਜਦੋ ਬਾਹਰ ਨਿਕਲਦਾ ਤਾਂ ਇੰਜ ਲੱਗਦਾ ਸੀ ਜਿਵੇਂ ਤੋਤੇ ਨੇ ਐਨਕ ਲਾਈ ਹੋਵੇ। ਉਸ ਦੇ ਕਈ ਜਾਣੂ ਉਸਨੂੰ ਤੋਤਾ ਵੀ ਕਹਿੰਦੇ ਸਨ। ਜਦੋਂ ਉਸ ਨੇ ਇਸ ਉਪਨਾਮ ਨਾਲ ਚਿੜਕੇ ਹਰੀ ਪਗੜੀ ਬੰਦ ਕਰ ਦਿੱਤੀ ਤਾਂ ਆਪੇ ਲੋਕੀ ਤੋਤਾ ਕਹਿਣੋਂ ਹੱਟ ਗਏ।

ਲਾਭ ਸਿੰਘ ਦਸਵੀ ਜਮਾਤ ਤੱਕ ਪੜ੍ਹਿਆ ਸੀ। ਫਿਰ ਵੀ ਉਸਦਾ ਉਰਦੂ ਵਿਚ ਗੂੜ ਗਿਆਨ ਸਲਾਘਾਯੋਗ ਸੀ। ਉਸਨੇ ਕੋਰਸ ਤੋਂ ਇਲਾਵਾ ਉਰਦੂ ਭਾਸ਼ਾ ਦਾ ਕਾਫੀ ਸਾਹਿਤ ਪੜ੍ਹਿਆ ਹੋਇਆ ਸੀ। ਉਸਨੂੰ ਉਰਦੂ ਬੋਲਣ ਦਾ ਬਹੁਤ ਅਭਿਆਸ ਸੀ। ਉਹ ਅਦੀਬਾ ਵਾਂਗ ਬੜੇ ਪ੍ਰਭਾਵ ਸ਼ਾਲੀ ਢੰਗ ਨਾਲ ਜਦੋਂ ਉਰਦੂ ਬੋਲਦਾ ਤਾਂ ਸੁਣਨ ਵਾਲੇ ਕੀਲੇ ਜਾਂਦੇ ਸਨ। ਉਸਦੀ ਲਿਖਾਈ ਤਾਂ ਇੰਜ ਸੀ ਜਿਵੇਂ ਮੋਤੀ ਪਰੋਏ ਹੋਣ ।ਇਕ ਇਕ ਅੱਖਰ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਸੀ। ਪਿੰਡ ਦੇ ਲੋਕ ਕਈ ਜਰੂਰੀ ਪੱਤਰ ਉਸ ਕੋਲੋਂ ਉਚੇਚਾ ਲਿਖਵਾਉਂਦੇ ਸਨ। ਉਸਨੇ ਮਿਰਜ਼ਾ ਗਾਲਿਬ, ਜੌਕ ਅਲਾਮਾ ਇਕਬਾਲ ਤੇ ਫੈਜ਼ ਅਹਿਮਦ ਫੈਜ਼ ਦੀ ਸ਼ਾਇਰੀ ਰਟੀ ਹੋਈ ਸੀ। ਇਸ ਲਈ ਉਹ ਗੱਲ ਗੱਲ ਵਿਚ ਉਹਨਾਂ ਦੇ ਸ਼ੇਅਰ ਜੜ੍ਹ ਦਿੰਦਾ ਤਾਂ ਉਸ ਦੀ ਵਾਣੀ ਮਨੋਹਰ ਹੋ ਜਾਂਦੀ। ਉਹ ਘੜਮੜ੍ਹ ਲੇਕਿਨ ਲਫਜ਼ ਦਾ ਬਹੁਤ ਇਸਤੇਮਾਲ ਕਰਦਾ ਸੀ, ਇਸ ਲਈ ਉਸਨੂੰ ਜਾਨਣ ਵਾਲੇ ਲੇਕਿਨ ਸਾਹਿਬ ਜਾਂ ਲਾਭਾ ਲੇਕਿਨ ਆਖਣ ਲੱਗ ਪਏ ਸਨ। ਕਈ ਵਾਰ ਉਸਨੂੰ ਜਦੋਂ ਕੋਈ ਵਿਚਾਰ ਨਾ ਸੁੱਝਦਾ ਤਾਂ ਉਹ ਠਹਿਰਾਉ ਲਈ ਲੇਕਿਨ ਲੇਕਿਨ ਆਖੀ ਜਾਂਦਾ ਜਿਵੇਂ ਰਿਕਾਰਡ ਦੀ ਸੂਈ ਅੜ ਗਈ ਹੋਵੇ। ਲੋਕੀ ਹਸਣ ਲੱਗ ਪੈਂਦੇ। ਲੇਕਿਨ ਤੋਂ ਇਲਾਵਾ ਉਹ ਚੂੰਕਿ ਚੁਨਾਚੇਂ, ਅਲਬਤਾ ਬਹਿਰਹਾਲ ਆਦਿ ਲਫਜ਼ਾ ਦਾ ਵੀ ਆਮ ਹੀ ਪ੍ਰਯੋਗ ਕਰਦਾ ਸੀ ਪਰ ਉਹ ਲੇਕਿਨ ਸਾਹਿਬ ਦੇ ਉਪਨਾਮ ਨਾਲ ਹੀ ਮਸ਼ਹੂਰ ਹੋ ਗਿਆ ਸੀ।

ਇਹ ਨਾਮ ਉਸਦਾ ਉਸ ਵੇਲੇ ਪੱਕਾ ਹੋ ਗਿਆ ਜਦੋਂ ਪਿੰਡ ਵਿਚ ਲੜਾਈ ਸਬੰਧੀ ਇਕ ਥਾਣੇਦਾਰ ਤਫਤੀਸ਼ ਕਰਨ ਆਇਆ। ਇਸ ਕੇਸ ਵਿਚ ਉਹ ਮੌਕੇ ਦਾ ਗਵਾਹ ਸੀ। ਜਦੋਂ ਉਸਦੀ ਗਵਾਹੀ ਦੀ ਵਾਰੀ ਆਈ ਤਾਂ ਉਸਨੇ ਗਵਾਹੀ ਘੱਟ ਦਿੱਤੀ ਲੇਕਿਨ ਲੇਕਿਨ ਵਧੇਰੇ

ਵਾਰੀ ਆਖਿਆ। ਉਸਨੇ ਚੂੰਕਿ ਚੁਨਾਂਚੇ ਲਾ ਕੇ ਜਦ ਗਵਾਹੀ ਖਤਮ ਕੀਤੀ ਤਾਂ ਗੱਲ ਗੋਲ ਮੋਲ ਹੋਣ ਕਾਰਨ, ਥਾਣੇਦਾਰ ਦੇ ਉਸਦੀ ਗੱਲ ਪਿੜ ਪੱਲੇ ਨਾ ਪਈ। ਉਸਨੇ ਖਿਝ ਕੇ ਆਖਿਆ, "ਗਵਾਹ ਕੋਈ ਜ਼ਰਾ ਘੱਟ ਪੜ੍ਹਿਆ ਲਿਆਉ, ਇਹਦੀ ਲੇਕਿਨ ਲੇਕਿਨ ਕਚਹਿਰੀ ਵਿਚ ਕਾਰਆਮਦ ਨਹੀਂ ਹੋਣੀ। ਮੈਨੂੰ ਤਾਂ ਪਤਾ ਈ ਨਹੀਂ ਲੱਗਾ ਕਿ ਇਹ ਮੁਲਜ਼ਮ ਦੇ ਹੱਕ ਵਿਚ ਗਵਾਈ ਦੇ ਰਿਹਾ ਜਾਂ ਵਿਰੋਧ ਵਿਚ !" ਜਦ ਥਾਣੇਦਾਰ ਨੂੰ ਉਹਨੂੰ ਪੰਜਾਬੀ ਵਿਚ ਸਪੱਸ਼ਟ ਗਵਾਹੀ ਦੇਣ ਲਈ ਆਖਿਆ ਤਾਂ ਉਹ ਫਿਰ ਲੇਕਿਨ ਲੇਕਿਨ ਕਰਨ ਲੱਗਾ ਤਾਂ ਉਸਦੀ ਗਵਾਹੀ ਕਟਕੇ ਕਿਸੇ ਹੋਰ ਦੀ ਗਵਾਹੀ ਲਈ ਗਈ।

ਲੇਕਿਨ ਦਾ ਇਕ ਹੋਰ ਜਬਰਦਸਤ ਸੌਕ ਸੀ। ਉਹ ਨਹਾਉਣ ਦਾ ਨਾਗਾ ਪਾ ਸਕਦੇ ਸਨ ਪਰ ਸੁਰਮਾ ਪਾਉਂਣ ਦਾ ਨਹੀਂ। ਉਹਨਾਂ ਕੋਲ ਕਈ ਕਿਸਮ ਦੇ ਸੁਰਮੇ ਤੇ ਸੁਰਮੇਦਾਨੀਆ ਸਨ। ਮਿਲਣ ਵਾਲਿਆ ਨੂੰ ਉਹ ਵੱਖ ਵੱਖ ਸੁਰਮਿਆਂ ਦੀਆ ਖੂਬੀਆ ਦਸਦੇ ਅਤੇ ਨਾਲੇ ਸਿਲਾਈਆਂ ਅੱਖਾਂ ਵਿਚ ਪਾਈ ਜਾਂਦੇ। ਸੁਰਮਈ ਅੱਖੀਆਂ ਨਾਲ ਉਸਦੀ ਦਿੱਖ ਹੋਰ ਦਿਲਕਸ਼ ਹੋ ਜਾਂਦੀ ਸੀ। ਉਹ ਜਦੋਂ ਬਣ ਫਬਕੇ ਸੁਰਮਾਂ ਪਾ ਕੇ ਬਾਹਰ ਨਿਕਲਦਾ ਤਾਂ ਬੜੀਆਂ ਚੜ੍ਹਦੀਆਂ ਕਲਾਂ ਵਿਚ ਹੁੰਦਾ ਸੀ। ਉਸਦੀ ਤਾਬ ਨਹੀਂ ਸੀ ਝੱਲੀ ਜਾਂਦੀ। ਹੌਲੀ ਹੌਲੀ ਸ਼ਾਮ ਤੱਕ ਜਦ ਉਸਦਾ ਸੁਰਮਾਂ ਮਧਮ ਹੋ ਜਾਂਦਾ ਤਾਂ ਉਸਦੀ ਚਾਲ ਢਾਲ ਵੀ ਮਧਮ ਹੋ ਜਾਂਦੀ ਸੀ। ਕਿਉਂਕਿ ਅੱਜ ਕਲ ਸੁਰਮਾ ਪਾਉਣ ਦਾ ਰਿਵਾਜ ਨਹੀਂ ਰਿਹਾ, ਕਿਸੇ ਵਾਕਿਫ ਨੇ ਨਿੱਤ ਸੁਰਮਾ ਪਾਉਣ ਦਾ ਕਾਰਨ ਲੇਕਿਨ ਨੂੰ ਪੁਛਿਆ ਤਾਂ ਉਹ ਆਖਣ ਲੱਗਾ, "ਦਰ ਅਸਲ ਮੇਰੀਆ ਅੱਖਾਂ ਸੁਰਮੇ ਤੋ ਬਗੈਰ ਖਰਾਬ ਹੋ ਜਾਂਦੀਆ ਨੇ। ਲੇਕਿਨ ਜੇਕਰ ਨਾਗਾ ਨਾ ਪਾਵਾਂ ਤਾਂ ਅੱਖਾਂ ਵਿਚ ਰੜਕ ਪੈਣ ਲਗਦੀ ਏ। ਲੇਕਿਨ ਜੇਕਰ ਮੈਂ ਨਾਗਾ ਨਾ ਪਾਵਾਂ ਤਾਂ ਅੱਖਾ ਤਰੋਤਾਜ਼ਾ ਰਹਿੰਦੀਆ ਨੇ। ਲੇਕਿਨ...।" ਅਜੇ ਉਹਨੇ ਕਈ ਕੁਛ ਹੋਰ ਵੀ ਦਸਣਾ ਸੀ, ਸੁਣਨ ਵਾਲੇ ਦੀ ਪਹਿਲਾਂ ਹੀ ਤਸੱਲੀ ਹੋ ਗਈ। ਉਸਨੇ ਹਾਲੇ ਲੇਕਿਨ ਦੇ ਸੁਰਮਚੂ ਨਾਲ ਕਈ ਵਾਰ ਹੋਰ ਸੁਰਮਾ ਪਾਉਣਾਂ ਸੀ।

ਲੇਕਿਨ ਸਾਹਿਬ ਬੰਦਿਆਂ ਨਾਲੋ ਬੁਢੀਆਂ ਵਿਚ ਵਧੇਰੇ ਮਕਬੂਲ ਸਨ। ਉਹਨਾਂ ਦੇ ਮਰਦ ਯਾਰ ਬੇਲੀ ਘੱਟ ਹੀ ਸਨ ਕਿਉਂਕਿ ਉਹ ਬਹੁਤੀ ਉਮਰ ਜਨਾਨੀਆਂ ਵਿਚ ਹੀ ਵਿਚਰਦੇ ਰਹੇ। ਹੌਲੀ ਹੌਲੀ ਹੌਲੀ ਸੌਹਬਤ ਕਾਰਨ, ਉਸਦੇ ਹਾਵ ਭਾਵ ਵੀ ਤੀਵੀਆਂ ਵਰਗੇ ਹੋ ਗਏ ਸਨ ਤੇ ਉਹਨਾਂ ਵਿਚ ਮਰਦਾਂ ਵਾਲਾ ਤਿੱਖਾਪਣ ਗਾਇਬ ਹੋ ਚੁਕਾ ਸੀ। ਉਹ ਗੋਰੀਆਂ ਹੀ ਨਹੀਂ, ਹਰੇਕ ਕਿਸਮ ਦੀਆਂ ਰੰਨਾਂ ਦਾ ਸ਼ੌਕੀ ਸੀ। ਉਸਦੀਆਂ ਉਂਗਲੀਆਂ ਤੇ ਵੰਨ ਸਵੰਨੀਆਂ ਮੁੰਦਰੀਆਂ ਗਲ ਵਿਚ ਚੇਨੀ ਤੇ ਸੁਰਮੇ ਵਾਲੀਆਂ ਅੱਖਾਂ ਵੇਖਕੇ ਇਹ ਪ੍ਰਭਾਵ ਹੋਰ ਗੂੜਾ ਹੋ ਜਾਂਦਾ ਸੀ। ਕਈਆਂ ਦਾ ਵਿਚਾਰ ਸੀ ਕਿ ਜਨਾਨੀ ਤਾਂ ਉਹ ਕਿਕਰ ਤੇ ਚੜ੍ਹੀ ਵੀ ਲਾਹ ਲੈਂਦੇ ਸਨ ਪਰ ਮਰਦ ਭੁੰਜੇ ਖਲੋਤਾ ਵੀ ਉਸਨੂੰ ਨਜ਼ਰ ਨਹੀਂ ਸੀ ਆਉਂਦਾ। ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾ ਵਿਚ ਵੀ ਉਹ ਮਰਦਾਂ ਦੀ ਥਾਂ ਜਨਾਨੀਆਂ ਵਿਚ ਹੀ ਖੜੇ ਨਜ਼ਰ ਆਉਂਦੇ ਸਨ। ਉਹ ਇਹਨਾਂ ਮੌਕਿਆਂ ਤੇ ਜਨਾਨੀਆਂ ਦਾ ਧਿਆਨ ਖਿਚਣ ਲਈ ਕਪੜੇ ਵੀ ਰੰਗਦਾਰ

ਤੇ ਭੜਕੀਲੇ ਪਾਉਂਦਾ ਸੀ। ਉਸਦੇ ਘਰ ਵਿਚ ਜਨਾਨੀਆਂ ਦਾ ਹੀ ਬਹੁਤਾ ਆਉਣਾ ਜਾਣਾ ਸੀ। ਇਕ ਦਿਨ ਉਸਦੀ ਮਾਂ ਨੇ ਆਖਿਆ, "ਵੇ ਲਾਭਿਆ ਤੇਰਾ ਕੋਈ ਬੰਦਾ ਵੀ ਯਾਰ ਏ ਕਿ ਸਾਰੀਆਂ ਜਨਾਨੀਆਂ ਹੀ ਨੇ ? ਉਹਨੀਆਂ ਜਨਾਨੀਆਂ ਤਾਂ ਮੈਨੂੰ ਮਿਲਣ ਲਈ ਨਹੀਂ ਆਉਂਦੀਆਂ ਜਿੰਨੀਆਂ ਤੈਨੂੰ ਮਿਲਣ ਭੱਜੀਆਂ ਆਉਦੀਆਂ ਨੇ ਮਿਲਣ? ਤੂੰ ਮਰਦ ਹੈ ਤੇ ਮਰਦਾਂ ਨਾਲ ਮਿਲਿਆਂ ਗਿਲਿਆਂ ਕਰ। ਤੇਰੇ ਘਰ ਵਾਲੀ ਸੋਹਣੀ ਸੁਣੱਖੀ ਏ, ਤੂੰ ਉਹਨੂੰ ਮਿਲਕੇ ਨਹੀਂ ਰੱਜਦਾ ? ਨਾ ਬੁਲਾਇਆਂ ਕਰ ਇਹਨਾਂ ਚੜੇਲਾਂ ਨੂੰ ਘਰ !" ਪਰ ਲੇਕਿਨ ਨੂੰ ਇਹ ਚੁੜੇਲਾਂ ਨਹੀਂ ਪਰੀਆਂ ਲੱਗਦੀਆਂ ਸਨ। ਨਿਰੀਆਂ ਹੂਰਾਂ। ਇਕ ਦੂਜੀ ਤੋਂ ਵੱਧ।

ਮਰਦਾਂ ਦੀ ਦੁਨੀਆਂ ਵਿਚ ਲਗਭਗ ਉਹ ਫੇਲ੍ਹ ਸੀ। ਜਦੋਂ ਕਦੀ ਉਸਨੂੰ ਸਮਾਜ ਵਿਚ ਮਰਦਾਂ ਦੀ ਥਾਂ ਵਿਚਰਨਾ ਪੈਂਦਾ ਤਾਂ ਉਹ ਲਿੱਦ ਕਰ ਛੱਡਦਾ ਸੀ। ਉਹ ਬੰਦਿਆਂ ਵਿਚ ਬੈਠਕੇ ਬਹੁਤ ਅਵਾਜ਼ਾਰ ਹੁੰਦਾ ਸੀ। ਬੰਦਿਆਂ ਨਾਲ ਗਲਬਾਤ ਕਰਨ ਲੱਗਿਆਂ ਉਹ ਘਬਰਾਉਂਦਾ ਸੀ। ਜੇਕਰ ਗਲ ਕਰਦਾ ਤਾਂ ਐਵੇਂ ਅੱਖਾਂ ਝਮੱਕੀ ਜਾਂਦਾ ਸੀ। ਉਸਦੇ ਬੁੱਲ ਲਰਜ਼ਾਉਦੇ ਤੇ ਫਰਕਦੇ ਨਜ਼ਰ ਆਉਂਦੇ ਸਨ ਤੇ ਜ਼ਬਾਨ ਥਿੜਕਦੀ। ਪਰ ਜਨਾਨੀਆਂ ਨਾਲ ਗੱਲਾਬਾਤਾ ਕਰਨ ਵੇਲੇ ਉਸ ਉਪਰ ਇਕ ਨਵਾਂ ਜੋਸ਼ ਤੇ ਜਵਾਨੀ ਪਰਤ ਆਂਉਦੀ ਸੀ। ਉਹ ਘਰੋੜ ਘਰੋੜ ਕੇ ਉਹਨਾਂ ਨਾਲ ਮਿੱਠੀਆਂ ਮਿੱਠੀਆਂ ਗੱਲਾ ਕਰਕੇ ਮਕੱਈ ਦੇ ਦਾਣੇ ਵਾਂਗ ਖਿੜ ਜਾਂਦਾ ਸੀ। ਜਨਾਨੀਆਂ ਜਦੋਂ ਬਾਰ ਬਾਰ ਉਸਦੇ ਮੂੰਹੋਂ ਲੇਕਿਨ ਤੇ ਅਲਬੱਤਾ ਸੁਣਦੀਆਂ ਤਾਂ ਬਹੁਤ ਪ੍ਰਭਾਵਤ ਹੁੰਦੀਆਂ।

ਪਿੰਡ ਵਿਚ ਪੰਚਾਇਤੀ ਦੀਆਂ ਚੋਣਾਂ ਆਈਆਂ। ਲੋਕਾਂ ਨੇ ਚੁਕ ਚੁਕਾਕੇ ਉਸਨੂੰ ਸਰਪੰਚ ਖੜਾ ਕਰ ਦਿੱਤਾ। ਉਹ ਬਿਲਕੁਲ ਨਹੀਂ ਸੀ ਚਾਹੁੰਦਾ। ਪਰ ਇਹ ਉਸਦੇ ਧੜੇ ਦੀ ਸਿਆਸੀ ਚਾਲ ਸੀ। ਉਹਨਾਂ ਦਾ ਵਿਚਾਰ ਸੀ ਕਿ ਲਾਭ ਸਿੰਘ ਨੂੰ ਬੰਦਾ ਹੋਣ ਦੇ ਨਾਤੇ ਬੰਦੇ ਤਾਂ ਵੋਟ ਪਾਉਣਗੇ ਹੀ, ਪਿੰਡ ਦੀਆਂ ਤਮਾਮ ਜਨਾਨੀਆਂ ਉਸਨੂੰ ਵੋਟ ਪਾਉਣਾ ਪਸੰਦ ਕਰਨਗੀਆਂ। ਉਹਨਾਂ ਦੀ ਇਹ ਚਾਲ ਸਫਲ ਹੋਈ। ਕੁਝ ਲੋਕਾਂ ਨੇ ਸ਼ੁਗਲ ਦੀ ਖ਼ਾਤਰ ਲਾਭੇ ਨੂੰ ਵੋਟਾਂ ਪਾ ਦਿੱਤੀਆਂ। ਉਹ ਸੋਚਦੇ ਸਨ ਕਿ ਲਾਭਾ ਉਹਨਾਂ ਦੇ ਘਰ ਵੋਟ ਮੰਗਣ ਆਵੇਗਾ ਤਾਂ ਉਸਦੇ ਮੂੰਹੋ ਚੂਕਿ ਚੁਨਾਚੇ ਤੇ ਲੇਕਿਨ ਹੀ ਸੁਣਾਂਗੇ। ਇਹ ਤਕੀਆਂ ਕਲਾਮ ਉਸਦੀ ਪਹਿਚਾਣ ਬਣ ਚੁੱਕੀ ਸੀ। ਜਨਾਨੀਆਂ ਨੇ ਧੜਾ ਧੜ ਲਾਭੇ ਨੂੰ ਵੋਟ ਪਾਏ। ਉਹਨਾਂ ਪਾਰਟੀ ਵਲ ਨਾ ਵੇਖਿਆ। ਉਹ ਸਮਝਦੀਆਂ ਸਨ ਕਿ ਲਾਭਾ ਵੀ ਉਹਨਾਂ ਵਰਗਾ ਹੀ ਏ। ਇਸਦੇ ਫਲਸਰੂਪ, ਲਾਭ ਸਿੰਘ ਬਹੁਗਿਣਤੀ ਨਾਲ ਸਰਪੰਚ ਬਣ ਗਿਆ।

ਸਰਪੰਚਾਂ ਦਾ ਪੁਲੀਸ, ਬਲਾਕ, ਤਹਿਸੀਲ ਜਾਂ ਕਚਹਿਰੀ ਨਾਲ ਆਮ ਹੀ ਵਾਸਤਾ ਪੈਂਦਾ ਹੈ। ਪਰ ਲਾਭ ਸਿੰਘ ਦਾ ਇਹਨਾਂ ਥਾਵਾਂ ਤੇ ਜਾਣ ਨੂੰ ਵੱਢਿਆਂ ਰੂਹ ਨਹੀਂ ਸੀ ਕਰਦਾ। ਲੋਕੀਂ ਆਪਣੇ ਕੰਮਾਂ ਦੀ ਖਾਤਰ ਉਸਨੂੰ ਸ਼ਾਮਿਲ ਵਾਜੇ ਵਾਂਗ ਖਿਚ ਧੂਹ ਕੇ ਲੈ ਜਾਂਦੇ। ਇਸ ਦੁਨੀਆਂ ਵਿਚ ਉਹ ਬਹੁਤ ਘੱਟ ਵਿਚਰਿਆਂ ਸੀ। ਉਹ ਜਿਸ ਦਿਨ ਵੀ ਠਾਣੇ ਕਚਿਹਰੀ ਜਾਂਦੇ ਤਾਂ ਸਿਰ ਦਰਦ ਲੈ ਕੇ ਆਉਂਦਾ। ਉਸਨੂੰ ਇਹਨਾਂ ਅਦਾਰਿਆਂ ਵਿਚ ਵਿਚਰਨ ਦਾ

ਕੋਈ ਅਨੁਭਵ ਨਹੀਂ ਸੀ। ਉਹ ਨਾ ਕਿਸੇ ਨੂੰ ਵੱਢੀ ਦਿੰਦਾ ਤੇ ਨਾਹੀ ਲੈਂਦਾ ਸੀ। ਅਜਿਹਾ ਬੰਦਾ ਤਹਿਸੀਲਾਂ ਕਚਿਹਰੀਆਂ ਵਿਚ ਖੋਟਾ ਪੈਸਾ ਹੁੰਦਾ ਹੈ। ਨਾਲ ਖੜਨ ਵਾਲਿਆਂ ਦਾ ਜਦ ਕੋਈ ਕੰਮ ਨਾ ਸੋਰਦਾ ਤਾਂ ਉਹ ਖਿਝਕੇ ਲਾਭ ਸਿੰਘ ਨਾਲ ਤੱਤੇ ਠੰਢੇ ਹੋ ਜਾਂਦੇ। ਲੋਕੀ ਉਸਨੂੰ ਨਾਲ ਖੜ੍ਹਣ ਤੋਂ ਕਤਰਾਉਣ ਲੱਗੇ। ਉਹ ਸੋਚਦੇ ਸਨ ਕਿ ਇਹਦੇ ਨਾਲੋਂ ਤਾਂ ਕਿਸੇ ਜਨਾਨੀ ਨੂੰ ਸਰਪੰਚ ਬਣਾ ਲੈਂਦੇ ਤਾਂ ਉਹ ਵੀ ਇਹਦੇ ਨਾਲੋਂ ਵਧੇਰੇ ਸਫਲ ਹੋਣੀ ਸੀ। ਲੇਕਿਨ ਸਾਹਿਬ ਨੂੰ ਦੁਨੀਆਂਦਾਰੀ ਨਹੀਂ ਆਉਂਦੀ ਸੀ। ਜੇਕਰ ਠਾਣੇਦਾਰ ਤੇ ਬਲਾਕ ਵਾਲੇ ਜਨਾਨੀਆਂ ਹੁੰਦੇ ਤਾਂ ਲਾਭੇ ਨੂੰ ਇਹ ਪਰੇਸ਼ਾਨੀ ਨਹੀਂ ਸੀ ਆਉਣੀ। ਪਿੰਡ ਵਾਲੇ ਤੇ ਉਹ ਦੋਹਵੇਂ ਹੀ ਆਪੋ ਆਪਣੀ ਜਗਾ ਡਾਹਢੇ ਪਰੇਸ਼ਾਨ ਸਨ।

ਇਕ ਦੱਫਾ ਦੋ ਗਵਾਂਢਣਾ ਆਪਸ ਵਿਚ ਲੜ ਪਈਆਂ। ਲੜ ਲੜਕੇ ਦੋਹਾਂ ਨੇ ਸਿਰ ਪੜਵਾ ਲਏ। ਲੋਕਾਂ ਨੇ ਉਹਨਾਂ ਨੂੰ ਸਮਝਾ ਬੁਝਾ ਕੇ ਪੰਚਾਇਤ ਕੋਲ ਖੜਿਆ। ਲੇਕਿਨ ਸਾਹਿਬ ਕੋਲ ਜਦ ਇਹ ਕੇਸ ਆਇਆ ਤਾਂ ਉਸਨੇ ਦੋਹਾਂ ਜਨਾਨੀਆਂ ਨੂੰ ਆਪਣੇ ਸਾਹਮਣੇ ਬਿਠਾਕੇ ਆਖਿਆ, "ਵੇਖੋ ਬੀਬੀਓ ਭੈਣੋ ਜਨਾਨੀਆਂ ਨੂੰ ਤਾਂ ਲੜਨਾ ਵੈਸੇ ਹੀ ਨਹੀ ਸੋਭਦਾ ਲੇਕਿਨ ਜੇਕਰ ਤੁਹਾਡਾ ਕਿਸੇ ਕਾਰਨ ਬੋਲ ਬੁਲਾਰਾ ਹੋ ਹੀ ਗਿਆ ਤਾਂ ਤੁਹਾਨੂੰ ਹਥੋ ਪਾਈ ਨਹੀਂ ਸੀ ਹੋਣਾ ਚਾਹੀਦਾ। ਲੇਕਿਨ ਜੇਕਰ ਤੁਸੀ ਹਥੋ ਪਾਈ ਹੋ ਹੀ ਗਈਆਂ ਤਾਂ ਡਾਂਗ ਸੋਟੇ ਦੀ ਨੌਬਤ ਕਿਉਂ ਆਈ ? ਲੇਕਿਨ ਜੇਕਰ ਤੁਸੀ ਕਿਸੇ ਚੁਕਣਾ ਤਹਿਤ ਲੜਭਿੜ ਹੀ ਪਈਆਂ ਤਾਂ ਸਿਰ ਪਾੜਣ ਤੱਕ ਨਹੀਂ ਸੀ ਪਹੁੰਚਣਾ ਚਾਹੀਦੈ। ਇਸ ਤਰ੍ਹਾ ਬੰਦੇ ਕਰਦੇ ਨੇ। ਲੇਕਿਨ ਜੇਕਰ ਤੁਹਾਨੂੰ ਹੁਣ ਠਾਣੇ ਕਚਿਹਰੀ ਜਾਣਾ ਪਿਆ ਤਾਂ ਉਥੇ ਤੁਹਾਡੀ ਵਾਧੂ ਬੇਇਜਤੀ ਹੋਊ। ਉਥੇ ਠਾਣੇਦਾਰ ਗੱਲ ਗੱਲ ਨਾਲ ਗਾਲ ਕਢਦੇ ਨੇ। ਲੇਕਿਨ ਜੇਕਰ ਤੁਸੀਂ ਕਚਿਹਰੀ ਗਈਆਂ ਤਾਂ ਉਥੇ ਵੀ ਵਕੀਲ ਕੇਹੜੇ ਪੱਧਰੇ ਨੇ ? ਲੇਕਿਨ ਹੁਣ ਤੁਸੀ ਚੂੰਕਿ ਮੇਰੇ ਕੋਲ ਪਹੁੰਚ ਗਈਆਂ ਜੇ , ਤੁਹਾਨੂੰ ਆਪਸ ਵਿਚ ਸਮਝੋਤਾ ਕਰ ਲੈਣਾ ਚਾਹੀਦਾ, ਬਿਲਫਰਜ ਤੁਸੀ ਸਮਝੋਤਾ ਨਹੀਂ ਕਰੋਗੀਆਂ ਤਾਂ ਇਸ ਨਾਲੋਂ ਵੱਡੀ ਬੇਵਕੂਫੀ ਕੋਈ ਨਹੀਂ ਹੋਵੇਗੀ। ਲੇਕਿਨ....।" ਉਹ ਬੋਲੀ ਜਾ ਰਿਹਾ ਸੀ। ਦੋਹਵੇ ਜਨਾਨੀਆਂ ਉਠਕੇ ਤੁਰ ਪਈਆਂ ਤੇ ਗੱਲ ਬਾਤ ਉਥੇ ਹੀ ਟੁਟ ਗਈ।

ਇਸ ਜਨਾਨਾ ਅੰਦਾਜ਼ ਵਿਚ ਉਹ ਸਾਰੀ ਉਮਰ ਪਿੰਡ ਵਾਲਿਆਂ ਨਾਲ ਵਰਤਦਾ ਰਿਹਾ। ਭਾਵੇਂ ਕੋਈ ਉਸਨੂੰ ਪਸੰਦ ਕਰੇ ਜਾਂ ਨਾਂ, ਇਹ ਉਸਦਾ ਆਪਣਾ ਅੰਦਾਜ ਸੀ। ਭਾਵੇਂ ਉਹ ਲੇਕਿਨ ਤੇ ਅਲਬਤਾ ਦੀਆਂ ਭੁਲ ਭੁਲੱਈਆਂ ਵਿਚ ਹੀ ਸਾਰੀ ਉਮਰ ਘੁੰਮਦਾ ਰਿਹਾ ਪਰ ਉਹ ਦਿਲੋਂ ਬਹੁਤ ਸਾਫ ਤੇ ਈਮਾਨਦਾਰ ਆਦਮੀ ਸੀ। ਉਸਨੇ ਕਦੀ ਕਿਸੇ ਨਾਲ ਕੋਈ ਵਧੀਕੀ ਜਾਂ ਧੋਖਾ ਨਹੀਂ ਸੀ ਕੀਤਾ। ਲੋਕ ਭਾਵੇਂ ਉਸਦੀਆਂ ਗੱਲਾਂ ਦਾ ਮਜਾਕ ਉਡਾਉਂਦੇ ਸਨ ਪਰ ਵਿਚੋਂ ਉਸਦੀ ਨੇਕ ਨੀਤੀ ਦੀ ਕਦਰ ਵੀ ਕਰਦੇ ਸਨ। ਉਸਦੀ ਵਸੀਅਤ ਅਨੁਸਾਰ, ਉਸਦੇ ਮਿਰਤਕ ਸਰੀਰ ਨੂੰ ਨਵਾ ਧੁਆਕੇ, ਅੱਖਾਂ ਵਿਚ ਸੁਰਮਾ ਪਾਇਆਂ ਗਿਆਂ, ਤਾਂ ਕਿ ਉਹ ਅਗਲੇ ਜਹਾਨ ਨੂੰ ਨਰੋਈਆਂ ਅੱਖਾਂ ਨਾਲ ਤੱਕ ਸਕੇ।

• •



WOLVERHAMPTON
PUBLIC LIBRARIES

STAR BOOKS
55, Warren St., London W1T 5NW
Ph. : (020) 7380 0622
E-mail : indbooks@aol.com

ਮੈਂ ਤੁਹਾਡੀ ਨਵੀਂ ਪੁਸਤਕ ਬੜੇ ਸ਼ੌਕ ਤੇ ਤੀਬਰਤਾ ਨਾਲ ਪੜ੍ਹੀ ਹੈ। ਸ਼ਬਦ-ਚਿਤਰਾਂ ਦੀਆਂ ਪੇਂਡੂ ਜੀਵਨ ਬਾਰੇ ਮੈਂ ਤੁਹਾਡੀਆਂ ਪਹਿਲੀਆਂ ਪੁਸਤਕਾਂ ਵੀ ਪੜ੍ਹੀਆਂ ਹਨ। ਵੀਹਵੀਂ ਸਦੀ ਦੇ ਪੇਂਡੂ ਪੰਜਾਬੀ ਸਭਿਆਚਾਰ ਨੂੰ ਤੁਸਾਂ ਬਾਖ਼ੂਬੀ ਕੀਤਾ ਹੈ! ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਤੁਹਾਡਾ ਵਿਸ਼ਾ ਪੰਜਾਬੀ ਵਾਰਤਕ ਵਿਚ ਅਸਲੋਂ ਨਵਾਂ ਤੇ ਨਿਰਾਲਾ ਹੈ। ਸ਼ੈਲੀ ਵਿਲੱਖਣ ਤੇ ਬੋਲੀ ਮੁਹਾਵਰੇਦਾਰ ਤੇ ਸਿੱਧੀ ਸ਼ਾਦੀ ਹੈ-ਠੇਠ ਮਝੈਲੀ। ਇਸ ਨਵੇਂ ਅਪਣਾਏ ਵਿਸ਼ੇ ਨੂੰ ਆਪ ਨੇ ਬੜੀ ਰੌਚਕਤਾ ਤੇ ਸਫ਼ਲਤਾ ਨਾਲ ਨਿਭਾਇਆ ਹੈ। ਇਸ ਨਵੀਂ ਸਾਹਿਤਕ ਵਿਧਾ ਲਈ ਆਪ ਨੂੰ ਵਧਾਈਆਂ ਭੇਜਦਾ ਹਾਂ।

-ਜਸਵੰਤ ਸਿੰਘ ਵਿਰਕੀ

CoLibrì
COVER SYSTEM ®
Made in Italy
07-09 MIN
8 032919 990075
www.colibrisystem.com



ਬਲਵਿੰਦਰ ਸਿੰਘ ਫ਼ਤਹਿਪੁਰੀ

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-834-7
9788171428342
Rs. 125/-

KO-293-424